# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 1 (ਸਮਾਜ ਵਿਗਿਆਨ) ਸਮੈਸਟਰ ਦੂਜਾ

ਮੀਡੀਅਮ : ਪੰਜਾਬੀ ਯੂਨਿਟ : 2

ਪਾਠ ਨੰ.


2.1 : ਵਿਆਹ ਦੀ ਪਰਿਭਾਸ਼ਾ ਅਤੇ ਕਿਸਮਾਂ

2.2 : ਪਰਿਵਾਰ ਦੀ ਪਰਿਭਾਸ਼ਾ ਅਤੇ ਕਿਸਮਾਂ

2.3 : ਪਰਿਵਾਰ ਦੇ ਕਾਰਜ

2.4 : ਸਾਕਾਦਾਰੀ ਅਤੇ ਇਸਦੇ ਕਾਰਜ

2.5 : ਧਰਮ ਅਤੇ ਇਸਦੇ ਕਾਰਜ

2.6 : ਸਮਾਜਿਕ ਨਿਯੰਤਰਣ

2.7 : ਸਮਾਜਿਕ ਵਿਚਲਣ



**Department website : www.pbidde.org**

ਪਾਠ ਨੰ: **2.1** ਲੇਖਿਕਾ : ਡਾ. ਹਰਿੰਦਰ ਕੌਰ ਸੋਢੀ

# ਵਿਆਹ ਦੀ ਪਰਿਭਾਸ਼ਾ ਅਤੇ ਕਿਸਮਾਂ

## (Marriage - Definition and Types)

**ਬਣਤਰ**

5.1 ਉਦੇਸ਼
5.2 ਜਾਣ ਪਹਿਚਾਣ
5.3 ਵਿਆਹ ਦੀਆਂ ਪਰਿਭਾਸ਼ਾਵਾਂ
5.3.1 ਵਿਆਹ ਦੇ ਮੁੱਖ ਲੱਛਣ
5.3.2 ਵਿਆਹ ਸੰਬਧੀ ਨਿਯਮ
5.3.2.1 ਪਰਿਵਾਰਕ ਕਾਮ-ਪਾਬੰਦੀਆਂ
5.3.2.2 ਬਾਹਰ ਵਿਆਹ
5.3.2.3 ਅੰਤਰ ਵਿਆਹ ਜਾਂ ਸਗੋਤਰ ਵਿਆਹ
5.4 ਮਨੂੰ ਦੁਆਰਾ ਪੇਸ਼ ਵਿਆਹ ਦੀਆਂ ਕਿਸਮਾਂ
5.4.1 ਬ੍ਰਹਮ ਵਿਆਹ
5.4.2 ਦੇਵ ਵਿਆਹ ਜਾਂ ਪ੍ਰੋਹਤ ਨਾਲ ਵਿਆਹ
5.4.3 ਪਰਜਾਪਤ ਵਿਆਹ
5.4.4 ਅਰਸ਼ ਵਿਆਹ
5.4.5 ਅਸੁਰ ਵਿਆਹ
5.4.6 ਗੰਧਰਵ ਵਿਆਹ
5.4.7 ਰਾਖਸ਼ ਵਿਆਹ
5.4.8 ਪਿਸ਼ਾਚ ਵਿਆਹ
5.5 ਵਿਆਹ ਦੀਆਂ ਕਿਸਮਾਂ
5.5.1 ਇਕ ਵਿਆਹ ਪ੍ਰਥਾ
5.5.2 ਬਹੁ-ਵਿਆਹ ਪ੍ਰਥਾ
5.5.2.1 ਬਹੁ-ਪਤਨੀ ਵਿਆਹ ਪ੍ਰਥਾ
5.5.2.1.1 ਦੋ-ਪਤਨੀ ਵਿਆਹ ਪ੍ਰਥਾ
5.5.2.1.2 ਬਹੁ-ਪਤਨੀ ਵਿਆਹ ਪ੍ਰਥਾ
5.5.2.2 ਬਹੁ-ਪਤੀ ਵਿਆਹ ਪ੍ਰਥਾ
5.5.2.2.1 ਭਰਾਤਰੀ ਬਹੁ-ਪਤੀ ਵਿਆਹ
5.5.2.2.2 ਗੈਰ-ਭਰਾਤਰੀ ਬਹੁ-ਪਤੀ ਵਿਆਹ
5.5.2.2.3 ਗਰੁੱਪ-ਵਿਆਹ

5.5.3 ਵਿਆਹ ਦੀਆਂ ਕੁਝ ਹੋਰ ਕਿਸਮਾਂ

*5.5.3.1* ਦੇਵਰ ਵਿਆਹ

*5.5.3.2* ਸਾਲੀ ਵਿਆਹ

5.6 ਸਾਰ

5.7 ਸਵੈ ਮੁਲਾਂਕਣ ਲਈ ਪ੍ਰਸ਼ਨ

5.8 ਅਭਿਆਸ ਲਈ ਪ੍ਰਸ਼ਨ

5.9 ਸੁਝਾਈਆਂ ਪੁਸਤਕਾਂ

**5.1 ਉਦੇਸ਼ (Objectives)**

ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਵਿਦਿਆਰਥੀ ਇਹ ਜਾਨਣ ਦੇ ਯੋਗ ਹੋ ਜਾਣਗੇ ਕਿ :

* ਵਿਆਹ ਦੀ ਸੰਸਥਾ ਦੀ ਕੀ ਮਹੱਤਤਾ ਹੈ ?
* ਵਿਆਹ ਲਈ ਵਰਤੇ ਜਾਂਦੇ ਸਮਾਜਿਕ ਨਿਯਮ ਕੀ ਹਨ ?
* ਵਿਆਹ ਦੀਆਂ ਕਿੰਨੀਆਂ ਕਿਸਮਾਂ ਹਨ ?

**5.2 ਜਾਣ ਪਛਾਣ (Introduction)**

ਵਿਆਹ ਮਨੁੱਖੀ ਸਮਾਜ ਦੀਆਂ ਬੁਨਿਆਦੀ ਸੰਸਥਾਵਾਂ ਵਿਚੋਂ ਇਕ ਮਹੱਤਵਪੂਰਨ ਪ੍ਰਕ੍ਰਿਆ ਹੈ ।ਇਹ ਸਮਾਜ ਦੀਆਂ ਦੋ ਬਹੁਤ ਹੀ ਅਹਿਮ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ । ਇਹ ਕਾਮ ਪ੍ਰਵਿਰਤੀਆਂ ਦੀ ਤਸੱਲੀ ਕਰਵਾਉਂਦੀ ਹੈ ਅਤੇ ਸਮਾਜਿਕ ਉਤਪਾਦਨ ਨਾਲ ਵੀ ਸੰਬੰਧਿਤ ਹੈ । ਇਹਨਾਂ ਬੁਨਿਆਦੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਦੁਨੀਆਂ ਭਰ ਵਿਚ ਅਨੇਕਾਂ ਤੌਰ ਤਰੀਕੇ ਅਪਨਾਏ ਜਾਂਦੇ ਹਨ । ਇਹਨਾਂ ਤੌਰ ਤਰੀਕਿਆਂ ਦੇ ਸੰਸਥਾਈ ਰੂਪ ਨੂੰ ਅਸੀਂ ਮੋਟੇ ਤੌਰ ਤੇ ਵਿਆਹ ਕਹਿ ਸਕਦੇ ਹਾਂ ।

ਵਿਆਹ ਦੀਆਂ ਵਿਅਕਤੀਗਤ ਲੋੜਾਂ ਵੀ ਹਨ ਤੇ ਇਹ ਸਮਾਜਿਕ ਜ਼ਰੂਰਤਾਂ ਨੂੰ ਵੀ ਪੂਰਾ ਕਰਦਾ ਹੈ । ਇਸ ਨਾਲ ਰਿਸ਼ਤੇ ਬਣਦੇ ਹਨ । ਜੀਵਨ ਵਿੱਚ ਬਹੁਤ ਉੱਚਤਮ ਭਾਂਤ ਦਾ ਸਹਾਰਾ ਮਿਲਦਾ ਹੈ । ਇਸ ਨਾਲ ਪਰਿਵਾਰ ਵਧਦਾ ਹੈ । ਜੀਵਨ ਵਿੱਚ ਪ੍ਰਬਲਤਾ ਆਉਂਦੀ ਹੈ ਤੇ ਇਨਸਾਨ ਨੂੰ ਜੀਵਨ ਜਾਂਚ ਆਉਂਦੀ ਹੈ ਤੇ ਸੰਬੰਧ ਬਣਾਉਣੇ ਆਉਂਦੇ ਹਨ ।

ਇਸ ਦੀ ਪਰਿਭਾਸ਼ਾ ਬਨਾਉਣ ਤੋਂ ਪਹਿਲਾਂ ਇਹ ਗੱਲ ਭਲੀ ਭਾਂਤੀ ਸਮਝ ਲੈਣੀ ਚਾਹੀਦੀ ਹੈ ਕਿ ਵਿਆਹ ਇਕ ਇਸ ਪ੍ਰਕਾਰ ਦੀ ਗੁੰਝਲਦਾਰ ਸਥਿਤੀ ਹੈ ਜਿਸ ਨੂੰ ਬਿਆਨ ਕਰਨ ਦੇ ਅਣਗਿਣਤ ਤਰੀਕੇ ਹਨ ਅਤੇ ਕਈ ਵਾਰ ਵਿਅਕਤੀ ਭੰਬਲ ਭੂਸੇ ਵਿੱਚ ਵੀ ਪੈ ਜਾਂਦਾ ਹੈ ।

**5.3 ਵਿਆਹ ਦੀਆਂ ਪਰਿਭਾਸ਼ਾਵਾਂ (Definitions of Marriage)**: ਵੱਖ ਵੱਖ ਵਿਦਵਾਨਾਂ ਨੇ ਵਿਆਹ ਨੂੰ ਸਪੱਸ਼ਟ ਕਰਨ ਵਿੱਚ ਉੱਘੇ ਯਤਨ ਕੀਤੇ ਹਨ । ਪਰ ਇੰਝ ਮਹਿਸੂਸ ਹੁੰਦਾ ਹੈ ਕਿ ਕੋਈ ਪਰਿਭਾਸ਼ਾ ਇਸ ਸੰਕਲਪ ਨੂੰ ਸਾਂਝੇ ਰੂਪ ਵਿਚ ਸਾਰੀ ਦੁਨੀਆਂ ਲਈ ਸਥਾਪਿਤ ਨਹੀਂ ਕਰ ਸਕੀ ।

**ਲੁੰਡਬਰਗ (Lundberg)** ਦੇ ਸ਼ਬਦਾਂ ਵਿੱਚ "ਵਿਆਹ ਵਿੱਚ ਬਹੁਤ ਸਾਰੇ ਅਸੂਲ ਤੇ ਨਿਯਮ ਸਮਾਏ ਹਨ । ਜਿਹੜੇ ਪਤੀ ਪਤਨੀ ਦੇ ਇਕ ਦੂਜੇ ਪ੍ਰਤੀ ਅਧਿਕਾਰਾਂ, ਕਰਤੱਵਾਂ ਅਤੇ ਵਿਸ਼ੇਸ਼-ਅਧਿਕਾਰਾਂ (Privileges) ਦਾ ਵਰਣਨ ਕਰਦੇ ਹਨ ।"

**ਹਰਟਨ ਤੇ ਹੰਟ (Hurton and Hunt)** ਅਨੁਸਾਰ "ਵਿਆਹ ਉਹ ਸਮਾਜ ਪ੍ਰਵਾਨਿਤ ਤਰੀਕਾ ਹੈ ਜਿਸ ਰਾਹੀਂ ਦੋ ਜਾਂ ਦੋ ਤੋਂ ਵੱਧ ਜਣੇ ਪਰਿਵਾਰ ਸਥਾਪਿਤ ਕਰਦੇ ਹਨ ।"

**ਹੋਇਬਲ (Hoebel)** ਦਾ ਸਿਧਾਂਤ ਹੈ ਕਿ "ਵਿਆਹ ਉਹਨਾਂ ਨਿਯਮਾਂ ਦਾ ਇਕ ਗੁੰਝਲਦਾਰ ਸਮੂਹ ਹੈ ਜਿਹੜੇ ਵਿਆਹੁਤਾ ਜੋੜੀ ਦੇ ਆਪਸੀ ਤੇ ਉਹਨਾਂ ਦੇ ਰਿਸ਼ਤੇਦਾਰਾਂ, ਉਲਾਦ ਅਤੇ ਸਮਾਜ ਨਾਲ ਸੰਬੰਧਾਂ ਦਾ ਨਿਰਮਾਣ ਕਰਦੇ ਹਨ ।"

**ਆਰ. ਬਿਉਰੋਜ਼ (R. Burrows)** ਅਨੁਸਾਰ "ਵਿਆਹ ਤੋਂ ਭਾਵ ਹੈ ਸਮਾਜ ਪ੍ਰਵਾਨਿਤ ਸੰਭੋਗ ਪ੍ਰਬੰਧ, ਖਾਸ ਕਰਕੇ ਪਤੀ ਪਤਨੀ ਦੇ ਸੰਬੰਧਾਂ ਦਾ ਸੰਸਥਾਈ ਰੂਪ, ਇਸ ਵਿਚ ਇਸ ਰਿਸ਼ਤੇ ਨੂੰ ਸਥਾਪਿਤ ਕਰਨ ਵਾਲੀਆਂ ਰੀਤ ਰਸਮਾਂ ਵੀ ਸ਼ਾਮਲ ਹਨ ।

**ਲੈਵਿਸ (Lewis)** ਦੇ ਅਨੁਸਾਰ, "ਵਿਆਹ ਜਾਇਜ਼ ਸਾਥੀਆਂ ਵਿੱਚ ਨਿਸਬਤਨ ਪੱਕਾ ਸੰਬੰਧ ਹੈ ।"

**ਬੋਗਾਰਡਸ (Bogardus)** ਦੇ ਅਨੁਸਾਰ, "ਵਿਆਹ ਇਸਤਰੀ ਪੁਰਖ ਨੂੰ ਪਰਿਵਾਰਿਕ ਜੀਵਨ ਵਿੱਚ ਪ੍ਰਵੇਸ਼ ਕਰਵਾਉਣ ਦੀ ਸੰਸਥਾ ਹੈ ।"

ਇਹ ਸਾਰੀਆਂ ਪਰਿਭਾਸ਼ਾਵਾਂ ਆਪਣੇ ਆਪ ਵਿਚ ਮਿਲ ਕੇ ਵੀ ਇਸ ਨੂੰ ਯੋਗ ਢੰਗ ਨਾਲ ਬਿਆਨ ਨਹੀਂ ਕਰ ਸਕਦੀਆਂ । ਸਾਨੂੰ ਇਨ੍ਹਾਂ

ਦਾ ਅਧਿਐਨ ਕਰਨ ਲਈ ਇਸ ਵਿਚਲੇ ਸੰਬੰਧਾਂ ਨੂੰ ਭਲੀ ਭਾਂਤ ਸਮਝਣ ਦੀ ਲੋੜ ਹੋਵੇਗੀ ।

ਆਮ ਬੋਲ ਚਾਲ ਵਿਚ ਸ਼ਬਦ ਵਿਆਹ ਵਿਚ ਦੋ ਵੱਖ-ਵੱਖ ਗੱਲ੍ਹਾਂ ਸ਼ਾਮਲ ਹੁੰਦੀਆਂ ਹਨ । ਇਕ ਤਾਂ ਇਹ ਕਿ ਮਰਦ ਅਤੇ ਔਰਤ ਪਰਿਵਾਰ ਬਣਾਉਣ ਦੇ ਇਰਾਦੇ ਨਾਲ ਇਕੱਠੇ ਰਹਿੰਦੇ ਹਨ । ਦੂਸਰੇ ਇਹ ਕਿ ਵਿਆਹੁਤਾ ਅਤੇ ਦੂਸਰੇ ਤਰੀਕਿਆਂ ਦੇ ਸੰਭੋਗ ਵਿਚਕਾਰ ਕੋਈ ਫ਼ਰਕ ਹੁੰਦਾ । ਕਈ ਸਮਾਜਾਂ ਵਿੱਚ ਵਿਆਹੋਂ-ਪਹਿਲਾਂ, ਕਾਮ ਸੰਬੰਧ ਬਦਚਲਨੀ ਕਹਿਲਾਉਂਦੇ ਹਨ । ਕਈ ਵਾਰੀ ਇਸ ਫ਼ਰਕ ਨੂੰ ਹੀ ਵਿਆਹ ਦੀ ਪਰਿਭਾਸ਼ਾ ਦਾ ਆਧਾਰ ਬਣਾਇਆ ਜਾਂਦਾ ਹੈ ਇਕ ਐਵੇਂ ਕੱਚਾ ਜਿਹਾ ਕਾਮੁਕ ਰਿਸ਼ਤਾ, ਜਿਸ ਵਿਚ ਬੱਚੇ ਜਣਨ ਤੇ ਪਾਲਣ ਦਾ ਇਰਾਦਾ ਸ਼ਾਮਲ ਨਹੀਂ, ਵਿਆਹ ਨਹੀਂ ਅਖਵਾ ਸਕਦਾ । ਵਿਆਹ ਦੀ ਲਗਭਗ ਹਰ ਇਕ ਪਰਿਭਾਸ਼ਾ ਵਿੱਚ ਸੰਭੋਗ ਦੇ ਪ੍ਰਬੰਧ ਵਿਚ ਸਮਾਜ ਵਿਗਿਆਨੀਆਂ ਨੇ ਐਨਾ ਵਖਰੇਵਾਂ ਪਾਇਆ ਕਿ ਵਿਆਹ ਨੂੰ ਇਸ ਆਧਾਰ ਤੇ ਪਰਿਭਾਸ਼ਿਤ ਕਰਨਾ ਲਗਭਗ ਅਸੰਭਵ ਹੋ ਗਿਆ ਹੈ । ਸ਼ਾਇਦ ਇਸੇ ਕਰਕੇ ਅੱਜ ਕੱਲ ਸਮਾਜ ਵਿਗਿਆਨੀ ਵਿਆਹ ਨੂੰ ਅਣ-ਪਰਿਭਾਸ਼ਿਤ ਜਾਂ ਸਿਰਫ਼ ਇਸ਼ਾਰਾ ਮਾਤਰ ਕਰਨ ਵਾਲੇ ਸ਼ਬਦ ਵਜੋਂ ਵਰਤਦੇ ਹਨ, ਜਿਹੜਾ ਕਿ ਇਕ ਵਿਸ਼ੇਸ਼ਤਾ ਜਾਂ ਸੰਸਥਾ ਦੀ ਬਜਾਏ,ਬਹੁਤ ਸਾਰੇ ਨਿਯਮਾਂ ਦੇ ਸਮੂਹ ਵੱਲ ਇਸ਼ਾਰਾ ਕਰਦਾ ਹੈ ।

**5.3.1 ਵਿਆਹ ਦੇ ਮੁੱਖ ਲੱਛਣ (Main Features of Marriage)** : ਵੱਖ-ਵੱਖ ਪਰਿਭਾਸ਼ਾਵਾਂ ਦੇ ਆਧਾਰ ਤੇ ਅਸੀਂ ਇਸ ਦੀਆਂ ਕੁਝ ਵਿਸ਼ੇਸ਼ਤਾਵਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਕਰ ਰਹੇ ਹਾਂ ।

(i) ਇਹ ਸ਼ਾਮਲ ਧਿਰਾਂ ਤੋਂ ਪੈਦਾ ਹੋਈ ਉਲਾਦ ਨੂੰ ਜਾਇਜ਼ ਕਰਾਰ ਦਿੰਦਾ ਹੈ ।

(ii) ਇਹ ਹਰ ਇਕ ਧਿਰ ਨੂੰ ਹੇਠ ਲਿਖੇ ਹੱਕ ਦਿੰਦਾ ਹੈ :

- (ੳ) ਇਕੱਠੇ ਰਹਿਣ ਸਹਿਣ ਦਾ ਹੱਕ
- (ਅ) ਕਾਮ ਸੰਬੰਧੀ ਹੱਕ
- (ੲ) ਕਿਰਤ ਅਤੇ ਘਰੇਲੂ ਸੇਵਾਵਾਂ ਉੱਪਰ ਹੱਕ
- (ਸ) ਸਾਂਝੀ ਜਾਇਦਾਦ ਦਾ ਹੱਕ
- (ਹ) ਇਹ ਰਿਸ਼ਤੇਦਾਰਾਂ ਵਿਚਕਾਰ ਨੇੜਤਾ ਪੈਦਾ ਕਰਦਾ ਹੈ ।
- (ਕ) ਇਹ ਰਿਸ਼ਤੇ ਨੂੰ ਸਮਾਜਿਕ ਰੂਪ ਤੇ ਪ੍ਰਵਾਨਗੀ ਦਿੰਦਾ ਹੈ ।

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਵਿਆਹ ਦੀ ਸੰਸਥਾ ਵੱਖ ਵੱਖ ਅਸੂਲਾਂ ਨੂੰ ਆਪਣੇ ਵਿੱਚ ਸਮਾਈ ਰੱਖਦੀ ਹੈ ਅਤੇ ਇਸਦੇ ਰੂਪਾਂ ਨੂੰ ਕਈ ਕਿਸਮਾਂ ਦੇ ਨਿਯਮ ਨਿਰਧਾਰਿਤ ਕਰਦੇ ਹਨ । ਆਉ ਅਸੀਂ ਇਸ ਸੰਸਥਾ ਦੇ ਰੂਪ ਨੂੰ ਨਿਰਧਾਰਿਤ ਕਰਨ ਵਾਲੇ ਵੱਖ ਵੱਖ ਸਮਾਜਿਕ ਨਿਯਮਾਂ ਤੇ ਇਕ ਸਰਸਰੀ ਝਾਤ ਮਾਰੀਏ ।

**5.3.2 ਵਿਆਹ ਸੰਬੰਧੀ ਨਿਯਮ (Principles Regarding Marriage)** :

ਆਮ ਸਮਾਜਾਂ ਵਿਚ ਕਈ ਰਵਾਇਤਾਂ ਇਸ ਪ੍ਰਕਾਰ ਦੀਆਂ ਬਣਾਈਆਂ ਹੋਈਆਂ ਹਨ ਕਿ ਉਹ ਕੁਝ ਇਕ ਹਾਲਾਤਾਂ ਵਿੱਚ ਵਿਆਹ ਨਹੀਂ ਕਰਦੇ । ਇਨ੍ਹਾਂ ਵਿਚੋਂ ਕਈ ਪਾਬੰਦੀਆਂ ਤਾਂ ਸਰਵਵਿਆਪੀ ਹਨ ਤੇ ਕਈ ਕੁਝ ਸਮਾਜ ਦੁਆਰਾ ਹੀ ਬਣਾਈਆਂ ਗਈਆਂ ਹਨ ।

**5.3.2.1 ਪਰਿਵਾਰਕ ਕਾਮ-ਪਾਬੰਦੀਆਂ (Incest taboos)**

ਪਰਿਵਾਰ ਦੇ ਮੈਂਬਰਾਂ ਜਿਵੇਂ ਮਾਂ-ਪੁੱਤ, ਪਿਉ-ਧੀ ਅਤੇ ਭਾਈ-ਭੈਣ ਦੇ ਆਪਸੀ ਕਾਮੁਕ ਸੰਬੰਧਾਂ ਦੀ ਮਨਾਹੀ ਸਰਵ ਵਿਆਪਕ ਹੈ । ਜਿਸ ਨੂੰ ਸਮਾਜ ਵਿਗਿਆਨੀ ਪਰਿਵਾਰਕ ਕਾਮ-ਪਾਬੰਦੀਆਂ ਜਾਂ ਪਰਿਵਾਰਕ ਲਿੰਗ ਭੋਗ ਪਾਬੰਦੀਆਂ (Incest taboos) ਦੇ ਨਾਂ ਨਾਲ ਪੁਕਾਰਦੇ ਹਨ । ਇਹਨਾਂ ਪਾਬੰਦੀਆਂ ਸਦਕਾ ਪਰਿਵਾਰ ਦੇ ਮੈਂਬਰਾਂ ਨੂੰ ਵਰ-ਚੋਣ ਲਈ ਦੂਸਰੇ ਗਰੁੱਪਾਂ ਨਾਲ ਸੰਬੰਧ ਬਣਾਉਣੇ ਪੈਂਦੇ ਹਨ । ਅਰਥਾਤ ਲੜਕਾ ਹੋਰ ਗਰੁੱਪ ਤੋਂ ਪਤਨੀ ਲਿਆਉਂਦਾ ਹੈ ਤੇ ਲੜਕੀ ਹੋਰ ਗਰੁੱਪ ਵਿਚ ਵਿਆਹੀ ਜਾਂਦੀ ਹੈ ਇਹ ਵਿਆਹ ਦੀ ਸਰਵ ਵਿਆਪਕਤਾ ਦਾ ਆਧਾਰ ਬਣਦੀਆਂ ਹਨ ।

**5.3.2.2 ਬਾਹਰ ਵਿਆਹ (Exogamy)**

ਪਰਿਵਾਰ ਤੋਂ ਇਲਾਵਾ ਬਹੁਤ ਸਾਰੇ ਸਮਾਜਿਕ ਗਰੁੱਪ ਇਕ ਅਜਿਹਾ ਦਾਇਰਾ ਮਿਥ ਲੈਂਦੇ ਹਨ ਜਿਸਦੇ ਅੰਦਰ ਵਿਆਹ ਕਰਨ ਦੀ ਮਨਾਹੀ ਹੁੰਦੀ ਹੈ ।ਜਿਸ ਤਰ੍ਹਾਂ ਆਪਣੇ ਗੋਤ ਅੰਦਰ ਜਾਂ ਆਪਣੇ ਹੀ ਪਿੰਡ ਅੰਦਰ ਵਿਆਹ ਦੀ ਮਨਾਹੀ, ਇਸ ਮਨਾਹੀ ਸਦਕਾ ਇਕ ਗਰੁੱਪ ਬਣ ਜਾਂਦਾ ਹੈ ਜਿਸ ਦੇ ਅੰਦਰ ਵਿਆਹ ਨਹੀਂ ਕੀਤਾ ਜਾ ਸਕਦਾ । ਅਜਿਹੇ ਗਰੁੱਪ ਨੂੰ ਸਮਾਜ ਵਿਗਿਆਨੀ ਬਾਹਰ-ਵਿਆਹ ਇਕਾਈ (Exogamous unit) ਕਹਿੰਦੇ ਹਨ ਅਤੇ ਬਾਹਰ ਵਿਆਹ ਦੀ ਰੀਤ ਨੂੰ ਬਾਹਰੀ ਵਿਆਹ (Exogamy) ਕਹਿੰਦੇ ਹਨ । ਬਾਹਰ ਵਿਆਹ ਦੀਆਂ ਰੀਤਾਂ ਵੀ ਵਰ ਚੋਣ ਤੇ ਅਸਰ ਅੰਦਾਜ਼ ਹੁੰਦੀਆਂ ਹਨ । ਇਹ ਪਾਬੰਦੀ ਸਰਵਵਿਆਪੀ ਨਹੀਂ ਹੁੰਦੀ । ਆਮ ਕਰਕੇ ਹਿੰਦੂ ਮਾਮੇ ਜਾਂ ਮਾਸੀ ਦੀ ਧੀ ਨਾਲ ਵਿਆਹ ਨਹੀਂ ਕਰਦੇ ਤੇ ਮੁਸਲਮਾਨ ਅਜਿਹੀ ਕਿਸੇ ਪਾਬੰਦੀ ਨੂੰ ਨਹੀਂ ਮੰਨਦੇ ।

### 5.3.2.3 ਅੰਤਰ ਵਿਆਹ ਜਾਂ ਸਗੋਤਰ ਵਿਆਹ (Endogamy) :

ਸਮਾਜਿਕ ਗਰੁੱਪ ਦਾ ਅੰਦਰੂਨੀ ਦਾਇਰੇ ਤੋਂ ਇਲਾਵਾ ਇਕ ਅਜਿਹਾ ਬਾਹਰੀ ਦਾਇਰਾ ਜਾਂ ਸਰਹੱਦ ਵੀ ਹੁੰਦੀ ਹੈ ਜਿਸ ਤੋਂ ਬਾਹਰ ਉਹ ਵਿਆਹ ਨਹੀਂ ਕਰਦੇ । ਜਿਵੇਂ ਕਿ ਹਿੰਦੂ ਹਿੰਦੂਆਂ ਅੰਦਰ ਹੀ ਵਿਆਹ ਕਰਦੇ ਹਨ ਤੇ ਮੁਸਲਮਾਨ ਮੁਸਲਮਾਨਾਂ ਵਿਚ ਹੀ ਸ਼ਾਦੀ ਕਰਦੇ ਹਨ ।ਅਜਿਹੇ ਗਰੁੱਪ ਨੂੰ ਜੋ ਆਪਣੇ ਅੰਦਰ ਹੀ ਅੰਦਰ ਵਿਆਹ ਕਰਦਾ ਹੈ, ਸਮਾਜ ਵਿਗਿਆਨੀ ਅੰਤਰ-ਵਿਆਹ ਇਕਾਈ (Endogamous unit) ਕਹਿੰਦੇ ਹਨ ਤੇ ਅੰਤਰ ਵਿਆਹ ਦੀ ਰੀਤ ਨੂੰ ਅੰਤਰ ਵਿਆਹ ਕਹਿੰਦੇ ਹਨ ।ਇਹ ਹੀ ਵਿਆਹ ਅਤੇ ਵਰ-ਚੋਣ ਨੂੰ ਨਿਰਧਾਰਤ ਕਰਦੀ ਹੈ ।

ਪਰ ਕਈ ਵਾਰ ਦਰਜੇ ਵਾਰ ਸਮਾਜਾਂ ਵਿਚ ਇਕ ਅੰਤਰ ਵਿਆਹ ਗਰੁੱਪ ਦਾ ਮੈਂਬਰ ਦੂਜੇ ਅੰਤਰ ਵਿਆਹ ਗਰੁੱਪ ਵਿਚ ਵਿਆਹ ਕਰਵਾ ਲੈਂਦਾ ਹੈ । ਅਜਿਹੀ ਸੂਰਤ ਵਿਚ ਜੇਕਰ ਉੱਚੀ ਕੁਲ ਦਾ ਮਰਦ ਨੀਵੀਂ ਕੁਲ ਦੀ ਔਰਤ ਨਾਲ ਵਿਆਹ ਰਚਾਵੇ ਤਾਂ ਇਹ ਅਨੁਲੋਮਿਤ **(Hypergamous)** ਵਿਆਹ ਅਖਵਾਉਂਦਾ ਹੈ । ਪਰ ਜੇਕਰ ਇਸ ਤੋਂ ਉਲਟ ਉੱਚੀ ਕੁਲ ਦੀ ਔਰਤ ਨੀਵੀਂ ਕੁਲ ਦੇ ਮਰਦ ਨਾਲ ਵਿਆਹ ਕਰਵਾਏ ਤਾਂ ਪ੍ਰਤੀਲੋਮਿਤ **(Hypogamous)** ਵਿਆਹ ਅਖਵਾਉਂਦਾ ਹੈ ।

### 5.4 ਮਨੂੰ ਦੁਆਰਾ ਪੇਸ਼ ਵਿਆਹ ਦੀਆਂ ਕਿਸਮਾਂ(Types of Marriage According to Manu)

ਵੱਖ-ਵੱਖ ਵਿਦਵਾਨਾਂ ਨੇ ਵੱਖ-ਵੱਖ ਆਧਾਰਾਂ ਤੇ ਵਿਆਹ ਦੀਆਂ ਅਨੇਕਾਂ ਕਿਸਮਾਂ ਦਾ ਜ਼ਿਕਰ ਕੀਤਾ ਹੈ । ਮਨੂੰ ਨੇ ਆਪਣੀ ਸਿਮਰਤੀ ਵਿਚ ਅੱਠ ਪ੍ਰਕਾਰ ਦੇ ਵਿਆਹਾਂ ਦਾ ਜ਼ਿਕਰ ਕੀਤਾ ਹੈ । ਭਾਰਤ ਵਿਚ ਇਹ ਸਾਰੇ ਕਿਸਮਾਂ ਦੇ ਵਿਆਹ ਅੱਜ ਵੀ ਕਈ ਕਬੀਲਿਆਂ ਵਿਚ ਕੀਤੇ ਜਾਂਦੇ ਹਨ, ਪਰ ਹੁਣ ਇਨ੍ਹਾਂ ਦਾ ਰਿਵਾਜ ਘੱਟ ਰਿਹਾ ਹੈ ।

### 5.4.1 ਬ੍ਰਹਮ ਵਿਆਹ (Brahma Marriage)

ਇਹ ਵਿਆਹ ਦੀ ਉਹ ਕਿਸਮ ਹੈ ਜਿਸ ਵਿੱਚ ਲੜਕਾ ਅਤੇ ਲੜਕੀ ਦੋਨੋਂ ਪੂਰਨ ਵਿਦਵਾਨ, ਧਾਰਮਿਕ ਅਤੇ ਸੁਸ਼ੀਲ ਹੋਣ ਅਤੇ ਉਨ੍ਹਾਂ ਦਾ ਆਪਸੀ ਖੁਸ਼ੀ ਨਾਲ ਵਿਆਹ ਹੋਵੇ । ਦੋਹਾਂ ਨੇ ਪਹਿਲੇ ਸਾਲ ਸਫ਼ਲਤਾ ਪੂਰਵਕ ਬ੍ਰਹਮਚਾਰੀ ਆਸ਼ਰਮ ਵਿਚੋਂ ਗੁਜ਼ਰੇ ਹੋਣ । ਇਸ ਪ੍ਰਕਾਰ ਦੇ ਵਿਆਹ ਵਿੱਚ ਲੜਕੀ ਦੇ ਮਾਤਾ ਪਿਤਾ ਆਪਣੀ ਖੁਸ਼ੀ ਨਾਲ ਯੋਗ ਵਰ ਨੂੰ ਆਪਣੀ ਲੜਕੀ ਲਈ ਚੁਣਦੇ ਹਨ । ਉਸ ਨੂੰ ਆਪਣੇ ਘਰ ਸੱਦ ਕੇ ਲੜਕੀ ਨੂੰ ਕੱਪੜਿਆਂ ਤੇ ਗਹਿਣਿਆਂ ਨਾਲ ਪੂਰੀ ਤਰ੍ਹਾਂ ਸਜ਼ਾ ਕੇ, ਲਾੜੇ ਨੂੰ ਦਾਨ ਕਰ ਦਿੰਦੇ ਹਨ ।

### 5.4.2 ਦੇਵ ਵਿਆਹ ਜਾਂ ਪ੍ਰੋਹਤ ਨਾਲ ਵਿਆਹ (Dev Marriage)

ਇਸ ਪ੍ਰਕਾਰ ਦੇ ਵਿਆਹ ਵਿੱਚ ਲੜਕੀ ਦੇ ਪਿਤਾ ਦੁਆਰਾ ਇਕ ਯੱਗ ਆਯੋਜਿਤ ਕੀਤਾ ਜਾਂਦਾ ਹੈ ਅਤੇ ਲੜਕੀ ਨੂੰ ਗਹਿਣਿਆਂ ਅਤੇ ਕਪੜਿਆਂ ਆਦਿ ਨਾਲ ਸਜਾ ਕੇ ਉਸ ਪ੍ਰੋਹਿਤ ਨੂੰ ਲੜਕੀ ਦਾਨ ਕਰ ਦਿੰਦਾ ਹੈ, ਜੋ ਯੱਗ ਨੂੰ ਸਹੀ ਢੰਗ ਨਾਲ ਸਫਲਤਾ ਪੂਰਵਕ ਨੇਪਰੇ ਚਾੜ੍ਹਦਾ ਹੈ । ਸੰਖੇਪ ਵਿਚ ਵਿਸ਼ਾਲ ਯੱਗ ਕਰਨ ਪਿੱਛੋਂ ਪ੍ਰੋਹਿਤ ਨੂੰ ਲੜਕੀ ਦਾਨ ਦੇਣਾ ਵੀ ਦੇਵ-ਵਿਆਹ ਹੈ ।

### 5.4.3 ਪਰਜਾਪਤ ਵਿਆਹ (Parjapat Marriage)

ਕੁਝ ਸਮਾਜਿਕ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਵਿਆਹ ਦੀ ਮੂਲ ਕਿਸਮ ਨਹੀਂ । ਇਸ ਨੂੰ ਬਾਅਦ ਵਿਚ ਸ਼ਾਮਲ ਕੀਤਾ ਗਿਆ ਹੈ । ਇਸ ਪ੍ਰਕਾਰ ਦੇ ਵਿਆਹ ਵਿਚ ਪਤੀ-ਪਤਨੀ ਨੂੰ ਵਿਵਹਾਰਕ ਜੀਵਨ ਬਾਰੇ ਇਹ ਉਪਦੇਸ਼ ਦੇ ਕੇ ਕਿ "ਤੁਸੀਂ ਦੋਵੇਂ ਮਿਲ ਕੇ ਪਰਿਵਾਰ ਅਤੇ ਧਰਮ ਦਾ ਪਾਲਣ ਕਰਨਾ ਅਤੇ ਤੁਸੀਂ ਦੋਵੇਂ ਸੁਖੀ ਰਹੋ" ਲੜਕੀ ਦਾ ਪਿਤਾ ਵਰ ਦੀ ਪੂਜਾ ਕਰਕੇ ਦਾਨ ਕਰਦਾ ਹੈ ।

### 5.4.4 ਅਰਸ਼ ਵਿਆਹ (Arsha Marriage)

ਅਰਸ਼ ਵਿਆਹ ਦਾ ਸੰਬੰਧ ਰਿਸ਼ੀ ਸ਼ਬਦ ਤੋਂ ਹੈ । ਰਿਸ਼ੀਆਂ ਦਾ ਬੌਧਿਕ ਅਤੇ ਅਧਿਆਤਮਿਕ ਸ਼ਕਤੀ ਗਿਆਨ ਅਤੇ ਚਰਿੱਤਰ ਦੇ ਲਈ ਸਤਿਕਾਰ ਕੀਤਾ ਜਾਂਦਾ ਹੈ ਅਤੇ ਉਸ ਤੋਂ ਬੁੱਧੀਮਾਨ ਸੰਤਾਨ ਪੈਦਾ ਕਰਨ ਦੀ ਆਸ ਕੀਤੀ ਜਾਂਦੀ ਹੈ, ਜੋ ਕਿ ਪਰਿਵਾਰ ਅਤੇ ਸਮਾਜ ਲਈ ਮਾਣ ਯੋਗ ਹੋਵੇ । ਕਿਉਂਕਿ ਰਿਸ਼ੀ ਜ਼ਿਆਦਾਤਰ ਉਦਾਸੀਨ ਹੁੰਦੇ ਹਨ । ਇਸ ਪ੍ਰਕਾਰ ਵਿਆਹ ਕਰਵਾਉਣ ਦੇ ਚਾਹਵਾਨ ਰਿਸ਼ੀ ਆਪਣੇ ਸੰਭਾਵਿਤ ਸਹੁਰੇ ਨੂੰ ਇਕ ਗਾਂ ਅਤੇ ਬਲਦ ਜਾਂ ਇਨ੍ਹਾਂ ਦੇ ਦੋ ਜੋੜੇ ਦੇ ਕੇ ਆਪਣੀ ਵਿਆਹ ਕਰਵਾਉਣ ਦੀ ਇੱਛਾ ਪ੍ਰਗਟ ਕਰਦੇ ਹਨ । ਅਜਿਹੇ ਵਿਆਹ ਨੂੰ ਅਰਸ਼ ਵਿਆਹ ਕਹਿੰਦੇ ਹਨ ।

### 5.4.5 ਅਸੁਰ ਵਿਆਹ (Asura Marriage)

ਇਸ ਪ੍ਰਕਾਰ ਦੇ ਵਿਆਹ ਆਮ ਤੌਰ ਤੇ ਨੀਵੀਆਂ ਸਮਝੀਆਂ ਜਾਂਦੀਆਂ ਜਾਤਾਂ ਅੰਦਰ ਹੀ ਹੁੰਦੇ ਹਨ । ਇਸ ਪ੍ਰਕਾਰ ਦੇ ਵਿਆਹ ਵਿੱਚ ਵਿਆਹ ਕਰਵਾਉਣ ਦਾ ਇੱਛੁਕ ਵਿਅਕਤੀ ਲੜਕੀ ਦੇ ਬਾਪ ਜਾਂ ਵਾਰਸ ਨੂੰ ਲੜਕੀ ਦਾ ਮੁੱਲ ਚੁਕਾਉਂਦਾ ਹੈ । ਇਸ ਲਈ ਲੜਕੀ ਦਾ ਮੁੱਲ ਵਿਆਹ ਤੋਂ ਪਹਿਲਾਂ ਤਹਿ ਕਰ ਲਿਆ ਜਾਂਦਾ ਹੈ । ਇਸ ਮੁੱਲ ਨੂੰ ਤਾਰੇ ਬਿਨਾ ਵਿਆਹ ਨਹੀਂ ਹੋ ਸਕਦਾ । ਇਸ ਮੁੱਲ ਦੀ ਕੋਈ ਸੀਮਾ ਨਹੀਂ ਹੁੰਦੀ । ਲੜਕੀ ਦਾ ਮੁੱਲ ਲੜਕੀ ਦੇ ਗੁਣਾਂ ਅਤੇ ਯੋਗਤਾਵਾਂ ਅਤੇ ਲੜਕੇ ਦੇ ਪਰਿਵਾਰ, ਸਮਾਜਿਕ ਦਰਜੇ ਤੇ ਆਧਾਰ ਤੇ ਤੈਅ ਕੀਤਾ ਜਾਂਦਾ ਹੈ ।

### 5.4.6 ਗੰਧਰਵ ਵਿਆਹ (Gandharwa Marriage)

ਇਹ ਵਿਆਹ ਲੜਕੀ ਅਤੇ ਲੜਕੇ ਦੇ ਆਪਸੀ ਪਿਆਰ ਦੇ ਸਿੱਟੇ ਵਜੋਂ ਅਤੇ ਦੋਨਾਂ ਦੀ ਇੱਛਾ ਅਨੁਸਾਰ ਹੁੰਦਾ ਹੈ। ਉਹ ਆਪਣੇ ਮਾਤਾ ਪਿਤਾ ਦੀ ਪ੍ਰਵਾਨਗੀ ਤੋਂ ਬਿਨਾਂ ਹੀ ਇਕ ਦੂਜੇ ਨੂੰ ਪਤੀ-ਪਤਨੀ ਵਜੋਂ ਸਵੀਕਾਰ ਕਰ ਲੈਂਦੇ ਹਨ। ਇਸ ਪ੍ਰਕਾਰ ਦੇ ਵਿਆਹ ਵਿਚ ਸਰੀਰਕ ਮੇਲ ਵਿਧੀ-ਪੂਰਵਕ ਵਿਆਹ ਹੋਣ ਤੋਂ ਪਹਿਲਾਂ ਵੀ ਹੋ ਸਕਦਾ ਹੈ। ਪਰੰਤੂ ਉੱਚਿਤ ਵਿਧੀਆਂ ਨੂੰ ਪੂਰਾ ਕਰ ਲੈਣ ਤੋਂ ਬਾਅਦ ਹੀ ਇਸ ਨੂੰ ਸਮਾਜਿਕ ਮਾਨਤਾ ਮਿਲਦੀ ਹੈ। ਕਾਮਸੂਤਰ ਵਿੱਚ ਇਸ ਵਿਆਹ ਨੂੰ ਆਦਰਸ਼ਕ ਵਿਆਹ ਮੰਨਿਆ ਗਿਆ ਹੈ।

### 5.4.7 ਰਾਖਸ਼ ਵਿਆਹ (Rakshasa Marriage)

ਜਦੋਂ ਸਮਾਜ ਵਿਕਸਿਤ ਨਹੀਂ ਸੀ ਤਾਂ ਔਰਤ ਨੂੰ ਜਿੱਤ ਦਾ ਇਨਾਮ ਸਮਝਿਆ ਜਾਂਦਾ ਸੀ। ਲੜਾਈ ਕਰਕੇ, ਪੈਸੇ ਨਾਲ, ਖੋਹ ਕੇ ਜਾਂ ਧੋਖੇ ਨਾਲ ਕਿਸੇ ਲੜਕੀ ਨਾਲ ਵਿਆਹ ਕਰ ਲੈਣ ਨੂੰ ਰਾਖਸ਼ ਵਿਆਹ ਕਿਹਾ ਜਾਂਦਾ ਹੈ।ਇਸ ਪ੍ਰਕਾਰ ਦੇ ਵਿਆਹ ਉਸ ਵਕਤ ਵਧੇਰੇ ਹੁੰਦੇ ਸਨ, ਜਦ ਯੁੱਧ ਦਾ ਮਹੱਤਵ ਵਧੇਰੇ ਹੁੰਦਾ ਸੀ। ਔਰਤਾਂ ਨੂੰ ਲੜਾਈ ਵਿੱਚ ਜਿੱਤਣਾ ਸ਼ਾਨ ਅਤੇ ਗੌਰਵ ਸਮਝਿਆ ਜਾਂਦਾ ਸੀ। ਇਸ ਲਈ ਲੜਕੀ ਵਾਲਿਆਂ ਉੱਪਰ ਹਮਲਾ ਕੀਤਾ ਜਾਂਦਾ ਸੀ ਅਤੇ ਅਤੇ ਜ਼ਬਰਦਸਤੀ ਲੜਕੀ ਨੂੰ ਚੁੱਕ ਕੇ ਵਿਆਹ ਕਰ ਲਿਆ ਜਾਂਦਾ ਸੀ। ਇਸ ਪ੍ਰਕਾਰ ਦੇ ਵਿਆਹ ਵਿੱਚ ਸਹਿਮਤੀ ਦਾ ਕੋਈ ਮਸਲਾ ਹੀ ਨਹੀਂ ਸੀ ਹੁੰਦਾ। ਹੁਣ ਵੀ ਕਈ ਕਬੀਲਿਆਂ ਵਿਚ ਇਹ ਰਸਮ ਡਰਾਮਈ ਢੰਗ ਨਾਲ ਨਿਭਾਈ ਜਾਂਦੀ ਹੈ ਜਿਵੇਂ ਕਿ ਲਾਹੌਲ ਸਪਿਤੀ ਵਿੱਚ। ਉਹ ਅਸਲੀ ਲੜਾਈ ਨਹੀਂ ਕਰਦੇ ਸਗੋਂ ਨਾਟਕ ਵਾਂਗ ਇਸ ਨੂੰ ਅਪਣਾਉਂਦੇ ਹਨ।

### 5.4.8 ਪਿਸ਼ਾਚ ਵਿਆਹ (Paischacha Marriage)

ਸਭ ਤੋਂ ਵੱਧ ਨਿੰਦਣਯੋਗ ਪੈਸ਼ਾਚ ਵਿਆਹ ਹੈ। ਇਸ ਪ੍ਰਕਾਰ ਦੇ ਵਿਆਹ ਵਿਚ ਲੜਕਾ ਮੌਕੇ ਦੀ ਤਾਕ ਵਿਚ ਰਹਿੰਦਾ ਹੈ। ਜਦੋਂ ਕਦੇ ਲੜਕੀ ਇਕੱਲੀ ਸੁੱਤੀ ਹੋਵੇ ਜਾਂ ਕਿਸੇ ਨਸ਼ੇ ਵਿਚ ਬੇਸੁਰਤ ਹੋਵੇ ਤਾਂ ਲੜਕਾ ਮੌਕਾ ਪਾ ਕੇ ਧੋਖੇ ਅਤੇ ਚਲਾਕੀ ਨਾਲ ਉਸ ਨਾਲ ਸੰਭੋਗ ਕਰ ਲੈਂਦਾ ਹੈ। ਇਸ ਵਿਚ ਲੜਕੀ ਜਾਂ ਉਸ ਦੇ ਮਾਤਾ-ਪਿਤਾ ਦੀ ਕੋਈ ਸਹਿਮਤੀ ਨਹੀਂ ਹੁੰਦੀ ਸਗੋਂ ਨਿਰੋਲ ਧੋਖਾ ਹੁੰਦਾ ਹੈ। ਪਰੰਤੂ ਲੜਕੀ ਨਾਲ ਸਰੀਰਿਕ ਸੰਬੰਧ ਸਥਾਪਤ ਹੋ ਜਾਣ ਤੋਂ ਬਾਅਦ ਲੜਕੀ ਦੇ ਮਾਤਾ-ਪਿਤਾ ਉਸ ਲੜਕੇ ਨਾਲ ਆਪਣੀ ਲੜਕੀ ਦੀ ਸ਼ਾਦੀ ਕਰਨ ਲਈ ਸਹਿਮਤ ਹੋ ਜਾਂਦੇ ਹਨ ਅਤੇ ਸਮਾਜ ਵੀ ਉਨ੍ਹਾਂ ਨੂੰ ਸਵੀਕਾਰ ਕਰ ਲੈਂਦਾ ਹੈ ਤਾਂ ਜੋ ਪੁਰਸ਼ ਦੀ ਕਾਮਵਾਸਨਾ ਦਾ ਸ਼ਿਕਾਰ ਹੋਣ ਦੇ ਸਿੱਟੇ ਵੱਜੋਂ ਉਸ ਲੜਕੀ ਦਾ ਜੀਵਨ ਨਸ਼ਟ ਨਾ ਹੋ ਜਾਵੇ। ਇਹ ਰਸਮ ਹਿਮਾਚਲ ਦੇ ਕੁਝ ਕਬੀਲਿਆਂ ਵਿਚ ਹਾਲੇ ਵੀ ਪ੍ਰਚਲਿਤ ਹੈ।

**ਆਪਣਾ ਗਿਆਨ ਪਰਖੋ**

1. ਮਨੂੰ ਵਿਆਹ ਦੀਆਂ ਕੋਈ ਚਾਰ ਕਿਸਮਾਂ ਦਾ ਨਾਮ ਦੱਸੋ।

   ______________________________
   ______________________________
   ______________________________
   ______________________________

2. ਅਰਸ਼ ਵਿਆਹ ਬਾਰੇ ਤਿੰਨ ਲਾਈਨਾਂ ਲਿਖੋ।

   ______________________________
   ______________________________
   ______________________________
   ______________________________

## 5.5 ਮੁੱਖ ਤੌਰ ਤੇ ਵਿਆਹ ਦੀਆਂ ਕਿਸਮਾਂ (Types of Marriage) :

ਭਾਵੇਂ ਸੰਸਾਰ ਭਰ ਵਿਚ ਵਿਆਹ ਦੇ ਅਨੇਕ ਰੂਪ ਅਤੇ ਕਿਸਮਾਂ ਮਿਲਦੀਆਂ ਹਨ ਜਿਨਾਂ ਦੇ ਆਧਾਰ ਆਮ ਕਰਕੇ ਸਥਾਨੀ ਹੁੰਦੇ ਹਨ ਪਰ ਫਿਰ ਵੀ ਅਸੀਂ ਮੁੱਖ ਤੌਰ ਤੇ ਵਿਆਹ ਦੀਆਂ ਦੋ ਕਿਸਮਾਂ ਗਿਣ ਸਕਦੇ ਹਾਂ ਜਿਹਨਾਂ ਦੇ ਅੱਗੇ ਕਈ ਵੱਖਰੇ ਰੂਪ ਮਿਲਦੇ ਹਨ। ਵਿਆਹ ਦੀਆਂ ਪ੍ਰਮੁੱਖ ਕਿਸਮਾਂ ਹੇਠ ਲਿਖੇ ਅਨੁਸਾਰ ਹਨ :

ਵਿਆਹ (Marriage)

ਇਕ ਵਿਆਹ (Monogamy) — ਬਹੁ ਵਿਆਹ (Polygamy)

ਬਹੁ ਵਿਆਹ (Polygamy): ਬਹੁਪਤਨੀ ਵਿਆਹ (Polygyny) — ਬਹੁਪਤੀ ਵਿਆਹ (Polyandry)

ਬਹੁਪਤੀ ਵਿਆਹ (Polyandry): ਭਰਾ ਬਹੁਪਤੀ ਵਿਆਹ (Fraternal Polyandry) — ਗੈਰ-ਭਰਾ ਬਹੁਪਤੀ ਵਿਆਹ (Non-Fraternal Polyandry)

**5.5.1 ਇਕ ਵਿਆਹ (Monogamy)**

**5.5.2 ਬਹੁ ਵਿਆਹ (Polygamy)**

### 5.5.1 ਇਕ ਵਿਆਹ ਪ੍ਰਥਾ (Monogamy)

ਵਿਆਹ ਦੇ ਇਸ ਰੂਪ ਅਨੁਸਾਰ ਇਕੋ ਸਮੇਂ ਇਕ ਪਤੀ ਇਕ ਪਤਨੀ ਨਾਲ ਹੀ ਵਿਆਹ ਕਰਵਾ ਸਕਦਾ ਹੈ। ਵਿਆਹ ਦਾ ਇਹ ਰੂਪ ਸੰਸਾਰ ਵਿਚ ਆਮ ਪ੍ਰਚਲਿਤ ਹੈ। ਲਗਭਗ ਸਾਰੇ ਆਧੁਨਿਕ ਸਮਾਜਾਂ ਵਿਚ ਵਿਆਹ ਦੇ ਇਸ ਰੂਪ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਹ ਸਪੱਸ਼ਟ ਤੌਰ ਤੇ ਪਤੀ ਅਤੇ ਪਤਨੀ ਨੂੰ ਦੂਸਰੇ ਵਿਆਹ ਤੋਂ ਰੋਕਦਾ ਹੈ। ਭਾਰਤ ਵਿਚ ਇਸ ਕਿਸਮ ਦੇ ਵਿਆਹ ਨੂੰ ਸਤਿਕਾਰਿਆ ਜਾਂਦਾ ਹੈ।

I **ਇਕ ਵਿਆਹ ਦੇ ਕਾਰਣ (Causes of Monogamy)** : ਇਕ ਵਿਆਹ ਦੇ ਹੇਠ ਲਿਖੇ ਕਾਰਣ ਹਨ :-

(ੳ) ਇਕ ਤੋਂ ਜਿਆਦਾ ਪਤੀ ਜਾਂ ਪਤਨੀ ਰੱਖਣ ਵਿੱਚ ਕਈ ਮੁਸ਼ਕਿਲਾਂ ਆਉਂਦੀਆਂ ਹਨ।

(ਅ) ਆਰਥਿਕ ਕਠਿਨਾਈ ਕਰਕੇ ਵੀ ਪਤੀ ਵਾਸਤੇ ਮੁਸ਼ਕਿਲ ਹੋ ਜਾਂਦੀ ਹੈ ਕਿ ਉਹ ਇਕ ਤੋਂ ਵੱਧ ਪਤਨੀਆਂ ਨੂੰ ਖ਼ਰਚ ਦੇਵੇ।

(ੲ) ਸੰਸਾਰ ਵਿੱਚ ਇਸਤਰੀ ਤੇ ਪੁਰਖਾਂ ਦੀ ਜਨਸੰਖਿਆ ਦੀ ਬਰਾਬਰੀ ਹੋਣ ਕਰਕੇ ਇਕ ਵਿਆਹ ਦੀ ਪ੍ਰਥਾ ਉਚਿਤ ਤੇ ਨਿਆਂ ਯੋਗ ਹੈ।

(ਸ) ਸਾਡੇ ਸਮਾਜਿਕ ਨਿਯਮ ਤੇ ਕਾਨੂੰਨ ਵੀ ਇਕ ਵਿਆਹ ਨੂੰ ਹੀ ਸਮਾਜ ਲਈ ਜ਼ਰੂਰੀ ਮੰਨਦੇ ਹਨ।

II **ਇਕ ਵਿਆਹ ਦੇ ਲਾਭ (Advantages of Monogamy)** : ਇਕ ਵਿਆਹ ਦੇ ਹੇਠ ਲਿਖੇ ਲਾਭ ਹਨ :-

(ੳ) ਇਕ ਵਿਆਹ ਨਾਲ ਬੱਚਿਆਂ ਦੇ ਵਿਅਕਤਿਤਵ ਦਾ ਸਰਵ-ਪੱਖੀ ਵਿਕਾਸ ਹੁੰਦਾ ਹੈ।

(ਅ) ਇਕ ਵਿਆਹ ਨਾਲ ਬਣਨ ਵਾਲੇ ਪਰਿਵਾਰ ਵਧੇਰੇ ਸਥਾਈ ਤੇ ਸਥਿਰ ਹੁੰਦੇ ਹਨ।

(ੲ) ਇਕ ਵਿਆਹ ਨਾਲ ਜੀਵਨ ਦਾ ਪੱਧਰ ਉੱਚਾ ਰਹਿੰਦਾ ਹੈ।

(ਸ) ਇਕ ਵਿਆਹ ਸਮਾਜਿਕ ਏਕਤਾ ਵਿੱਚ ਵੀ ਸਹਾਇਕ ਹੁੰਦਾ ਹੈ।

(ਹ) ਇਕ ਵਿਆਹ ਨਾਲ ਪਰਿਵਾਰ ਵਿੱਚ ਬੱਚਿਆਂ ਦੀ ਸੰਖਿਆ ਸੀਮਿਤ ਰਹਿੰਦੀ ਹੈ।

(ਕ) ਇਕ ਵਿਆਹ ਨਾਲ ਪਰਿਵਾਰ ਦਾ ਮਾਹੌਲ ਪ੍ਰੇਮ ਅਤੇ ਸ਼ਾਂਤੀ ਭਰਿਆ ਰਹਿੰਦਾ ਹੈ।

III **ਇਕ ਵਿਆਹ ਦੀਆਂ ਹਾਨੀਆਂ (Disadvantages of Monogamy)** : ਇਕ ਵਿਆਹ ਦੀਆਂ ਹੇਠ ਲਿਖੀਆਂ ਹਾਨੀਆਂ ਹਨ :-

(ੳ) ਕਈ ਵਿਚਾਰਕਾਂ ਦਾ ਕਹਿਣਾ ਹੈ ਕਿ ਇਕ ਵਿਆਹ ਗੈਰ-ਕੁਦਰਤੀ ਹੈ ਕਿਉਂਕਿ ਇਹ ਸਮਾਜ ਦੁਆਰਾ ਠੋਸਿਆ ਜਾਂਦਾ ਹੈ।

(ਅ) ਪਰਿਵਾਰਿਕ ਮੁਸ਼ਕਿਲਾਂ ਵਿੱਚ ਇਕ ਵਿਆਹ ਸਹਾਈ ਨਹੀਂ ਹੁੰਦਾ।

(ੲ) ਇਕ ਵਿਆਹ ਨਾਲ ਕਈ ਵਾਰ ਇਸਤਰੀਆਂ ਦਾ ਸ਼ੋਸ਼ਣ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।

### 5.5.2 ਬਹੁ ਵਿਆਹ ਪ੍ਰਥਾ (Polygamy)

ਬਹੁ-ਵਿਆਹ ਪ੍ਰਥਾ ਤੋਂ ਭਾਵ ਹੈ ਕਿ ਇਕੋ ਸਮੇਂ ਇਕ ਪਤੀ ਜਾਂ ਪਤਨੀ ਕਈ ਪਤਨੀਆਂ ਜਾਂ ਪਤੀਆਂ ਨਾਲ ਵਿਆਹ ਕਰਵਾ ਸਕਦੇ ਹਨ। ਵਿਆਹ ਦੀ ਇਸ ਕਿਸਮ ਦੇ ਕਈ ਰੂਪ ਪ੍ਰਚਲਿਤ ਹਨ। ਜਿਸ ਤਰ੍ਹਾਂ :-

**5.5.2.1 ਬਹੁ-ਪਤਨੀ ਵਿਆਹ ਪ੍ਰਥਾ (Polygyny)**

ਵਿਆਹ ਦੇ ਇਸ ਰੂਪ ਅਨੁਸਾਰ ਇਕ ਪਤੀ ਇਕੋ ਹੀ ਸਮੇਂ ਕਈ ਪਤਨੀਆਂ ਨਾਲ ਵਿਆਹ ਕਰਵਾ ਸਕਦਾ ਹੈ ।ਜਿਸ ਤਰ੍ਹਾਂ ਅਕਸਰ ਮੁਸਲਿਮ ਸਮਾਜਾਂ ਵਿਚ ਇਹ ਪ੍ਰਥਾ ਪਾਈ ਜਾਂਦੀ ਹੈ । ਪੁਰਾਣੇ ਸਮੇਂ ਵਿੱਚ ਵਿਆਹ ਦੀ ਇਹ ਪ੍ਰਥਾ ਪ੍ਰਚਲਿਤ ਸੀ, ਪਰ ਹੁਣ ਕਾਫ਼ੀ ਘੱਟ ਗਈ ਹੈ । ਵਿਆਹ ਦੀ ਇਸ ਕਿਸਮ ਨੂੰ ਅੱਗੇ ਦੋ ਹੋਰ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ :

**5.5.2.1.1 ਦੋ-ਪਤਨੀ ਵਿਆਹ-ਪ੍ਰਥਾ (Biogamy):** ਇਸ ਕਿਸਮ ਅਨੁਸਾਰ ਇਕ ਮਰਦ ਇਕੋ ਸਮੇਂ ਦੋ ਪਤਨੀਆਂ ਨਾਲ ਵਿਆਹ ਕਰਵਾ ਸਕਦਾ ਹੈ ।

**5.5.2.1.2 ਬਹੁ-ਪਤਨੀ ਵਿਆਹ ਪ੍ਰਥਾ (Polygyny) :** ਇਸ ਰੂਪ ਅਨੁਸਾਰ ਇਕ ਪਤੀ ਇਕੋ ਸਮੇਂ ਕਈ ਪਤਨੀਆਂ ਨਾਲ ਵਿਆਹ ਕਰਵਾ ਸਕਦਾ ਹੈ । ਵਿਆਹ ਦਾ ਇਹ ਰੂਪ ਆਮ ਤੌਰ ਤੇ ਅਰਬ ਦੇਸ਼ਾਂ ਦੇ ਮੁਸਲਿਮ ਸਮਾਜਾਂ ਵਿਚ ਹੀ ਅਕਸਰ ਪਾਇਆ ਜਾਂਦਾ ਹੈ । ਅਫ਼ਰੀਕਾ ਵਿੱਚ ਬਗੰਡਾ ਜਨਜਾਤੀ ਵਿੱਚ ਰੁਤਬੇ ਅਨੁਸਾਰ ਕਈ ਪਤਨੀਆਂ ਰੱਖਣ ਦਾ ਅਧਿਕਾਰ ਪ੍ਰਾਪਤ ਹੈ ।

**(i) ਬਹੁਪਤਨੀ ਵਿਆਹ ਦੇ ਕਾਰਣ (Causes of Polygyny)** : ਬਹੁਪਤਨੀ ਵਿਆਹ ਦੇ ਹੇਠ ਲਿਖੇ ਕਾਰਣ ਹਨ :

(ੳ) ਵਧੇਰੇ ਪਤਨੀਆਂ ਦਾ ਸਮਾਜਿਕ ਰੁਤਬੇ ਦਾ ਪ੍ਰਤੀਕ ਹੋਣਾ ।

(ਅ) ਆਰਥਿਕ ਕਾਰਣਾਂ ਕਰਕੇ ਵਧੇਰੇ ਪਤਨੀਆਂ ਰੱਖਣਾ ।

(ੲ) ਕਾਮ ਭਾਵਨਾ ਦੇ ਕਾਰਨ ਬਹੁਪਤਨੀਆਂ ਰੱਖਣਾ ।

(ਸ) ਪੁੱਤਰ ਪ੍ਰਾਪਤੀ ਦੇ ਉਦੇਸ਼ ਲਈ ਦੂਜੀ ਇਸਤਰੀ ਨਾਲ ਵਿਆਹ ਕਰਵਾਉਣਾ ।

**(ii) ਬਹੁਪਤਨੀ ਵਿਆਹ ਦੇ ਲਾਭ (Advantages of Polygyny)** : ਬਹੁਪਤਨੀ ਵਿਆਹ ਦੇ ਹੇਠ ਲਿਖੇ ਲਾਭ ਹਨ :

(ੳ) ਮਾਤਾਵਾਂ ਨੂੰ ਬੱਚਿਆਂ ਦੀ ਦੇਖ-ਭਾਲ ਕਰਨ ਦਾ ਕਾਫ਼ੀ ਸਮਾਂ ਮਿਲ ਜਾਂਦਾ ਹੈ ।

(ਅ) ਜ਼ਿਆਦਾ ਇਸਤਰੀਆਂ ਹੋਣ ਕਾਰਣ ਕੰਮਾਂ ਵਿੱਚ ਹੱਥ ਵਟਾ ਸਕਦੀਆਂ ਹਨ ।

(ੲ) ਅਨੈਤਿਕ ਸੰਬੰਧਾਂ ਤੇ ਕਾਬੂ ਪਾਇਆ ਜਾ ਸਕਦਾ ਹੈ ।

**(iii) ਬਹੁਪਤਨੀ ਵਿਆਹ ਦੀਆਂ ਹਾਨੀਆਂ (Demerits of Polygyny)** : ਬਹੁਪਤਨੀ ਵਿਆਹ ਦੀਆਂ ਹੇਠ ਲਿਖੀਆਂ ਹਾਨੀਆਂ ਹਨ :

(ੳ) ਆਪਸੀ ਈਰਖਾ ਤੇ ਸੰਘਰਸ਼ ਕਾਰਨ ਪਰਿਵਾਰਿਕ ਕਲੇਸ਼ ਵੱਧ ਜਾਂਦੇ ਹਨ ।

(ਅ) ਅਨੇਕਾਂ ਸੰਤਾਨਾਂ ਦੇ ਪਾਲਣ ਪੋਸ਼ਣ ਨਾਲ ਵਿਅਕਤੀ ਤੇ ਆਰਥਿਕ ਭਾਰ ਵੱਧ ਜਾਂਦਾ ਹੈ ।

(ੲ) ਇਸਤਰੀਆਂ ਦੀ ਸਮਾਜਿਕ ਸਥਿਤੀ ਬਹੁਤ ਨੀਵੀਂ ਹੋ ਜਾਂਦੀ ਹੈ ਤੇ ਉਨ੍ਹਾਂ ਦਾ ਸ਼ੋਸ਼ਣ ਹੁੰਦਾ ਹੈ ।

**5.5.2.2 ਬਹੁ-ਪਤੀ ਵਿਆਹ ਪ੍ਰਥਾ (Polyandry)**

ਵਿਆਹ ਦੀ ਇਸ ਕਿਸਮ ਅਨੁਸਾਰ ਇਕ ਪਤਨੀ ਇਕੋ ਸਮੇਂ ਕਈ ਪਤੀਆਂ ਨਾਲ ਵਿਆਹ ਕਰ ਸਕਦੀ ਹੈ । ਵਿਆਹ ਦੀ ਇਸ ਕਿਸਮ ਦੇ ਅੱਗੇ ਕਈ ਹੋਰ ਰੂਪ ਵੀ ਮਿਲਦੇ ਹਨ :

**5.5.2.2.1 ਭਰਾਤਰੀ ਬਹੁ-ਪਤੀ ਵਿਆਹ (Fraternal Polyandry) :** ਵਿਆਹ ਦੇ ਇਸ ਰੂਪ ਅਨੁਸਾਰ, ਔਰਤ ਦੇ ਹੋਣ ਵਾਲੇ ਪਤੀ ਆਪਸ ਵਿਚ ਸਕੇ ਭਰਾ ਹੀ ਹੁੰਦੇ ਹਨ । ਜਿਸ ਤਰ੍ਹਾਂ ਮਹਾਂ ਭਾਰਤ ਦੀ ਕਥਾ ਵਿਚ ਦਰੋਪਤੀ ਦੇ ਪੰਜੇ ਹੀ ਪਤੀ ਆਪਸ ਵਿੱਚ ਭਰਾ ਸਨ । ਇਸੇ ਲਈ ਵਿਆਹ ਦੀ ਇਸ ਕਿਸਮ ਨੂੰ ਭਰਾਤਰੀ ਬਹੁ-ਪਤੀ ਵਿਆਹ ਪ੍ਰਥਾ ਕਿਹਾ ਜਾਂਦਾ ਹੈ ।

ਹਿਮਾਚਲ ਵਿਚ ਕਿਨੌਰ ਜ਼ਿਲੇ ਵਿਚ ਇਸ ਪ੍ਰਕਾਰ ਦਾ ਵਿਆਹ ਪ੍ਰਚਲਿਤ ਹੈ । ਖੇਤੀ ਲਈ ਜ਼ਮੀਨ ਦੀ ਘਾਟ ਦੇ ਕਾਰਨ ਇਹ ਹੋਂਦ ਵਿੱਚ ਆਇਆ ਦੱਸਿਆ ਜਾਂਦਾ ਹੈ ।

**5.5.2.2.2 ਗੈਰ-ਭਰਾਤਰੀ ਬਹੁ-ਪਤੀ ਵਿਆਹ (Nonfraternal Polyandry) :** ਵਿਆਹ ਦੀ ਇਸ ਕਿਸਮ ਅਨੁਸਾਰ, ਔਰਤ ਦੇ ਹੋਣ ਵਾਲੇ ਪਤੀਆਂ ਦਾ ਆਪਸ ਵਿਚ ਸੰਬੰਧੀ ਹੋਣਾ ਕੋਈ ਜ਼ਰੂਰੀ ਨਹੀਂ । ਉਹ ਵੱਖ ਵੱਖ ਪਰਿਵਾਰਾਂ ਅਤੇ ਇਲਾਕਿਆਂ ਨਾਲ ਸੰਬੰਧਤ ਹੋ ਸਕਦੇ ਹਨ । ਅਜਿਹੀ ਪ੍ਰਥਾ ਆਮ ਤੌਰ ਤੇ ਦੱਖਣੀ ਭਾਰਤ ਦੇ ਨਾਇਕ ਕਬੀਲੇ ਵਿਚ ਪਾਈ ਜਾਂਦੀ ਹੈ ਨਿਲਗਿਰੀ ਪਹਾੜੀਆਂ ਦੀ ਟੌਡਾ ਜਨਜਾਤੀ ਵਿੱਚ ਇਹ ਪ੍ਰਥਾ ਪਾਈ ਜਾਂਦੀ ਹੈ ।

**5.5.2.2.3 ਗਰੁੱਪ-ਵਿਆਹ (Group Marriage) :** ਅਜਿਹੀ ਵਿਆਹ ਪ੍ਰਥਾ ਆਮ ਤੌਰ ਤੇ ਕਈ ਭੈਣਾਂ ਦਾ ਵਿਆਹ ਕਈ ਭਰਾਵਾਂ ਨਾਲ ਸਮੂਹਿਕ ਤੌਰ ਤੇ ਹੀ ਕਰ ਦਿੱਤਾ ਜਾਂਦਾ ਹੈ । ਵਿਆਹ ਦਾ ਇਹ ਰੂਪ ਅੱਜ ਕੱਲ੍ਹ ਘੱਟ ਹੀ ਕਿਧਰੇ ਪਾਇਆ ਜਾਂਦਾ ਹੈ । ਕਿਉਂਕਿ ਇਸ ਵਿਚ

ਪਤਨੀਆਂ ਦੇ ਇਕ ਗਰੁੱਪ ਦਾ ਪਤੀਆਂ ਦੇ ਇਕ ਗਰੁੱਪ ਨਾਲ ਵਿਆਹ ਕਰ ਦਿੱਤਾ ਜਾਂਦਾ ਹੇ, ਇਸ ਲਈ ਇਸ ਨੂੰ ਗਰੁੱਪ ਵਿਆਹ ਦਾ ਨਾਂ ਦਿੱਤਾ ਗਿਆ ਹੈ। ਕਈ ਵਾਰੀ ਪਤੀ, ਪਤਨੀ ਦੇ ਜਿਉਂਦਿਆਂ ਹੀ ਉਸ ਦੀਆਂ ਭੈਣਾਂ ਨਾਲ ਕਾਮੁਕ ਸੰਬੰਧ ਪੈਦਾ ਕਰ ਲੈਂਦਾ ਹੈ। ਅਜਿਹੀ ਸੂਰਤ ਵਿਚ ਕੀਤੇ ਗਏ ਵਿਆਹ ਨੂੰ ਇਕੱਠਾ ਸਾਲੀ ਵਿਆਹ (Simultaneous sororate) ਕਹਿ ਦਿੱਤਾ ਜਾਂਦਾ ਹੈ।

**(i) ਬਹੁਪਤੀ ਵਿਆਹ ਦੇ ਕਾਰਣ (Causes of Polyandry)** : ਬਹੁਪਤੀ ਵਿਆਹ ਦੇ ਹੇਠ ਲਿਖੇ ਕਾਰਣ ਹਨ :

(ੳ) ਪੁਰਖਾਂ ਦੀ ਗਿਣਤੀ ਇਸਤਰੀਆਂ ਦੇ ਮੁਕਾਬਲੇ ਜ਼ਿਆਦਾ ਹੋਣ ਕਰਕੇ ਇਹ ਪ੍ਰਥਾ ਪ੍ਰਚਲਿਤ ਹੈ।

(ਅ) ਕਈ ਇਲਾਕਿਆਂ ਵਿੱਚ ਜਨਜਾਤਾਂ ਅਜਿਹੇ ਥਾਵਾਂ ਤੇ ਨਿਵਾਸ ਕਰਦੀਆਂ ਹਨ ਕਿ ਇਕ ਵਿਅਕਤੀ ਲਈ ਸੁਤੰਤਰ ਰੂਪ ਵਿੱਚ ਪਤਨੀ ਤੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨਾ ਸੌਖਾ ਨਹੀਂ ਹੁੰਦਾ ਤਾਂ ਉਥੇ ਵੀ ਇਹ ਪ੍ਰਥਾ ਪ੍ਰਚਲਿਤ ਹੈ।

(ੲ) ਗਰੀਬੀ ਵੀ ਬਹੁਪਤੀ ਵਿਆਹ ਦਾ ਕਾਰਣ ਹੈ।

(ਸ) ਇਸਤਰੀ ਤੇ ਬੱਚਿਆਂ ਦੀ ਸੁਰੱਖਿਆ ਵੀ ਬਹੁਪਤੀ ਪ੍ਰਥਾ ਲਈ ਜ਼ਿੰਮੇਵਾਰ ਹਨ।

(ਹ) ਸੰਯੁਕਤ ਪਰਿਵਾਰ ਨੂੰ ਮਜ਼ਬੂਤ ਬਣਾਉਣ ਲਈ ਵੀ ਇਹ ਪ੍ਰਥਾ ਪ੍ਰਚਲਿਤ ਹੈ।

(ਕ) ਵਸੋਂ ਨੂੰ ਸੀਮਿਤ ਕਰਨ ਲਈ ਵੀ ਇਹ ਪ੍ਰਥਾ ਜ਼ਿੰਮੇਵਾਰ ਹੈ।

**(ii) ਬਹੁਪਤੀ ਵਿਆਹ ਦੇ ਲਾਭ (Advantages of Polyandry)** : ਬਹੁਪਤੀ ਵਿਆਹ ਦੇ ਹੇਠ ਲਿਖੇ ਲਾਭ ਹਨ :

(ੳ) ਬਹੁਪਤੀ ਵਿਆਹ ਦੇ ਕਾਰਣ ਸੰਪਤੀ ਦੀ ਵੰਡ ਨਹੀਂ ਹੁੰਦੀ।

(ਅ) ਬਹੁਪਤੀ ਵਿਆਹ ਦੇ ਕਾਰਣ ਵਸੋਂ ਸੀਮਿਤ ਰਹਿੰਦੀ ਹੈ।

(ੲ) ਬਹੁਪਤੀ ਵਿਆਹ ਦੇ ਕਾਰਣ ਗਰੀਬੀ ਨੂੰ ਵੀ ਦੂਰ ਕਰਨ ਵਿੱਚ ਸਹਾਇਤਾ ਮਿਲਦੀ ਹੈ।

(ਸ) ਬਹੁਪਤੀ ਪਰਿਵਾਰ ਵਿੱਚ ਸਹਿਯੋਗ ਦੀ ਭਾਵਨਾ ਬਣੀ ਰਹਿੰਦੀ ਹੈ।

**(iii) ਬਹੁਪਤੀ ਵਿਆਹ ਦੀਆਂ ਹਾਨੀਆਂ (Demerits of Polyandry)** : ਬਹੁਪਤੀ ਵਿਆਹ ਦੀਆਂ ਹੇਠ ਲਿਖੀਆਂ ਹਾਨੀਆਂ ਹਨ :

(ੳ) ਬਹੁਪਤੀ ਵਿਆਹ ਵਿੱਚ ਇਸਤਰੀਆਂ ਵਿੱਚ ਬਾਂਝਪਨ ਦਾ ਰੋਗ ਵਧੇਰੇ ਹੁੰਦਾ ਹੈ।

(ਅ) ਬਹੁਪਤੀ ਵਿਆਹ ਦਾ ਸਿਧਾਂਤ ਬੱਚਿਆਂ ਤੇ ਮਾੜਾ ਅਸਰ ਪਾਉਂਦਾ ਹੈ।

(ੲ) ਬਹੁਪਤੀ ਵਿਆਹ ਦੀ ਪ੍ਰਥਾ ਗੈਰ-ਕੁਦਰਤੀ ਹੈ।

(ਸ) ਇਸ ਪ੍ਰਥਾ ਨਾਲ ਇਸਤਰੀਆਂ ਦੀ ਸਿਹਤ ਤੇ ਮਾੜਾ ਅਸਰ ਪੈਂਦਾ ਹੈ।

(ਹ) ਇਸ ਨਾਲ ਸੰਤਾਨ ਦੀ ਗਿਣਤੀ ਵਿੱਚ ਕਮੀ ਆਉਂਦੀ ਹੈ।

(ਕ) ਇਸ ਪ੍ਰਥਾ ਤਲਾਕ ਲੈਣ ਦੀ ਮਾਤਰਾ ਵਧਾਉਣ ਵਿੱਚ ਸਹਾਇਕ ਹੈ।

### 5.5.3 ਵਿਆਹ ਦੀਆਂ ਕੁਝ ਹੋਰ ਕਿਸਮਾਂ (Types of Marriage)

ਉਪਰੋਕਤ ਕਿਸਮਾਂ ਤੋਂ ਇਲਾਵਾ ਵਿਆਹ ਦੇ ਕੁਝ ਹੇਠ ਲਿਖੇ ਰੂਪ ਵੀ ਮਿਲਦੇ ਹਨ :

#### 5.5.3.1 ਦੇਵਰ ਵਿਆਹ (Levirate)

ਜਦੋਂ ਔਰਤ ਆਪਣੇ ਪਤੀ ਦੇ ਭਰਾ ਨਾਲ ਵਿਆਹ ਕਰਵਾਉਂਦੀ ਹੈ ਤਾਂ ਇਸ ਨੂੰ ਦੇਵਰ ਵਿਆਹ (Levirate) ਕਿਹਾ ਜਾਂਦਾ ਹੈ। ਆਮ ਤੌਰ ਤੇ ਅਜਿਹੇ ਵਿਆਹ ਪਤੀ ਦੀ ਮੌਤ ਤੋਂ ਬਾਅਦ ਕੀਤੇ ਜਾਂਦੇ ਹਨ। ਇਸ ਵਿਆਹ ਦੇ ਰੂਪ ਨੂੰ ਵੀ ਅੱਗੇ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਜੇ ਕਰ ਵਰ ਪਤੀ ਤੋਂ ਛੋਟਾ ਭਰਾ ਹੋਵੇ ਤਾਂ ਇਹ **(Junior levirate)** ਅਰਥਾਤ ਦੇਵਰ ਵਿਆਹ ਅਖਵਾਉਂਦਾ ਹੈ। ਜੇਕਰ ਵਰ ਪਤੀ ਦਾ ਵੱਡਾ ਭਰਾ ਹੋਵੇ ਤਾਂ ਇਹ **(Senior levirate)** ਅਰਥਾਤ ਜੇਠ ਵਿਆਹ ਅਖਵਾਉਂਦਾ ਹੈ।

#### 5.5.3.2 ਸਾਲੀ ਵਿਆਹ (Sororate)

ਵਿਆਹ ਦੀ ਇਸ ਪ੍ਰਥਾ ਅਨੁਸਾਰ ਪਤੀ ਆਪਣੀ ਪਤਨੀ ਦੀ ਭੈਣ ਅਰਥਾਤ ਸਾਲੀ ਨਾਲ ਵਿਆਹ ਕਰਵਾ ਸਕਦਾ ਹੈ।ਆਮ ਤੌਰ ਤੇ ਜੇ ਕਰ ਪਤਨੀ ਮਰ ਜਾਵੇ ਤਾ ਪਤੀ ਉਸ ਦੀ ਭੈਣ ਨਾਲ ਵਿਆਹ ਕਰਵਾ ਲੈਂਦਾ ਹੈ ਅਜਿਹੇ ਵਿਆਹ ਨੂੰ ਸੀਮਿਤ ਸਾਲੀ-ਵਿਆਹ (Restricted Sororate Marriage) ਕਿਹਾ ਜਾਂਦਾ ਹੈ। ਕਈ ਵਾਰ ਪਤੀ, ਪਤਨੀ ਦੇ ਜਿਉਂਦਿਆਂ ਹੀ ਉਸ ਦੀਆਂ ਭੈਣਾਂ ਨਾਲ ਕਾਮੁਕ ਸੰਬੰਧ ਪੈਦਾ ਕਰ ਲੈਂਦਾ ਹੈ। ਅਜਿਹੀ ਸੂਰਤ ਵਿਚ ਕੀਤੇ ਗਏ ਵਿਆਹ ਨੂੰ ਇਕੱਠ ਸਾਲੀ-ਵਿਆਹ (Simultaneous Sororate Marriage) ਕਿਹਾ ਜਾਂਦਾ ਹੈ।

### 5.6 ਸਾਰ (Summary)

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੈ ਕਿ ਵਿਆਹ ਮਨੁੱਖੀ ਸਮਾਜ ਦੀ ਇਕ ਬੁਨਿਆਦੀ ਅਤੇ ਅਹਿਮ ਸੰਸਥਾ ਹੈ। ਮਨੁੱਖੀ ਸਮਾਜ ਦੇ

ਵਿਕਾਸ ਵਿੱਚ ਇਸ ਦਾ ਰੋਲ ਇਸ ਕਰਕੇ ਬਹੁਤ ਹੀ ਮਹੱਤਵਪੂਰਣ ਹੈ ਕਿ ਵੱਖੋ ਵੱਖ ਸਮਾਜਿਕ ਗਰੁੱਪਾਂ ਨੂੰ ਇਕ ਦੂਸਰੇ ਨਾਲ ਔਰਤ ਦੇ ਵਟਾਂਦਰੇ ਲਈ ਬੰਨ ਦਿੰਦਾ ਹੈ। ਇਸ ਤੋਂ ਇਲਾਵਾ ਇਹ ਸਮਾਜਿਕ ਜਥੇਬੰਦੀ ਲਈ ਬਹੁਤ ਬੁਨਿਆਦੀ ਕਾਰਜ ਨਿਭਾਉਂਦੀ ਹੈ। ਭਾਵੇਂ ਵੱਖ-ਵੱਖ ਸਮਾਜਾਂ ਵਿਚ ਸੰਭੋਗ ਪ੍ਰਬੰਧਾਂ ਅਤੇ "ਉਲਾਦ ਦੀ ਵਾਜਬੀਅਤਾਂ"ਲਈ ਵੱਖ ਵੱਖ ਤਰੀਕੇ ਅਪਣਾਏ ਜਾਂਦੇ ਹਨ, ਪਰ ਇਹਨਾਂ ਸੰਬੰਧਾਂ ਦੇ ਸੰਸਥਾਈ ਰੂਪ ਅਰਥਾਤ ਵਿਆਹ ਤੋਂ ਬਿਨਾਂ ਸਮਾਜਿਕ ਜੀਵਨ ਸੰਭਵ ਨਹੀਂ।

ਆਧੁਨਿਕ ਸਮਾਜਾਂ ਵਿਚ ਵਿਆਹ ਦੇ ਰਿਸ਼ਤੇ ਨੂੰ ਕਈ ਵਾਰ ਬੇਲੋੜਾ ਭਾਰ ਸਮਝ ਕੇ ਇਸ ਦੇ ਕਈ ਬਦਲ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਰ ਅਜੇ ਤੱਕ ਇਸ ਦੇ ਮੁਕਾਬਲੇ ਦੀ ਕੋਈ ਸੰਸਥਾ ਜੋ ਇਸ ਦੀ ਥਾਂ ਲੈ ਸਕੇ, ਹੋਂਦ ਵਿਚ ਆਉਣੀ ਮੁਸ਼ਕਿਲ ਜਾਪਦੀ ਹੈ। ਵਿਦਵਾਨਾਂ ਦੇ ਨਿੱਜੀ ਵਿਚਾਰ ਵੱਖਰੇ ਹੋ ਸਕਦੇ ਹਨ ਪਰ ਜਿਥੋਂ ਤਕ ਸਮਾਜਿਕ ਤਰੱਕੀ ਅਤੇ ਮਨੁੱਖੀ ਜੀਵਨ ਦੀਆਂ ਅਹਿਮ ਲੋੜਾਂ ਦੇ ਨਿਯਮਤ ਕਰਨ ਦਾ ਸੰਬੰਧ ਹੈ, ਵਿਆਹ ਦੀ ਸੰਸਥਾ ਬਿਨਾਂ ਕੋਈ ਦੂਸਰਾ ਰਸਤਾ ਸੰਭਵ ਨਹੀਂ ਜਾਪਦਾ।ਵਿਆਹ ਦੀਆਂ ਇਹ ਸਾਰੀਆਂ ਕਿਸਮਾਂ ਕਿਸੇ ਨਾ ਕਿਸੇ ਸਥਿਤੀ ਕਾਰਨ ਹੋਂਦ ਵਿੱਚ ਆਈਆਂ ਹਨ।

### 5.7 ਸਵੈ ਮੁਲਾਂਕਣ ਲਈ ਪ੍ਰਸ਼ਨ (Questions for Self Evaluation)

1. ਵਿਆਹ ਇਕ ਉੱਚਤਮ ਪ੍ਰਕ੍ਰਿਆ ਹੈ। ਹਾਂ/ਨਹੀਂ
2. ਵਿਆਹ ਕੋਈ ਵਿਅਕਤੀ ਕਿਤੇ ਵੀ ਕਰਵਾ ਸਕਦਾ ਹੈ। ਹਾਂ/ਨਹੀਂ
3. ਵਿਆਹ ਵਿੱਚ ਕਾਮ ਸਬੰਧੀ ਹੱਕਾਂ ਵਿੱਚ ਕਈ ਪਾਬੰਦੀਆਂ ਹੁੰਦੀਆਂ ਹਨ। ਹਾਂ/ਨਹੀਂ
4. ਮੰਨੂ ਨੇ ਵਿਆਹ ਦੀਆਂ ਕਈ ਕਿਸਮਾਂ ਦੱਸੀਆਂ ਹਨ। ਹਾਂ/ਨਹੀਂ
5. ਇਕ ਵਿਆਹ ਦੀ ਕਿਸਮ ਵਿਚ ਇਕੋ ਹੀ ਪਤਨੀ ਦਾ ਇਕ ਹੀ ਪਤੀ ਨਾਲ ਵਿਆਹ ਹੁੰਦਾ ਹੈ। ਹਾਂ/ਨਹੀਂ
6. ਬਹੁ ਵਿਆਹ ਪ੍ਰਥਾ ਵਿਚ ਇਕ ਸਮੇਂ ਇਕ ਪਤੀ ਦੀ ਇੱਕੋ ਹੀ ਪਤਨੀ ਹੁੰਦੀ ਹੈ। ਹਾਂ/ਨਹੀਂ
7. ਬਹੁ-ਪਤਨੀ ਵਿਆਹ ਵਿਚ ਇਕ ਪਤੀ ਕਈ ਪਤਨੀਆਂ ਨਾਲ ਵਿਆਹ ਕਰਵਾ ਸਕਦਾ ਹੈ। ਹਾਂ/ਨਹੀਂ
8. ਬਹੁਪਤੀ ਵਿਆਹ ਵਿਚ ਇੱਕ ਔਰਤ ਕਈ ਮਰਦਾਂ ਨਾਲ ਵਿਆਹ ਕਰਵਾਉਂਦੀ ਹੈ। ਹਾਂ/ਨਹੀਂ
9. ਦੇਵਰ ਵਿਆਹ ਵਿਚ ਇਸਤਰੀ ਆਪਣੇ ਦਿਉਰ ਨਾਲ ਵਿਆਹ ਕਰਦੀ ਹੈ। ਹਾਂ/ਨਹੀਂ
10. ਸਾਲੀ ਵਿਆਹ ਵਿਚ ਮਰਦ ਆਪਣੀ ਸਾਲੀ ਨਾਲ ਵਿਆਹ ਕਰਦਾ ਹੈ। ਹਾਂ/ਨਹੀਂ

**ਕੁੰਜੀ:**

(1) ਹਾਂ (2) ਨਹੀਂ (3) ਹਾਂ (4) ਹਾਂ (5) ਹਾਂ (6) ਨਹੀਂ (7) ਹਾਂ (8) ਹਾਂ (9) ਹਾਂ (10) ਹਾਂ

### 5.8 ਸੁਝਾਏ ਪ੍ਰਸ਼ਨ (Suggested Questions)

(1) ਸਮਾਜਿਕ ਸੰਸਥਾ ਤੋਂ ਕੀ ਭਾਵ ਹੈ ? ਵਿਆਹ ਇਕ ਸਮਾਜਿਕ ਸੰਸਥਾ ਹੈ ਅਤੇ ਇਸਦੇ ਮੁੱਖ ਨਿਯਮ ਕਿਹੜੇ ਹਨ ?

(2) ਵਿਆਹ ਨੂੰ ਪਰਿਭਾਸ਼ਿਤ ਕਰਦੇ ਹੋਏ ਇਸ ਦੀਆਂ ਕਿਸਮਾਂ ਬਾਰੇ ਚਰਚਾ ਕਰੋ।

**ਸੰਖੇਪ ਸਵਾਲ : ਬਿਆਨ ਕਰੋ**

(ੳ) ਅੰਤਰ ਵਿਆਹ

(ਅ) ਅਨੁਲੋਮ

(ੲ) ਪ੍ਰਤੀਲੋਮ

(ਸ) ਬਾਹਰੀ ਵਿਆਹ

(ਹ) ਗੰਧਰਵ ਵਿਆਹ

### 5.9 ਸੁਝਾਈਆਂ ਪੁਸਤਕਾਂ (Suggested Books)

| | | |
|---|---|---|
| ਹਰਟਨ ਅਤੇ ਹੰਟ | : | ਸਮਾਜ ਵਿਗਿਆਨ |
| ਸਵਿੰਦਰਜੀਤ ਕੌਰ | : | ਸਮਾਜ ਵਿਗਿਆਨ ਦਾ ਮੂਲ ਸੰਕਲਪ |
| ਕੇ.ਐਮ.ਕਪਾੜੀਆ | : | ਮੈਰਿਜ਼ ਐਂਡ ਫੈਮਿਲੀ ਇਨ ਇੰਡੀਆ |
| ਫਾਕਸ ਰੋਬਿਨ | : | ਕਿਨਸ਼ੀਪ ਐਂਡ ਮੈਰਿਜ |

ਪਾਠ ਨੰ: 2.2

ਲੇਖਿਕਾ : ਡਾ. ਹਰਿੰਦਰ ਕੌਰ ਸੋਢੀ

# ਪਰਿਵਾਰ ਜਾਂ ਟੱਬਰ ਦੀ ਪਰਿਭਾਸ਼ਾ ਤੇ ਕਿਸਮਾਂ
## (Family - Definitions and Types)

**ਬਣਤਰ**

6.1 ਉਦੇਸ਼
6.2 ਜਾਣ ਪਹਿਚਾਣ
6.3 ਪਰਿਵਾਰ ਦੀਆਂ ਪਰਿਭਾਸ਼ਾਵਾਂ
6.4 ਟੱਬਰ ਦੇ ਮੁੱਖ ਲੱਛਣ
6.5 ਟੱਬਰ ਦੀਆਂ ਕਿਸਮਾਂ
6.5.1 ਸੰਗਠਨ ਤੇ ਆਕਾਰ ਦੇ ਆਧਾਰ ਤੇ ਟੱਬਰ ਦੀਆਂ ਕਿਸਮਾਂ
6.5.1.1 ਜੋੜਾ ਪਰਿਵਾਰ ਜਾਂ ਮੂਲ ਪਰਿਵਾਰ
6.5.1.2 ਸਾਂਝਾ ਟੱਬਰ ਜਾਂ ਸੰਯੁਕਤ ਪਰਿਵਾਰ
6.5.1.3 ਰਲ-ਗੱਡ ਟੱਬਰ
6.5.1.4 ਵਿਸਤ੍ਰਿਤ ਟੱਬਰ
6.5.2 ਸੱਤਾ ਜਾਂ ਅਧਿਕਾਰ ਦੇ ਆਧਾਰ ਤੇ ਟੱਬਰ ਦੀਆਂ ਕਿਸਮਾਂ
6.5.2.1 ਪਿਤਾ ਪ੍ਰਧਾਨ ਟੱਬਰ
6.5.2.2 ਮਾਤਾ ਪ੍ਰਧਾਨ ਟੱਬਰ
6.5.3 ਵਿਆਹ ਦੇ ਆਧਾਰ ਤੇ ਟੱਬਰ ਦੀਆਂ ਕਿਸਮਾਂ
6.5.3.1 ਇਕ-ਵਿਆਹੀ ਟੱਬਰ ਜਾਂ ਜੋੜਾ ਟੱਬਰ
6.5.3.2 ਬਹੁ-ਵਿਆਹੀ ਟੱਬਰ
6.5.3.2.1 ਬਹੁਪਤੀ ਪਰਿਵਾਰ
6.5.3.2.2 ਬਹੁਪਤਨੀ ਪਰਿਵਾਰ
6.5.4 ਰਿਹਾਇਸ਼ ਜਾਂ ਨਿਵਾਸ-ਅਸਥਾਨ ਦੇ ਆਧਾਰ ਤੇ ਟੱਬਰ ਦੀਆਂ ਕਿਸਮਾਂ
6.5.4.1 ਪਿਤਰ ਸਥਾਨੀ ਟੱਬਰ
6.5.4.2 ਮਾਤਰ-ਸਥਾਨੀ ਟੱਬਰ
6.5.4.3 ਨਵ-ਸਥਾਈ ਟੱਬਰ
6.5.5 ਵੰਸ਼ ਦੇ ਨਾਂ ਦੇ ਆਧਾਰ ਤੇ ਟੱਬਰ ਦੀਆਂ ਕਿਸਮਾਂ
6.5.5.1 ਪਿਤਰ ਨਾਮੀ ਪਰਿਵਾਰ
6.5.5.2 ਮਾਤਰ ਨਾਮੀ ਪਰਿਵਾਰ
6.5.6 ਸਮਾਜਿਕ ਪਰਿਸਥਿਤੀ ਦੇ ਆਧਾਰ ਤੇ ਟੱਬਰ ਦੀਆਂ ਕਿਸਮਾਂ
6.5.6.1 ਪੇਂਡੂ ਪਰਿਵਾਰ
6.5.6.2 ਸ਼ਹਿਰੀ ਪਰਿਵਾਰ

6.6 ਸਾਰ

6.7 ਮੁੱਖ ਸ਼ਬਦ

6.8 ਸਵੈ-ਮੁਲਾਂਕਣ ਲਈ ਪ੍ਰਸ਼ਨ

6.9 ਸੁਝਾਏ ਪ੍ਰਸ਼ਨ

6.10 ਸਹਿਯੋਗੀ ਪੁਸਤਕਾਂ

**6.1 ਉਦੇਸ਼**

ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਵਿਦਿਆਰਥੀ ਇਹ ਜਾਨਣ ਦੇ ਯੋਗ ਹੋ ਜਾਣਗੇ ਕਿ

* ਪਰਿਵਾਰ ਦੀ ਸੰਸਥਾ ਨੂੰ ਅਤੇ ਇਸਦੇ ਮੁੱਖ ਲੱਛਣਾਂ ਨੂੰ ਕਿਵੇਂ ਬਿਆਨ ਕਰਨਾ ਹੈ।
* ਬਣਤਰ ਦੇ ਆਧਾਰ ਤੇ ਟੱਬਰ ਦੀਆਂ ਕਿਸਮਾਂ ਦਾ ਕਿਵੇਂ ਵਰਣਨ ਕਰਨਾ ਹੈ।
* ਪਰਿਵਾਰ ਸੱਤਾ ਦੇ ਆਧਾਰ ਤੇ ਕਿੰਨੀ ਕਿਸਮ ਦੇ ਹੁੰਦੇ ਹਨ ?
* ਵਿਆਹ ਅਤੇ ਰਿਹਾਇਸ਼ ਦੇ ਆਧਾਰ ਤੇ ਟੱਬਰ ਦੀ ਵੰਡ ਦੀ ਵਿਸਥਾਰ-ਪੂਰਵਕ ਚਰਚਾ ਕਿਵੇਂ ਕਰਨੀ ਹੈ ?

**6.2 ਜਾਣ ਪਛਾਣ**

ਆਮ ਕਰਕੇ ਸਮਾਜ ਵਿਗਿਆਨੀਆਂ ਦੀ ਬਹੁਤ ਥੋੜ੍ਹੀਆਂ ਗੱਲ੍ਹਾਂ ਉੱਪਰ ਹੀ ਸਰਵ ਸੰਮਤੀ ਹੁੰਦੀ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਵੱਖ-ਵੱਖ ਸਮਾਜਾਂ ਵਿਚ ਇਨ੍ਹਾਂ ਦੇ ਮੁੱਦਿਆਂ ਤੇ ਵੱਖਰੀ ਵੱਖਰੀ ਧਾਰਨਾ ਹੁੰਦੀ ਹੈ।ਅਜਿਹੀ ਸਰਵਸੰਮਤੀ ਵਾਲੀਆਂ ਧਾਰਨਾਵਾ ਜਾਂ ਸਮਾਜਕ ਤੱਥਾਂ ਵਿਚੋਂ ਇਕ ਟੱਬਰ ਦੀ ਸੰਸਥਾ ਵੀ ਹੈ। ਇੱਥੇ ਇਹ ਗੱਲ ਭਲੀ ਭਾਂਤੀ ਸਮਝਣ ਦੀ ਲੋੜ ਹੈ ਕਿ ਇਸ ਦੇ ਸਾਰੇ ਪੱਖਾਂ ਬਾਰੇ ਸਰਵਸੰਮਤੀ ਨਹੀਂ ਹੈ। ਇਸ ਦੇ ਸਰੂਪ, ਬਣਤਰ ਅਤੇ ਦਾਇਰੇ ਬਾਰੇ ਤਾਂ ਰਾਵਾਂ ਵੱਖੋ ਵੱਖਰੀਆਂ ਹਨ ਪਰ ਇਸ ਦੀ ਸਰਵ ਵਿਆਪਕ ਹੋਂਦ ਸਰਵਪ੍ਰਵਾਨਿਤ ਹੈ। ਮਨੁੱਖੀ ਸਮਾਜ ਦੇ ਜੀਉਂਦੇ ਰਹਿਣ ਅਤੇ ਵਿਕਾਸ ਕਰਨ ਲਈ, ਸਰੀਰਿਕ ਅਤੇ ਸਮਾਜਿਕ ਪੈਦਾਵਾਰ ਬੁਨਿਆਦੀ ਲੋੜਾਂ ਹਨ। ਸਰੀਰਿਕ ਪੈਦਾਵਾਰ ਦੀ ਦੇਖ ਰੇਖ ਉਹਨਾਂ ਦਾ ਸਮਾਜੀਕਰਣ ਭਾਵ ਸਮਾਜਿਕ ਪੈਦਾਵਾਰ, ਇਸ ਨਾਲ ਅਟੁੱਟ ਰੂਪ ਵਿਚ ਜੁੜੇ ਹੋਏ ਹਨ। ਇਨ੍ਹਾਂ ਸਮਾਜਿਕ ਤੇ ਸਰੀਰਿਕ ਲੋੜਾਂ ਨੂੰ ਨਿਯਮਬੱਧ ਅਤੇ ਸਮਾਜ ਦੀ ਮੁੱਢਲੀ ਕੜੀ ਦੇ ਰੂਪ ਵਿਚ ਕੰਮ ਕਰਨ ਵਾਲੀ ਸੰਸਥਾ ਹੀ ਟੱਬਰ ਕਹਿਲਾਉਂਦੀ ਹੈ। ਇਹ ਕਹਿਣਾ ਬੇਲੋੜਾ ਨਹੀਂ ਹੈ ਕਿ ਅਜਿਹੀ ਸੰਸਥਾ ਤੋਂ ਬਿਨਾਂ ਮਨੁੱਖੀ ਸਮਾਜ ਦਾ ਉਸਰਨਾ ਕਾਫ਼ੀ ਮੁਸ਼ਕਿਲ ਹੈ।

**6.3 ਪਰਿਵਾਰ ਦੀਆਂ ਪਰਿਭਾਸ਼ਾਵਾਂ**

ਮੂਲ ਰੂਪ ਵਿਚ ਇਹ ਲਾਤੀਨੀ ਭਾਸ਼ਾ ਦੇ ਸ਼ਬਦ ਫੈਮੂਲਸ (Famolous) ਤੋਂ ਉਪਜਿਆ ਹੈ। ਜਿਸਦਾ ਅਰਥ ਹੈ ਜੁੜਿਆ ਹੋਇਆ। ਇਸ ਤੋਂ ਅੰਗ੍ਰੇਜ਼ੀ ਸ਼ਬਦ Family ਬਣਿਆ ਜਾਪਦਾ ਹੈ।ਇਸ ਪ੍ਰਕਾਰ ਪਰਿਵਾਰ ਸ਼ਬਦ ਦਾ ਅਰਥ ਹੈ, ਉਹ ਸਮੂਹ ਜਾਂ ਇਕੱਠ ਜਿਸ ਵਿਚ ਮਾਂ, ਬਾਪ, ਬੱਚੇ, ਸਭ ਮਿਲ ਕੇ ਰਹਿੰਦੇ ਹਨ ਅਤੇ ਉਹ ਕੁਝ ਖਾਸ ਰਿਸ਼ਤਿਆਂ ਨਾਲ ਇਕ ਦੂਜੇ ਨਾਲ ਜੁੜੇ ਹੁੰਦੇ ਹਨ। ਯੂਨਾਨ ਦੇ ਲੋਕ ਪਰਿਵਾਰ ਲਈ 'Dikonomia' ਸ਼ਬਦ ਦੀ ਵਰਤੋਂ ਕਰਦੇ ਸਨ। ਮਨੁੱਖੀ ਟੱਬਰ ਨੂੰ ਇਕ ਸੰਸਥਾਪਿਤ ਸਮਾਜਿਕ ਸਰੀਰਿਕ ਗਰੁੱਪ ਦੇ ਤੌਰ ਤੇ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਜਿਹੜਾ ਬਾਲਗ ਮੈਂਬਰਾਂ (ਜਿਹਨਾਂ ਵਿਚੋਂ ਘੱਟੋ ਘੱਟ ਦੋ ਵਿਰੋਧੀ ਲਿੰਗ ਦੇ ਤੇ ਖ਼ੂਨ ਦੇ ਰਿਸ਼ਤੇ ਤੋਂ ਨਿਰਲੇਪ ਆਪਸ ਵਿਚ ਵਿਆਹੇ ਹੋਣ) ਅਤੇ ਬੱਚਿਆਂ ਭਾਵ ਮੈਂਬਰਾਂ ਦੀ ਔਲਾਦ ਤੋਂ ਬਣਦਾ ਹੈ। ਇਸ ਦਾ ਘੱਟੋ ਘੱਟ ਕੰਮ ਮੈਂਬਰਾਂ ਨੂੰ ਸੰਤੁਸ਼ਟ ਕਰਨਾ, ਉਹਨਾਂ ਦੀਆਂ ਭਾਵਾਤਮਕ ਲੋੜਾਂ, ਕਾਮੁਕ ਲੋੜਾਂ ਅਤੇ ਉਨ੍ਹਾਂ ਉਪਰ ਕਾਬੂ ਕਰਨਾ ਅਜਿਹੇ ਸਮਾਜਿਕ ਸਭਿਆਚਾਰਕ ਹਾਲਾਤ ਪ੍ਰਦਾਨ ਕਰਨਾ ਹੈ ਤਾਂ ਕਿ ਮਨੁੱਖੀ ਪੈਦਾਇਸ਼ ਹੋ ਸਕੇ ਅਤੇ ਬੱਚਿਆਂ ਦੀ ਦੇਖ ਭਾਲ ਅਤੇ ਉਹਨਾਂ ਦਾ ਸਮਾਜੀਕਰਣ ਹੋ ਸਕੇ। ਅਜਿਹੇ ਕਾਰਜ ਨਜਿਠਣ ਲਈ ਬਣੇ ਗਰੁੱਪ ਕਈ ਪੱਧਰਾਂ ਉੱਤੇ ਇਕ ਦੂਜੇ ਤੋਂ ਵੱਖਰੇ ਪਾਏ ਜਾਂਦੇ ਹਨ। ਇਸ ਲਈ ਟੱਬਰ ਦੀ ਕਿਸੇ ਦੀ ਪਰਿਭਾਸ਼ਾ ਨੂੰ ਕਈ ਕਿਸਮਾਂ ਦੇ ਟੱਬਰ ਰੂਪਾਂ ਦਾ ਧਿਆਨ ਰੱਖਣਾ ਪੈਂਦਾ ਹੈ। **ਸਮਿੱਥ** ਦੇ ਵਿਚਾਰ ਵਿਚ ਟੱਬਰ ਵਿਆਹੁਤਾ ਜੋੜੀ ਅਤੇ ਉਸਦੇ ਬੱਚਿਆਂ ਦਾ ਉਹ ਗਰੁੱਪ ਹੈ ਜਿਹੜੇ ਬਾਕੀ ਰਿਸ਼ਤੇਦਾਰਾਂ ਤੋਂ ਅਲਹਿਦਾ ਇਕੱਠੇ ਵੱਸਦੇ ਹਨ। ਇਹ ਪਰਿਭਾਸ਼ਾ ਭਾਰਤੀ ਸਭਿਆਚਾਰ ਦੇ ਅਨੁਕੂਲ ਨਹੀਂ ਹੈ। ਇਥੇ ਤਾਂ ਅਜਿਹੇ ਸੰਯੁਕਤ ਪਰਿਵਾਰ ਵੀ ਹੁੰਦੇ ਹਨ ਜਿਨ੍ਹਾਂ ਵਿਚ ਤਿੰਨ ਪੀੜ੍ਹੀਆਂ ਦੇ ਲੋਕ ਵੀ ਇਕੱਠੇ ਰਹਿੰਦੇ ਹਨ। **ਮੈਕਾਇਵਰ** ਦੀ ਪਰਿਭਾਸ਼ਾ ਹੈ ਕਿ ਟੱਬਰ ਇਕ ਅਜਿਹੇ ਕਾਮੁਕ ਰਿਸ਼ਤੇ ਤੇ ਆਧਾਰਿਤ ਗਰੁੱਪ ਹੈ ਜਿਹੜਾ ਮਨੁੱਖੀ ਪੈਦਾਇਸ਼ ਅਤੇ ਬੱਚਿਆਂ ਦੇ ਪਾਲਣ ਪੋਸ਼ਣ ਤੱਕ ਸਥਾਈ ਹੋਵੇ, ਵੀ ਭਲੀ ਭਾਂਤੀ ਸੰਯੁਕਤ ਪਰਿਵਾਰ ਨੂੰ ਆਪਣੇ ਘੇਰੇ ਵਿਚ ਨਹੀਂ ਲੈਂਦੀ।

**ਲੋਵੀ** ਦਾ ਵਿਚਾਰ ਹੈ ਕਿ "ਟੱਬਰ ਇਕ ਅਜਿਹਾ ਰਿਸ਼ਤਾ ਹੈ ਜਿਹੜਾ ਸਮਾਜ ਪ੍ਰਵਾਨਿਤ ਕਾਮੁਕ ਰਿਸ਼ਤਿਆਂ ਅਰਥਾਤ ਵਿਆਹ ਨਾਲ ਸੰਬੰਧਿਤ ਹੈ।"

**ਬੀਲਜ਼** ਤੇ ਉਸ ਦੇ ਸਾਥੀਆਂ ਅਨੁਸਾਰ, "ਇਕ ਸਮਾਜਕ ਗਰੁੱਪ ਜਿਸ ਦੇ ਮੈਂਬਰ ਆਪਸ ਵਿਚ ਸਾਕਾਦਾਰੀ ਤੇ ਰਿਸ਼ਤੇ ਦੁਆਰਾ ਜੁੜੇ

ਹੋਣ।"

ਭਾਵੇਂ ਕਿਸੇ ਵੀ ਪਰਿਭਾਸ਼ਾ ਦੀ ਗੱਲ ਕਰ ਲਓ ਉਹ ਪੂਰਨ ਭਾਂਤ ਪਰਿਵਾਰ ਦੇ ਸੰਕਲਪ ਨੂੰ ਨਹੀਂ ਦਰਸਾਉਂਦੀ। ਉਸ ਵਿਚ ਕੋਈ ਨਾ ਕੋਈ ਪੱਖ ਊਣਾ ਰਹਿ ਹੀ ਜਾਂਦਾ ਹੈ।

**ਆਗਬਰਨ ਤੇ ਨਿਮਕਾਫ** ਅਨੁਸਾਰ, "ਪਰਿਵਾਰ ਥੋੜ੍ਹਾ ਬਹੁਤ ਸਥਾਈ ਸਮੂਹ ਹੈ ਜਿਸ ਵਿੱਚ ਬੱਚਿਆਂ ਸਮੇਤ ਜਾਂ ਬੱਚਿਆਂ ਰਹਿਤ ਪਤੀ - ਪਤਨੀ ਜਾਂ ਇਕ ਇਸਤਰੀ ਜਾਂ ਇਕ ਪੁਰਖ ਇੱਕਲੇ ਹੀ ਬੱਚਿਆਂ ਸਮੇਤ ਰਹਿੰਦੇ ਹਨ।"

**ਕਲੇਅਰ** ਦੇ ਸ਼ਬਦਾਂ ਵਿੱਚ, "ਪਰਿਵਾਰ ਸੰਬੰਧਾਂ ਦੀ ਉਹ ਵਿਵਸਥਾ ਹੈ ਜੋ ਮਾਂ-ਬਾਪ ਅਤੇ ਬੱਚਿਆਂ ਵਿੱਚ ਪਾਈ ਜਾਂਦੀ ਹੈ।"

ਉਪਰੋਕਤ ਪਰਿਭਾਸ਼ਾਵਾਂ ਤੋਂ ਹੇਠ ਲਿਖੀਆਂ ਗੱਲ੍ਹਾਂ ਸਪੱਸ਼ਟ ਹੁੰਦੀਆਂ ਹਨ -

(ੳ) ਘੱਟੋ ਘੱਟ ਦੋ ਮੈਂਬਰਾਂ ਵਿਚਕਾਰ ਵਿਆਹ ਦਾ ਸੰਬੰਧ ਹੋਣਾ ਜ਼ਰੂਰੀ ਹੈ। ਇਹ ਰਿਸ਼ਤਾ ਅਕਸਰ ਵਿਰੋਧੀ ਲਿੰਗ ਦੇ ਮੈਂਬਰਾਂ ਵਿਚਕਾਰ ਹੀ ਪਾਇਆ ਜਾਂਦਾ ਹੈ। ਪਰ ਕਈ ਥਾਵਾਂ ਤੇ ਇਹ ਇਕੋ ਲਿੰਗ ਦੇ ਮੈਂਬਰਾਂ ਵਿਚਕਾਰ ਹੀ ਹੁੰਦਾ ਹੈ ਜਿਸ ਤਰ੍ਹਾਂ ਕਵੈਕੀ-ਉਤਲ "ਮਰਦ-ਵਿਆਹ" ਜਾਂ ਪੱਛਮੀ ਅਫ਼ਰੀਕਾ ਵਿਚ ਔਰਤ ਵਿਆਹ ਦੀ ਰਸਮ ਹੈ।ਅਜਿਹੀ ਸੂਰਤ ਵਿਚ ਵਿਰੋਧੀ ਲਿੰਗ ਦਾ ਮੈਂਬਰ ਕਿਸੇ ਹੋਰ ਦੇ ਨਾਂ ਤੇ ਸੰਭੋਗ ਕਰਦਾ ਹੈ।

(ਅ) ਟੱਬਰ ਤੇ ਪ੍ਰਸੰਗ ਵਿਚ ਹਮੇਸ਼ਾਂ ਹੀ ਕੋਈ ਨਾ ਕੋਈ ਅਸਲੀ ਜਾਂ ਫਰਜ਼ੀ ਖੂਨ ਦੀ ਸਾਂਝ ਹੁੰਦੀ ਹੈ ਜਿਸ ਉਤੇ ਸਾਕਾਦਾਰੀ ਦਾ ਪ੍ਰਬੰਧ ਉਸਰਦਾ ਹੈ।

(ੲ) ਟੱਬਰ ਲਈ ਰਿਹਾਇਸ਼ ਦਾ ਕੋਈ ਰੂਪ ਜ਼ਰੂਰੀ ਹੈ।

(ਸ) ਟੱਬਰ ਨਾਲ ਕਈ ਕਿਸਮਾਂ ਦੇ ਨਿਜੀ ਤੇ ਸਮਾਜਿਕ ਕਾਰਜ ਜੁੜੇ ਹੁੰਦੇ ਹਨ।

**6.4 ਪਰਿਵਾਰ ਦੀਆਂ ਵਿਸ਼ੇਸ਼ਤਾਵਾਂ ਜਾਂ ਲੱਛਣ** :ਪਰਿਵਾਰ ਦੇ ਮੁੱਖ ਲੱਛਣ ਹੇਠ ਲਿਖੇ ਅਨੁਸਾਰ ਹਨ :-

(ੳ) ਪਰਿਵਾਰ ਦੀ ਹੋਂਦ ਲਈ ਪਤੀ-ਪਤਨੀ ਦੇ ਸੰਬੰਧ ਨੂੰ ਬਹੁਤ ਜ਼ਰੂਰੀ ਮੰਨਿਆ ਗਿਆ ਹੈ।

(ਅ) ਸਮਾਜ ਵਿਆਹ ਦੀ ਸੰਸਥਾ ਦੁਆਰਾ ਪਤੀ ਪਤਨੀ ਨੂੰ ਸਰੀਰਕ ਸੰਬੰਧ ਕਾਇਮ ਕਰਨ ਦੀ ਆਗਿਆ ਦਿੰਦਾ ਹੈ।

(ੲ) ਪਰਿਵਾਰ ਦੇ ਸਾਰੇ ਮੈਂਬਰ ਆਮ ਤੌਰ ਤੇ ਲਹੂ ਸੰਬੰਧਾਂ, ਵਿਆਹ ਸੰਬੰਧਾਂ ਜਾਂ ਗੋਦ ਲੈਣ ਨਾਲ ਬਣੇ ਸੰਬੰਧਾਂ ਵਿੱਚ ਬੰਨ੍ਹੇ ਰਹਿੰਦੇ ਹਨ।

(ਸ) ਹਰੇਕ ਪਰਿਵਾਰ ਦੇ ਮੈਂਬਰ ਦਾ ਸਾਂਝਾ ਘਰ ਹੁੰਦਾ ਹੈ।

(ਹ) ਹਰੇਕ ਪਰਿਵਾਰ ਵਿੱਚ ਵੰਸ਼ ਚਲਾਉਣ ਲਈ ਨਾਂ ਨਿਸ਼ਚਿਤ ਕਰਨ ਦੀ ਕੋਈ ਨਾ ਕੋਈ ਪ੍ਰਣਾਲੀ ਜ਼ਰੂਰ ਹੁੰਦੀ ਹੈ।

(ਕ) ਪਰਿਵਾਰ ਦੇ ਮੈਂਬਰਾਂ ਵਿੱਚ ਭਾਵਨਾਤਮਕ ਆਧਾਰ ਤੇ ਮਿਲ ਜੁਲ ਕੇ ਕੰਮ ਕਰਨ ਦੀ ਭਾਵਨਾ ਹੁੰਦੀ ਹੈ।

(ਖ) ਪਰਿਵਾਰ ਵਿੱਚ ਹੀ ਵਿਅਕਤੀ ਸਮਾਜਿਕ ਕੰਟਰੋਲ ਸਿੱਖਦਾ ਹੈ।

**ਆਪਣਾ ਗਿਆਨ ਪਰਖੋ**

(i) ਪਰਿਵਾਰ ਤੋਂ ਕੀ ਭਾਵ ਹੈ ?

___________________________________________

___________________________________________

___________________________________________

(ii) ਟੱਬਰ ਦੀ ਕੋਈ ਵੀ ਪਰਿਭਾਸ਼ਾ ਆਪਣੇ ਆਪ ਵਿੱਚ ਸੰਪੂਰਨ ਨਹੀਂ ਹੈ, ਉੱਤਰ ਤਿੰਨ ਲਾਈਨਾਂ ਵਿੱਚ ਲਿਖੋ ?

___________________________________________

___________________________________________

___________________________________________

(iii) ਪਰਿਵਾਰ ਦੇ ਕੋਈ ਦੋ ਲੱਛਣਾਂ ਬਾਰੇ ਲਿਖੋ।

___________________________________________

___________________________________________

___________________________________________

### 6.5 ਪਰਿਵਾਰ ਜਾਂ ਟੱਬਰ ਦੀਆਂ ਕਿਸਮਾਂ

ਸੰਸਾਰ ਦੇ ਵੱਖੋ-ਵੱਖਰੇ ਭਾਗਾਂ ਵਿਚ ਟੱਬਰ ਦੀਆਂ ਕਈ ਕਿਸਮਾਂ ਮਿਲਦੀਆਂ ਹਨ। ਕਈ ਵਾਰ ਇਕੋ ਸਮਾਜ ਵਿਚ ਟੱਬਰ ਦੇ ਵੱਖ-ਵੱਖ ਰੂਪਾਂ ਦੀ ਸਹਿ ਹੋਂਦ ਪਾਈ ਜਾਂਦੀ ਹੈ। ਅਜਿਹਾ ਕੋਈ ਰੂਪ ਨਹੀਂ ਜੋ ਸਭ ਸਮਾਜਾਂ ਵਿੱਚ ਸਮਾਨ ਰੂਪ ਵਿੱਚ ਪਾਇਆ ਜਾਂਦਾ ਹੋਵੇ। ਟੱਬਰ ਦੀ ਵਰਗੀਕਰਣ ਲਈ ਮੁੱਖ ਤੌਰ ਤੇ ਵਿਦਵਾਨ ਇਸ ਦੇ ਢਾਂਚੇ ਅਤੇ ਇਸ ਦੇ ਆਕਾਰ ਨੂੰ ਆਧਾਰ ਬਣਾਉਂਦੇ ਹਨ। ਪਰ ਟੱਬਰ ਦੀਆਂ ਕਿਸਮਾਂ ਦੀ ਵਰਗ ਵੰਡ ਲਈ ਇਸ ਦੇ ਢਾਂਚੇ ਤੋਂ ਇਲਾਵਾ ਸੱਤਾ, ਰਿਹਾਇਸ਼ ਅਤੇ ਵਿਆਹ ਨੂੰ ਵੀ ਆਧਾਰ ਬਣਾਇਆ ਜਾ ਸਕਦਾ ਹੈ। ਮੂਲ ਰੂਪ ਵਿਚ ਪਰਿਵਾਰਾਂ ਦੀ ਵੰਡ ਕਿਸੇ ਇੱਕ ਆਧਾਰ ਤੇ ਨਹੀਂ ਕੀਤੀ ਜਾ ਸਕਦੀ।

#### 6.5.1 ਸੰਗਠਨ ਤੇ ਆਕਾਰ ਦੇ ਆਧਾਰ ਤੇ ਟੱਬਰ ਦੀਆਂ ਕਿਸਮਾਂ

ਟੱਬਰ ਦੇ ਸੰਗਠਨ ਅਤੇ ਆਕਾਰ ਦੇ ਆਧਾਰ ਤੇ ਅਸੀਂ ਇਸ ਨੂੰ ਹੇਠ ਲਿਖੇ ਚਾਰ ਰੁਪਾਂ ਵਿਚ ਵੰਡ ਸਕਦੇ ਹਾਂ :

**6.5.1.1 ਜੋੜਾ ਪਰਿਵਾਰ ਜਾਂ ਮੂਲ ਪਰਿਵਾਰ (Nuclear Family) :** ਇਹ ਟੱਬਰ ਦੀ ਸਭ ਤੋਂ ਵੱਧ ਪ੍ਰਚਲਿਤ ਕਿਸਮ ਹੈ ਜਿਸ ਵਿਚ ਵਿਆਹੀ ਹੋਈ ਜੋੜੀ ਆਪਣੀ ਔਲਾਦ ਸਮੇਤ ਰਹਿੰਦੀ ਹੈ। ਸਾਰੇ ਪੱਛਮ ਵਿੱਚ ਤਾਂ ਇਹ ਹੀ ਪਰਿਵਾਰ ਦੀ ਕਿਸਮ ਆਮ ਪ੍ਰਚਲਿਤ ਹੈ। ਆਧੁਨਿਕ ਸਮਾਜ ਵਿਚ ਪਰਿਵਾਰ ਦਾ ਇਹ ਰੂਪ ਹੋਰ ਸਾਰੇ ਰੂਪਾਂ ਨੂੰ ਪਛਾੜ ਕੇ ਉਨ੍ਹਾਂ ਦੀ ਥਾਂ ਲੈਂਦਾ ਜਾ ਰਿਹਾ ਹੈ। ਭਾਰਤ ਵਿੱਚ ਵੀ ਸਮਾਜ ਹੁਣ ਇਸ ਪ੍ਰਕਾਰ ਦੇ ਟੱਬਰ ਲਈ ਚਾਹਵਾਨ ਹੋ ਰਿਹਾ ਹੈ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਟੱਬਰ ਦਾ ਇਹ ਰੂਪ ਸਰਵ ਵਿਆਪਕ ਹੈ, ਜਿਥੇ ਕਿਤੇ ਟੱਬਰ ਦੇ ਵੱਡੇ ਰੂਪ ਵੀ ਹੋਂਦ ਵਿੱਚ ਹਨ ਤਾਂ ਉਹ ਵੀ ਜੋੜੀਆਂ ਦਾ ਹੀ ਕੁੱਲ ਜੋੜ ਹਨ ਇਸ ਲਈ ਟੱਬਰ ਦਾ ਮੁਢੱਲਾ ਰੂਪ ਜੋੜਾ ਟੱਬਰ ਹੀ ਹੈ। ਪਰ ਇਸ ਮੱਤ ਨਾਲ ਬਹੁਤ ਸਾਰੇ ਸਮਾਜ ਵਿਗਿਆਨੀ ਸਹਿਮਤ ਨਹੀਂ ਹਨ। ਸ਼ਹਿਰੀਕਰਣ ਅਤੇ ਉਦਯੋਗੀਕਰਣ ਦੇ ਕਾਰਣ ਹੀ ਸਮਾਜ ਵਿਚ ਇਹ ਕਿਸਮ ਪ੍ਰਚਲਿਤ ਹੋ ਰਹੀ ਹੈ। ਖੇਤੀ ਪ੍ਰਧਾਨ ਸਮਾਜਾਂ ਵਿੱਚ ਹਾਲੇ ਵੀ ਸੰਯੁਕਤ ਪਰਿਵਾਰਾਂ ਦੀ ਪ੍ਰਥਾ ਪ੍ਰਚਲਿਤ ਹੈ।

**6.5.1.2 ਸਾਂਝਾ ਟੱਬਰ ਜਾਂ ਸੰਯੁਕਤ ਪਰਿਵਾਰ (Joint Family) :** ਇਹ ਟੱਬਰ ਦਾ ਕਾਫ਼ੀ ਪੁਰਾਣਾ ਰੂਪ ਹੈ ਜਿਸ ਵਿਚ ਕਈ ਪੀੜ੍ਹੀਆਂ ਸਾਂਝੇ ਤੌਰ ਤੇ ਮਿਲ ਕੇ ਰਹਿੰਦੀਆਂ ਹਨ। ਅਜਿਹੇ ਪਰਿਵਾਰਾਂ ਵਿੱਚ ਘੱਟ ਤੋਂ ਘੱਟ ਤਿੰਨ ਪੀੜ੍ਹੀਆਂ ਦੇ ਮੈਂਬਰ ਇੱਕਠੇ ਰਹਿੰਦੇ ਹਨ। ਅਜਿਹੇ ਟੱਬਰ ਦੀ ਵਿਸ਼ੇਸ਼ ਸਿਫ਼ਤ ਇਹ ਹੈ ਕਿ ਇਕ ਸਾਂਝੇ ਮੁਖੀ ਦੀ ਛੱਤਰ ਛਾਇਆ ਹੇਠ ਰਹਿੰਦੇ ਹਨ। ਟੱਬਰ ਦਾ ਇਹ ਰੂਪ ਭਾਰਤ ਵਿਚ ਖਾਸਕਰ ਪੇਂਡੂ ਇਲਾਕਿਆਂ ਵਿਚ ਅਜੇ ਵੀ ਕਾਫ਼ੀ ਗਿਣਤੀ ਵਿਚ ਪਾਇਆ ਜਾਂਦਾ ਹੈ। ਸਮਾਜਿਕ ਤਬਦੀਲੀ ਦੇ ਅਸਰ ਸਦਕਾ ਅਜਿਹੇ ਟੱਬਰ ਖਿੰਡਣੇ ਸ਼ੁਰੂ ਹੋ ਗਏ ਹਨ।

**6.5.1.3 ਰਲ-ਗੱਡ ਟੱਬਰ (Compound Family) :** ਰਲ ਗੱਡ ਟੱਬਰ ਉਹ ਹੁੰਦਾ ਹੈ ਜਿਸ ਵਿਚ ਪਤੀ ਜਾਂ ਪਤਨੀ ਦੀ ਤਰਫ਼ ਤੋਂ ਉਸ ਦੇ ਪਹਿਲੇ ਵਿਆਹ ਦੀ ਔਲਾਦ ਵੀ ਸ਼ਾਮਲ ਹੋਵੇ। ਅਜਿਹੇ ਪਰਿਵਾਰਾਂ ਵਿਚ ਕਈ ਹੋਰ ਰਿਸ਼ਤੇਦਾਰ ਵੀ ਸ਼ਾਮਲ ਹੋ ਜਾਂਦੇ ਹਨ। ਪਰ ਮੁੱਖ ਤੌਰ ਤੇ ਟੱਬਰ ਦਾ ਇਹ ਰੂਪ ਪਤੀ ਜਾਂ ਪਤਨੀ ਵਿਚ ਘੱਟੋ ਘੱਟ ਇਕ ਦੂਸਰੇ ਦੀ ਹੋਂਦ ਸਵੀਕਾਰਦਾ ਹੈ। ਭਾਰਤ ਵਿਚ ਹੁਣ ਇਸ ਪ੍ਰਕਾਰ ਦੇ ਟੱਬਰ ਵੀ ਹੋਂਦ ਵਿਚ ਆ ਰਹੇ ਹਨ।

**6.5.1.4 ਵਿਸਤ੍ਰਿਤ ਟੱਬਰ (Extended Family) :** ਇਹ ਸਾਂਝੇ ਟੱਬਰ ਦਾ ਹੀ ਵੱਡਾ ਰੂਪ ਹੈ ਜਿਸ ਵਿਚ ਆਮ ਤੌਰ ਤੇ ਦੋ ਤੋਂ ਵੱਧ ਪੀੜ੍ਹੀਆਂ ਸ਼ਾਮਲ ਹੁੰਦੀਆਂ ਹਨ। ਅਜਿਹੇ ਪਰਿਵਾਰਾਂ ਵਿੱਚ ਦੋ ਜਾਂ ਦੋ ਤੋਂ ਵੱਧ ਮੂਲ ਪਰਿਵਾਰ ਅਤੇ ਪਤੀ-ਪਤਨੀ ਅਤੇ ਉਨ੍ਹਾਂ ਦੇ ਬੱਚਿਆਂ ਤੋਂ ਇਲਾਵਾ ਉਨ੍ਹਾਂ ਨਾਲ ਸੰਬੰਧਿਤ ਦੂਜੇ ਮੈਂਬਰਾਂ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ। ਇਹ ਰਲਕੇ ਪੈਦਾਵਾਰ ਲਈ ਕੋਈ ਸਾਂਝਾ ਯਤਨ ਕਰਦੀਆਂ ਹਨ। ਅਜਿਹੇ ਪਰਿਵਾਰ ਖੇਤੀ ਪ੍ਰਧਾਨ ਸਮਾਜਾਂ ਜਾਂ ਹੋਰ ਇਸ ਤਰ੍ਹਾਂ ਦੇ ਕਿੱਤਿਆਂ ਤੇ ਆਧਾਰਿਤ ਸਮਾਜਾਂ ਵਿਚ ਪਾਏ ਜਾਂਦੇ ਹਨ। ਟੱਬਰ ਦਾ ਇਹ ਰੂਪ ਅੱਜ ਕੱਲ ਘੱਟ ਹੀ ਮਿਲਦਾ ਹੈ।

**6.5.2 ਸੱਤਾ ਜਾਂ ਅਧਿਕਾਰ ਦੇ ਆਧਾਰ ਤੇ ਟੱਬਰ ਦੀਆਂ ਕਿਸਮਾਂ** :ਅਧਿਕਾਰ ਜਾਂ ਸੱਤਾਂ ਦੇ ਆਧਾਰ ਤੇ ਟੱਬਰ ਦੀਆਂ ਦੋ ਕਿਸਮਾਂ ਹੁੰਦੀਆਂ ਹਨ :

**6.5.2.1 ਪਿਤਾ ਪ੍ਰਧਾਨ ਟੱਬਰ (Patriarchal Family) :** ਅਜਿਹੇ ਟੱਬਰ ਵਿਚ ਅਧਿਕਾਰ ਜਾਂ ਸੱਤਾ ਪਿਤਾ ਅਰਥਾਤ ਮਰਦ ਦੇ ਹੱਥ ਵਿਚ ਹੁੰਦੀ ਹੈ। ਉਸ ਨੂੰ ਪਰਿਵਾਰ ਵਿੱਚ ਵਿਸ਼ੇਸ਼ ਸਥਾਨ ਪ੍ਰਾਪਤ ਹੁੰਦਾ ਹੈ। ਉਹ ਹੀ ਟੱਬਰ ਦਾ ਮੁਖੀਆ ਹੁੰਦਾ ਹੈ ਅਤੇ ਮੈਂਬਰਾਂ ਦੇ ਜੀਵਨ ਨਾਲ ਸੰਬੰਧਤ ਅਹਿਮ ਫੈਸਲੇ ਉਹ ਹੀ ਕਰਦਾ ਹੈ। ਸਾਰੇ ਮੈਂਬਰ ਉਸ ਦੀ ਆਗਿਆ ਦਾ ਪਾਲਨ ਕਰਦੇ ਹਨ। ਟੱਬਰ ਦਾ ਇਹ ਰੂਪ ਪਿਤਾ ਪੁਰਖੀ ਸਮਾਜਾਂ ਵਿਚ ਆਮ ਪਾਇਆ ਜਾਂਦਾ ਹੈ। ਭਾਰਤ ਵਿਚ ਮੂਲ ਰੂਪ ਵਿੱਚ ਇਸ ਹੀ ਪ੍ਰਕਾਰ ਦੇ ਪਰਿਵਾਰ ਮਿਲਦੇ ਹਨ।

**6.5.2.2 ਮਾਤਾ ਪ੍ਰਧਾਨ ਟੱਬਰ (Matriarchal Family) :** ਇਥੇ ਸੱਤਾ ਮਾਤਾ ਦੇ ਗਰੁੱਪ ਦੇ ਹੱਥ ਵਿਚ ਹੁੰਦੀ ਹੈ। ਉਹ ਪਰਿਵਾਰ ਦੀ ਮਾਲਕਣ ਹੁੰਦੀ ਹੈ। ਮਾਂ ਦੇ ਨਾਂ ਤੇ ਹੀ ਔਲਾਦ ਗੋਤ ਧਾਰਣ ਕਰਦੀ ਹੈ ਅਤੇ ਜਾਇਦਾਦ ਵੀ ਮਾਂ ਦੇ ਨਾਂ ਤੇ ਹੀ ਚਲਦੀ ਹੈ। ਪਰਿਵਾਰ ਵਿੱਚ ਉਸ ਦਾ ਮਹੱਤਵਪੂਰਨ ਸਥਾਨ ਹੁੰਦਾ ਹੈ। ਅਸਲੀ ਤੌਰ ਤੇ ਭਾਵੇਂ ਸੱਤਾ ਮਾਂ ਦੇ ਹੱਥ ਵਿਚ ਹੁੰਦੀ ਹੈ ਪਰ ਅਕਸਰ ਉਸ ਦੇ ਗਰੁੱਪ ਦੇ ਮਰਦ ਮੈਂਬਰ ਹੀ ਮੁੱਖ ਫੈਸਲੇ ਲੈਂਦੇ ਹਨ ਅਤੇ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਕਾਰਜਾਂ ਦਾ ਸੰਚਾਲਨ ਕਰਦੇ ਹਨ। ਭਾਰਤ ਵਿਚ ਕੁਝ ਇੱਕ ਕਬੀਲਿਆਂ ਵਿੱਚ

ਇਸ ਪ੍ਰਕਾਰ ਦੀ ਪ੍ਰਥਾ ਹੈ ।

**6.5.3 ਵਿਆਹ ਦੇ ਆਧਾਰ ਤੇ ਟੱਬਰ ਦੀਆਂ ਕਿਸਮਾਂ** :ਵਿਆਹ ਦੇ ਆਧਾਰ ਤੇ ਟੱਬਰ ਦੀਆਂ ਹੇਠ ਲਿਖੀਆਂ ਕਿਸਮਾਂ ਹੁੰਦੀਆਂ ਹਨ ।

**6.5.3.1 ਇਕ-ਵਿਆਹੀ ਟੱਬਰ ਜਾਂ ਜੋੜਾ ਟੱਬਰ (Monogamous Family) :** ਇਕ ਵਿਆਹੀ ਪ੍ਰਥਾ ਅਰਥਾਤ ਇਕ ਪਤੀ ਅਤੇ ਪਤਨੀ ਵਾਲੇ ਵਿਆਹ ਤੇ ਆਧਾਰਿਤ ਟੱਬਰ ਨੂੰ ਅਸੀਂ ਇਕ ਵਿਆਹੀ ਟੱਬਰ ਕਹਿ ਸਕਦੇ ਹਾਂ । ਇਹ ਜੋੜਾ ਟੱਬਰ ਦਾ ਹੀ ਦੂਸਰਾ ਨਾਂ ਹੈ ਜਿਸ ਵਿਚ ਇਕ ਪਤੀ ਪਤਨੀ ਤੇ ਉਹਨਾਂ ਦੀ ਔਲਾਦ ਸ਼ਾਮਿਲ ਹੁੰਦੀ ਹੈ । ਆਧੁਨਿਕ ਸਾਰੇ ਸਭਿਆ ਸਮਾਜਾਂ ਜਾਂ ਵਿਆਹ ਦਾ ਇਹ ਰੂਪ ਪਾਇਆ ਜਾਂਦਾ ਹੈ ।

**6.5.3.2 ਬਹੁ-ਵਿਆਹੀ ਟੱਬਰ (Polygamous Family) :** ਬਹੁ ਵਿਆਹ ਤੋਂ ਭਾਵ ਜਿਸ ਵਿਚ ਇਕ ਪਤੀ ਦੀਆਂ ਕਈ ਪਤਨੀਆਂ ਜਾਂ ਇਕ ਪਤਨੀ ਦੇ ਕਈ ਪਤੀਆਂ ਦਾ ਰਿਸ਼ਤਾ ਹੋਵੇ, ਅਜਿਹੇ ਵਿਆਹ ਤੇ ਆਧਾਰਿਤ ਜੋ ਵੀ ਟੱਬਰ ਬਣਦਾ ਹੈ ਉਸ ਨੂੰ ਬਹੁ-ਵਿਆਹੀ ਟੱਬਰ ਕਿਹਾ ਜਾਂਦਾ ਹੈ । ਇਹ ਪਰਿਵਾਰ ਅੱਗੇ ਫਿਰ ਦੋ ਕਿਸਮਾਂ ਦਾ ਹੁੰਦਾ ਹੈ :-

**6.5.3.2.1 ਬਹੁਪਤੀ ਪਰਿਵਾਰ (Polyandrous Family)** : ਇਸ ਪ੍ਰਕਾਰ ਦੇ ਪਰਿਵਾਰ ਵਿੱਚ ਇਸਤਰੀ ਦੇ ਦੋ ਜਾਂ ਦੋ ਤੋਂ ਵੱਧ ਪਤੀ ਹੁੰਦੇ ਹਨ, ਉਸਨੂੰ ਬਹੁਪਤੀ ਪਰਿਵਾਰ ਕਿਹਾ ਜਾਂਦਾ ਹੈ, ਇਹ ਪਤੀ ਦੇ ਭਰਾ ਵੀ ਹੋ ਸਕਦੇ ਹਨ ਅਤੇ ਨਹੀਂ ਵੀ । ਇਕ ਪਤਨੀ ਤੇ ਕਈ ਪਤੀਆਂ ਤੇ ਆਧਾਰਿਤ ਪਰਿਵਾਰ ਸਿਰਫ਼ ਕੇਰਲਾ ਦੇ ਨਾਇਰ ਜਾਂ ਜੋਨਸਾਰ ਬਾਵਰ ਦੇ ਵਸਿੰਦਿਆਂ ਜਾਂ ਇਕ ਅੱਧ ਹੋਰ ਕਬੀਲੇ ਵਿੱਚ ਵੀ ਮਿਲਦੇ ਹਨ ।

**6.5.3.2.2 ਬਹੁਪਤਨੀ ਪਰਿਵਾਰ (Polygynous Family)** : ਜਦੋਂ ਇਕ ਵਿਅਕਤੀ ਦੋ ਜਾਂ ਦੋ ਤੋਂ ਵੱਧ ਇਸਤਰੀਆਂ ਨਾਲ ਇਕੋ ਹੀ ਸਮੇਂ ਵਿਆਹ ਕਰਦਾ ਹੈ, ਤਾਂ ਉਸਨੂੰ ਬਹੁਪਤਨੀ ਪਰਿਵਾਰ ਕਹਿੰਦੇ ਹਨ । ਇਕ ਤਰ੍ਹਾਂ ਦੇ ਟੱਬਰ ਤਾਂ ਅਕਸਰ ਮੁਸਲਿਮ ਸਮਾਜਾਂ ਵਿੱਚ ਮਿਲਦੇ ਹਨ ।

**6.5.4 ਰਿਹਾਇਸ਼ ਜਾਂ ਨਿਵਾਸ-ਅਸਥਾਨ ਦੇ ਆਧਾਰ ਤੇ ਟੱਬਰ ਦੀਆਂ ਕਿਸਮਾਂ**

ਇਥੇ ਵਸੇਬੇ ਤੋਂ ਭਾਵ ਵਿਆਹੁਤਾ ਜੋੜੀ ਦੇ ਵਿਆਹ ਤੋਂ ਬਾਅਦ ਦੇ ਵਸੇਬੇ ਤੋਂ ਹੈ । ਨਿਵਾਸ ਅਸਥਾਨ ਜਾਂ ਰਿਹਾਇਸ਼ ਦੇ ਆਧਾਰ ਤੇ ਟੱਬਰ ਦੀਆਂ ਹੇਠ ਲਿਖਿਆਂ ਕਿਸਮਾਂ ਹਨ :-

**6.5.4.1 ਪਿਤਰ ਸਥਾਨੀ ਟੱਬਰ (Patrilocal Family) :** ਇਥੇ ਵਸੇਬੇ ਤੋਂ ਭਾਵ ਵਿਆਹ ਤੋਂ ਬਾਅਦ ਜਦੋਂ ਇਕ ਧਿਰ ਆਪਣਾ ਵਸੇਬਾ ਛੱਡਕੇ ਦੂਜੇ ਨਾਲ ਵਸਦੀ ਹੈ । ਜਿਸ ਤਰ੍ਹਾਂ ਪਿਤਾ ਪੁਰਖੀ ਵਸੇਬੇ ਵਿਚ ਇਕ ਪਤਨੀ ਆਪਣੇ ਪਤੀ ਦੇ ਪਿਤਾ ਦੇ ਘਰ ਜਾ ਕੇ ਵਸਦੀ ਹੈ । ਇਸ ਤਰ੍ਹਾਂ ਆਮ ਤੌਰ ਤੇ ਸਾਂਝੇ ਪਰਿਵਾਰ ਵਿਚ ਹੁੰਦਾ ਹੈ । ਇਸ ਢੰਗ ਨਾਲ ਵੀ ਅਸੀਂ ਟੱਬਰਾਂ ਦੀ ਵਰਗ ਵੰਡ ਕਰ ਸਕਦੇ ਹਾਂ ਇਸ ਤਰ੍ਹਾਂ ਦੇ ਟੱਬਰ ਵਧੇਰੇ ਕਰਕੇ ਸਭਿਯ ਸਮਾਜਾਂ ਵਿੱਚ ਹੀ ਪਾਏ ਜਾਂਦੇ ਹਨ । ਪਰ ਕੁਝ ਕੁ ਜਨਜਾਤਾਂ ਜਿਵੇਂ ਖਰੀਆ, ਭੀਲ, ਖਸ ਆਦਿ ਵਿੱਚ ਵੀ ਇਸ ਤਰ੍ਹਾਂ ਦੇ ਪਰਿਵਾਰ ਪਾਏ ਜਾਂਦੇ ਹਨ ।

**6.5.4.2 ਮਾਤਰ-ਸਥਾਨੀ ਟੱਬਰ (Matrilocal Family) :** ਇਸ ਵਿਚ ਵਿਆਹ ਤੋਂ ਬਾਅਦ ਜੋੜੀ ਪਤਨੀ ਦੀ ਮਾਤਾ ਦੇ ਘਰ ਜਾ ਕੇ ਵਸਦੀ ਹੈ ਜਿਸਨੂੰ ਮਾਤਰ ਸਥਾਨ ਵਸੇਬੇ ਦਾ ਨਾਂ ਦਿੱਤਾ ਜਾਂਦਾ ਹੈ । ਆਮ ਤੌਰ ਤੇ ਔਲਾਦ ਉਸ ਗਰੁੱਪ ਦੀ ਮੈਂਬਰ ਬਣਦੀ ਹੈ ਜਿਸ ਨਾਲ ਉਹ ਵਸਦੀ ਹੈ । ਇਸ ਕਿਸਮ ਦੇ ਪਰਿਵਾਰ ਖਾਸੀ, ਗਾਰੋ, ਨਾਇਰ ਆਦਿ ਜਨਜਾਤਾਂ ਵਿੱਚ ਪਾਏ ਜਾਂਦੇ ਹਨ ।

**6.5.4.3 ਨਵ-ਸਥਾਈ ਟੱਬਰ (Neolocal Family ) :** ਜਦੋਂ ਵਿਆਹ ਤੋਂ ਬਾਅਦ ਜੋੜੀ ਮਾਤਾ ਪਿਤਾ ਦੇ ਗਰੁੱਪਾਂ ਤੋਂ ਅਲਗ ਆਪਣਾ ਨਵਾਂ ਸਥਾਨ ਬਣਾ ਕੇ ਰਹਿੰਦੀ ਹੈ ਜਿਸ ਨੂੰ ਆਮ ਤੌਰ ਤੇ ਨਵ-ਸਥਾਨੀ ਕਿਹਾ ਜਾਂਦਾ ਹੈ । ਅਜਿਹਾ ਪਰਿਵਾਰ ਅਕਸਰ ਜੋੜਾ ਪਰਿਵਾਰ ਜਾਂ ਜੋੜਾ ਟੱਬਰ ਹੀ ਹੁੰਦਾ ਹੈ । ਅੱਜ ਕਲ੍ਹ ਦੇ ਸ਼ਹਿਰੀ ਪਰਿਵਾਰਾਂ ਵਿੱਚ ਇਸ ਤਰ੍ਹਾਂ ਦੇ ਪਰਿਵਾਰਾਂ ਦੀ ਸੰਖਿਆ ਵਧਦੀ ਜਾ ਰਹੀ ਹੈ ।

**6.5.5 ਵੰਸ਼ ਦੇ ਨਾਂ ਦੇ ਆਧਾਰ ਤੇ ਪਰਿਵਾਰ ਦੀਆਂ ਕਿਸਮਾਂ** :ਵੰਸ਼ ਦੇ ਨਾਂ ਦੇ ਆਧਾਰ ਤੇ ਪਰਿਵਾਰ ਦੀਆਂ ਹੇਠ ਲਿਖੀਆਂ ਕਿਸਮਾਂ ਹਨ ।

**6.5.5.1 ਪਿਤਰੀ ਨਾਮੀ ਪਰਿਵਾਰ (Patrilincal Family)** : ਅਜਿਹੇ ਪਰਿਵਾਰਾਂ ਵਿੱਚ ਪਿਤਾ ਦੇ ਨਾਂ ਤੇ ਹੀ ਵੰਸ਼ ਦਾ ਨਾਂ ਚਲਦਾ ਹੈ ਇਸ ਲਈ ਇਸ ਨੂੰ ਪਿਤਰੀ ਨਾਮੀ ਜਾਂ ਪਿਤਾ ਨਾਮੀ ਪਰਿਵਾਰ ਕਿਹਾ ਜਾਂਦਾ ਹੈ ।

**6.5.5.2 ਮਾਤਰੀ ਨਾਮੀ ਪਰਿਵਾਰ (Matrilincal Family)** : ਅਜਿਹੇ ਪਰਿਵਾਰਾਂ ਵਿੱਚ ਮਾਤਾ ਦੇ ਨਾਂ ਤੇ ਹੀ ਵੰਸ਼ ਦਾ ਨਾਂ ਚਲਦਾ ਹੈ । ਇਸ ਲਈ ਇਸ ਨੂੰ ਮਾਤਰੀ ਨਾਮੀ ਜਾਂ ਮਾਤਾ ਨਾਮੀ ਪਰਿਵਾਰ ਕਿਹਾ ਜਾਂਦਾ ਹੈ । ਬੱਚਿਆਂ ਦਾ ਵੰਸ਼ ਵੀ ਮਾਤਾ ਦੇ ਵੰਸ਼ ਨਾਲ ਚਲਦਾ ਹੈ ।

**6.5.6 ਸਮਾਜਿਕ ਪਰਿਸਥਿਤੀ ਦੇ ਆਧਾਰ ਤੇ ਪਰਿਵਾਰ ਦੀਆਂ ਕਿਸਮਾਂ** :ਸਮਾਜਿਕ ਪਰਿਸਥਿਤੀ ਦੇ ਆਧਾਰ ਤੇ ਪਰਿਵਾਰ ਦੀਆਂ ਦੋ ਕਿਸਮਾਂ ਹੁੰਦੀਆਂ ਹਨ :

**6.5.6.1 ਪੇਂਡੂ ਪਰਿਵਾਰ** : ਪੇਂਡੂ ਪਰਿਵਾਰ ਸੰਯੁਕਤ ਪਰਿਵਾਰ ਹੁੰਦੇ ਹਨ । ਭਾਰਤ ਵਿੱਚ ਇਸ ਤਰ੍ਹਾਂ ਦੇ ਪਰਿਵਾਰਾਂ ਦੀ ਕਿਸਮ ਹੈ ਪੇਂਡੂ ਪਰਿਵਾਰ ਦੀ ਅਰਥਵਿਵਸਥਾ ਖੇਤੀ ਤੇ ਆਧਾਰਿਤ ਹੁੰਦੀ ਹੈ । ਪਰਿਵਾਰ ਦੇ ਸਾਰੇ ਮੈਂਬਰ ਇਕੋ ਹੀ ਕਿੱਤੇ ਨਾਲ ਸੰਬੰਧਿਤ ਹੁੰਦੇ ਹਨ ਤੇ ਵਿਭਿੰਨ ਕਾਰਜ ਕਰਦੇ ਹਨ । ਪਰਿਵਾਰ ਦਾ ਕਰਤਾ ਮੁੱਖੀ ਹੁੰਦਾ ਹੈ । ਪੇਂਡੂ ਪਰਿਵਾਰਾਂ ਦੀ ਪ੍ਰਕ੍ਰਿਤੀ ਰੂੜੀਵਾਦੀ ਹੁੰਦੀ ਹੈ । ਇਸ ਤੋਂ ਇਲਾਵਾ ਪੇਂਡੂ ਪਰਿਵਾਰਾਂ ਵਿੱਚ ਵੰਸ਼ ਪ੍ਰੰਪਰਾ ਅਤੇ ਸਹਿਭਾਗਿਤਾ ਦਾ ਮਹੱਤਵਪੂਰਨ ਸਥਾਨ ਹੈ । ਪਰੰਪਰਾ ਅਤੇ ਧਰਮ ਨੂੰ ਪੇਂਡੂ ਪਰਿਵਾਰਾਂ ਦੀ ਆਤਮਾ ਕਿਹਾ ਜਾ ਸਕਦਾ ਹੈ ।

**6.5.6.1 ਸ਼ਹਿਰੀ ਪਰਿਵਾਰ** : ਸ਼ਹਿਰੀ ਪਰਿਵਾਰ ਉਹ ਹੁੰਦੇ ਹਨ ਜੋ ਕਿ ਸ਼ਹਿਰਾਂ ਵਿੱਚ ਸਥਿਤ ਹਨ। ਉਦਯੋਗੀਕਰਨ ਤੇ ਸ਼ਹਿਰੀਕਰਨ ਦੇ ਵੱਧਣ ਨਾਲ ਸ਼ਹਿਰੀ ਪਰਿਵਾਰਾਂ ਦੀ ਗਿਣਤੀ ਵਿੱਚ ਤੇਜੀ ਨਾਲ ਵਾਧਾ ਹੋ ਰਿਹਾ ਹੈ। ਇਹਨਾ ਪਰਿਵਾਰਾਂ ਵਿੱਚ ਕਰਤਾ ਨੂੰ ਸਾਰੇ ਅਧਿਕਾਰ ਨਹੀਂ ਹੁੰਦੇ। ਸ਼ਹਿਰੀ ਪਰਿਵਾਰ ਆਕਾਰ ਵਿੱਚ ਛੋਟੇ ਹੁੰਦੇ ਹਨ। ਵਿਅਕਤੀ ਦੀ ਸਥਿਤੀ ਉਸ ਦੀ ਆਪਣੀ ਯੋਗਤਾ ਉੱਪਰ ਨਿਰਭਰ ਹੁੰਦੀ ਹੈ ਨਾ ਕਿ ਉਸ ਦੇ ਪਰਿਵਾਰਿਕ ਪਿਛੋਕੜ ਤੇ।

## 6.6 ਸਾਰ

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੈ ਕਿ ਟੱਬਰ ਦੀ ਸੰਸਥਾ ਤੋਂ ਬਿਨਾਂ ਸਮਾਜ ਦੀ ਉਸਾਰੀ ਸੰਭਵ ਨਹੀਂ।ਇਸ ਕਰਕੇ ਪਰਿਵਾਰ ਰਹਿਤ ਸਮਾਜ ਕਿਧਰੇ ਨਹੀਂ ਮਿਲਦੇ। ਇਸ ਦੇ ਸਰੂਪ, ਬਣਤਰ ਅਤੇ ਕਾਰਜਾਂ ਵਿਚ ਅਨੇਕਾਂ ਵਖਰੇਵੇਂ ਹੋਣ ਦੇ ਬਾਵਜੂਦ ਇਸ ਦੀ ਹੋਂਦ ਸਰਵ-ਵਿਆਪਕ ਹੈ। ਸਮਾਜੀਕਰਣ ਦੀ ਪ੍ਰਕ੍ਰਿਆ ਦੀ ਇਸ ਤੋਂ ਬਿਨਾ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ। ਵੱਖ-ਵੱਖ ਸਮਾਜਾਂ ਵਿੱਚ ਵੱਖ-ਵੱਖ ਕਿਸਮਾਂ ਦੇ ਪਰਿਵਾਰ ਹੁੰਦੇ ਹਨ। ਕਿਸੇ ਸਮਾਜ ਵਿੱਚ ਪਰਿਵਾਰ ਦਾ ਆਧਾਰ ਸੱਤਾ ਹੋ ਸਕਦਾ ਹੈ ਤਾਂ ਦੂਜੇ ਸਮਾਜ ਵਿੱਚ ਆਧਾਰ ਵੰਸ਼ ਹੋ ਸਕਦਾ ਹੈ। ਇਸ ਤੋਂ ਇਲਾਵਾ ਇਹ ਵੀ ਸੰਭਵ ਹੈ ਕਿ ਇਕੋ ਹੀ ਸਮਾਜ ਵਿੱਚ ਪਰਿਵਾਰ ਦੀਆਂ ਕਿਸਮਾਂ ਦੇ ਕਈ ਆਧਾਰ ਹੋਣ। ਆਧੁਨਿਕ ਯੁੱਗ ਵਿਚ ਪਰਿਵਾਰਾਂ ਦੇ ਹੋਰ ਰੂਪਾਂ ਦੀ ਥਾਂ ਜੋੜਾ ਪਰਿਵਾਰ ਲੈਂਦਾ ਜਾ ਰਿਹਾ ਹੈ ਪਰ ਇਹ ਰੂਪਕ ਤਬਦੀਲੀਆਂ ਇਸ ਦੀ ਬੁਨਿਆਦੀ ਮਹੱਤਤਾ ਨੂੰ ਨਹੀਂ ਘਟਾਉਂਦੀਆਂ।

## 6.7 ਮੁੱਖ ਸ਼ਬਦ

**ਪਰਿਵਾਰ** : ਲੋਕਾਂ ਦਾ ਸਮੂਹ ਜੋ ਆਪਸ ਵਿਚ ਖੂਨ ਦੇ ਰਿਸ਼ਤੇ, ਗੋਦ ਲੈਣ, ਜਾਂ ਵਿਆਹ ਦੇ ਰਿਸ਼ਤੇ ਨਾਲ ਬੱਝੇ ਹੁੰਦੇ ਹਨ, ਜੋ ਇਕ ਛੱਤ ਦੇ ਥੱਲੇ ਰਹਿੰਦੇ ਹਨ ਅਤੇ ਇਕ ਰਸੋਈ ਵਿਚ ਖਾਣਾ ਬਣਾਉਂਦੇ ਹਨ, ਉਸ ਸਮੂਹ ਨੂੰ ਪਰਿਵਾਰ ਦਾ ਨਾਂ ਦਿੱਤਾ ਜਾਂਦਾ ਹੈ।

**ਸਾਂਝਾ ਪਰਿਵਾਰ** : ਜਦੋਂ ਕਈ ਪੀੜ੍ਹੀਆਂ ਦੇ ਲੋਕ ਇਕ ਸਮੂਹ ਦੇ ਰੂਪ ਵਿਚ ਰਹਿੰਦੇ ਹਨ।

**ਮੂਲ ਪਰਿਵਾਰ** : ਜਦੋਂ ਪਤੀ-ਪਤਨੀ ਅਤੇ ਬੱਚੇ ਇਕ ਸਮੂਹ ਦੇ ਰੂਪ ਵਿਚ ਰਹਿੰਦੇ ਹਨ।

**ਪਿਤਾ ਪ੍ਰਧਾਨ ਪਰਿਵਾਰ** : ਜਦੋਂ ਸੱਤਾ ਪਿਤਾ ਦੇ ਹੱਥ ਵਿਚ ਹੋਵੇ। ਉਹ ਸਾਰੇ ਫੈਸਲੇ ਕਰਦਾ ਹੋਵੇ। ਜਾਇਦਾਦ ਤੇ ਉਸਦਾ ਹੱਕ ਹੋਵੇ ਤੇ ਵੰਸ਼ ਉਸਦੇ ਨਾਮ ਤੇ ਚਲੇ।

**ਮਾਤਾ ਪ੍ਰਧਾਨ ਪਰਿਵਾਰ** : ਜਦੋਂ ਸੱਤਾ ਮਾਤਾ ਦੇ ਹੱਥ ਵਿਚ ਹੋਵੇ। ਜਾਇਦਾਦ ਉਸਦੇ ਨਾਂ ਹੋਵੇ ਤੇ ਵੰਸ਼ ਵੀ ਮਾਤਾ ਦੇ ਨਾਂ ਤੇ ਹੀ ਚੱਲੇ।

**ਬਹੁਪਤਨੀ ਪਰਿਵਾਰ** : ਜਦੋਂ ਇਕ ਵਿਅਕਤੀ ਦੋ ਜਾਂ ਦੋ ਤੋਂ ਵੱਧ ਇਸਤਰੀਆਂ ਨਾਲ ਇਕੋ ਹੀ ਸਮੇਂ ਵਿਆਹ ਕਰਦਾ ਹੈ।

**ਬਹੁਪਤੀ ਪਰਿਵਾਰ** : ਜਿਸ ਪਰਿਵਾਰ ਵਿੱਚ ਇਕ ਇਸਤਰੀ ਦੇ ਦੋ ਜਾਂ ਦੋ ਤੋਂ ਵੱਧ ਪਤੀ ਹੁੰਦੇ ਹਨ।

## 6.8 ਸਵੈ-ਮੁਲਾਂਕਣ ਲਈ ਪ੍ਰਸ਼ਨ

1. ਪਰਿਵਾਰ ਦੁਨੀਆਂ ਭਰ ਦੇ ਹਰ ਦੇਸ਼ ਵਿੱਚ ਪਾਇਆ ਜਾਂਦਾ ਹੈ। ਹਾਂ/ਨਹੀਂ
2. ਪਰਿਵਾਰ ਦੇ ਮੈਂਬਰ ਆਪਸ ਵਿਚ ਹਿੱਸੇਦਾਰ ਹੁੰਦੇ ਹਨ। ਹਾਂ/ਨਹੀਂ
3. ਜੋੜਾ ਵਿਆਹ ਦੋ ਵਿਅਕਤੀਆਂ ਦਾ ਦੂਸਰੇ ਵਿਅਕਤੀਆਂ ਨਾਲ ਸਾਂਝਾ ਵਿਹਾਰ ਹੁੰਦਾ ਹੈ। ਹਾਂ/ਨਹੀਂ
4. ਰਲ-ਗੱਡ ਟੱਬਰ ਵਿਚ ਕੇਵਲ ਪਤੀ ਪਤਨੀ ਦੇ ਇਕੋ ਹੀ ਵਿਆਹ ਦੇ ਬੱਚੇ ਹੁੰਦੇ ਹਨ। ਹਾਂ/ਨਹੀਂ
5. ਮਾਤਾ ਪ੍ਰਧਾਨ ਟੱਬਰ ਵਿਚ ਜਾਇਦਾਦ ਬਾਪ ਦੇ ਨਾਂ ਹੁੰਦੀ ਹੈ। ਹਾਂ/ਨਹੀਂ
6. ਬਹੁ-ਵਿਆਹ ਟੱਬਰ ਵਿਚ ਇਕ ਪਤੀ ਤੇ ਕਈ ਪਤਨੀਆਂ ਹੁੰਦੀਆਂ ਹਨ। ਹਾਂ/ਨਹੀਂ
7. ਮਾਤਾ ਸਥਾਨੀ ਟੱਬਰ ਵਿਚ ਨਵਾਂ ਵਿਆਹਿਆ ਜੋੜਾ ਪਿਤਾ ਦੇ ਘਰ ਰਹਿੰਦਾ ਹੈ। ਹਾਂ/ਨਹੀਂ
8. ਨਵੇਂ ਸਥਾਈ ਟੱਬਰ ਵਿਚ ਵਿਆਹ ਤੋਂ ਬਾਅਦ ਜੋੜਾ ਆਪਣਾ ਵੱਖਰਾ ਘਰ ਬਣਾਉਂਦਾ ਹੈ। ਹਾਂ/ਨਹੀਂ
9. ਟੱਬਰ ਦੇ ਕੋਈ ਮਨੋਵਿਗਿਆਨਕ ਕਾਰਜ ਨਹੀਂ ਹੁੰਦੇ। ਹਾਂ/ਨਹੀਂ
10. ਟੱਬਰ ਵਿਚ ਆਰਥਿਕ ਸਾਂਝ ਹੁੰਦੀ ਹੈ। ਹਾਂ/ਨਹੀਂ

**ਕੁੰਜੀ** :

(1) ਹਾਂ (2) ਹਾਂ (3) ਨਹੀਂ (4) ਨਹੀਂ (5) ਨਹੀਂ (6) ਹਾਂ (7) ਨਹੀਂ (8) ਹਾਂ (9) ਨਹੀਂ (10) ਹਾਂ

## 6.9 ਸੁਝਾਏ ਪ੍ਰਸ਼ਨ

1. ਪਰਿਵਾਰ ਤੋਂ ਤੁਹਾਡਾ ਕੀ ਭਾਵ ਹੈ ? ਪਰਿਵਾਰ ਦੇ ਮੁੱਖ ਲੱਛਣਾਂ ਦਾ ਵਰਨਣ ਕਰੋ ।
2. ਪਰਿਵਾਰ ਦੀ ਪਰਿਭਾਸ਼ਾ ਦਰਸਾਉ । ਇਸ ਦੀਆਂ ਵੱਖ-ਵੱਖ ਕਿਸਮਾਂ ਦਾ ਵਰਨਣ ਕਰੋ ।

**ਸੰਖੇਪ ਪ੍ਰਸ਼ਨ (ਬਿਆਨ ਕਰੋ)**

(ੳ) ਮੂਲ ਪਰਿਵਾਰ
(ਅ) ਵਿਸਤ੍ਰਿਤ ਪਰਿਵਾਰ
(ੲ) ਬਹੁ-ਵਿਆਹੀ ਟੱਬਰ
(ਸ) ਨਵ-ਸਥਾਈ ਟੱਬਰ
(ਹ) ਪਿਤਰ-ਸਥਾਨੀ ਟੱਬਰ
(ਕ) ਰਲ-ਗੱਡ ਟੱਬਰ
(ਖ) ਸ਼ਹਿਰੀ ਪਰਿਵਾਰ
(ਗ) ਮਾਤਾ ਪ੍ਰਧਾਨ ਟੱਬਰ

## 6.10 ਸਹਿਯੋਗੀ ਪੁਸਤਕਾਂ


| | | |
|---|---|---|
| Goode, William J. | : | The Family |
| Ray, E. Baber | : | Marriage and the Family After the war. |
| Balsara, F.N. | : | Sociology |
| Kaur, Sawinderjeet | : | Samaj Vigyan De Mool Sankalp. |
| Fox, Robin | : | Kinship and Marriage |

ਪਾਠ ਨੰ : 2.3 ਲੇਖਕ : ਡਾ. ਗੁਰਮੀਤ ਸਿੰਘ ਸਿੱਧੂ

# ਪਰਿਵਾਰ ਅਤੇ ਉਸਦੇ ਕਾਰਜ
## (Family and its functions)

ਬਣਤਰ


7.0 ਉਦੇਸ਼
7.1 ਜਾਣ ਪਛਾਣ
7.2 ਪਰਿਵਾਰ ਕੀ ਹੈ ?
7.3 ਪਰਿਵਾਰ ਦਾ ਅਰਥ
7.4 ਪਰਿਵਾਰ ਦੀਆਂ ਪਰਿਭਾਸ਼ਾਵਾਂ
7.5 ਪਰਿਵਾਰ ਦੀਆਂ ਵਿਸ਼ੇਸ਼ਤਾਈਆਂ
- 7.5.1 ਪਰਿਵਾਰ ਇਕ ਸਮਾਜਿਕ ਸਮੂਹ ਹੈ
- 7.5.2 ਪਤੀ ਪਤਨੀ ਸੰਬੰਧ
- 7.5.3 ਖੂਨ ਜਾਂ ਵੰਸ਼ ਸੰਬੰਧ
- 7.5.4 ਸਾਂਝਾ ਘਰ
- 7.5.5 ਵੰਸ਼-ਨਾਮ

7.6 ਪਰਿਵਾਰ ਦੇ ਕਾਰਜ
- 7.6.1 ਜੀਵ ਵਿਗਿਆਨਕ ਕਾਰਜ
  - 7.6.1.1 ਲਿੰਗਕ ਇਛਾਵਾਂ ਦੀ ਪੂਰਤੀ
  - 7.6.1.2 ਸੰਤਾਨ ਦੀ ਉਤਪਤੀ
  - 7.6.1.3 ਸੰਤਾਨ ਦੀ ਸੰਭਾਲ
- 7.6.2 ਸਮਾਜਕ ਕਾਰਜ
  - 7.6.2.1 ਸਮਾਜੀਕਰਨ
  - 7.6.2.2 ਸਮਾਜਕ ਕੰਟਰੋਲ
- 7.6.3 ਆਰਥਕ ਕਾਰਜ
  - 7.6.3.1 ਪੈਦਾਵਾਰ ਦੀ ਇਕਾਈ
  - 7.6.3.2 ਆਰਥਕ ਸੁਰੱਖਿਆ
  - 7.6.3.3 ਜਾਇਦਾਦ ਦੀ ਵੰਡ ਅਤੇ ਸੰਭਾਲ
- 7.6.4 ਮਨੋਵਿਗਿਆਨਕ ਕਾਰਜ
  - 7.6.4.1 ਮਨ ਪ੍ਰਚਾਵਾ
  - 7.6.4.2 ਦੁੱਖ ਅਤੇ ਸੁੱਖ ਵਿਚ ਸਹਾਰਾ
- 7.6.5 ਧਾਰਮਿਕ ਕਾਰਜ

7.7 ਸਾਰ
7.8 ਮੁੱਖ ਸ਼ਬਦ

7.9 ਅਭਿਆਸ ਲਈ ਪ੍ਰਸ਼ਨ

7.10 ਉਪਯੋਗੀ ਪੁਸਤਕਾਂ

## 7.0 ਉਦੇਸ਼

ਇਸ ਪਾਠ ਵਿਚ ਅਸੀਂ ਪਰਿਵਾਰ ਨਾਲ ਸੰਬੰਧਤ ਮੁਢਲੀ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਾਂਗੇ। ਪਰਿਵਾਰ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਸ਼ੁਰੂ ਵਿਚ ਸਾਨੂੰ ਇਸ ਦੇ ਸ਼ਬਦਾਇਕ ਅਰਥ, ਪਰਿਭਾਸ਼ਾਂ ਅਤੇ ਵਿਸ਼ੇਸ਼ਤਾਈਆਂ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ। ਇਸ ਅਧਿਆਇ ਦੇ ਦੂਸਰੇ ਭਾਗ ਵਿਚ ਅਸੀਂ ਪਰਿਵਾਰ ਦੇ ਕਾਰਜਾਂ ਦਾ ਵਰਨਣ ਕਰਾਂਗੇ। ਇਸ ਤੋਂ ਉਪਰੰਤ ਅਸੀਂ ਭਾਰਤੀ ਪਰਿਵਾਰ ਦੀ ਪ੍ਰਾਕ੍ਰਿਤੀ ਨੂੰ ਸਮਝਣ ਦਾ ਯਤਨ ਕਰਾਂਗੇ।

## 7.1 ਜਾਣ ਪਛਾਣ

ਭਾਰਤੀ ਸਮਾਜ ਦੀ ਸੰਰਚਨਾ ਨੂੰ ਸਮਝਣ ਲਈ ਭਾਰਤੀ ਪਰਿਵਾਰ ਦਾ ਅਧਿਐਨ ਲਾਜ਼ਮੀ ਹੈ ਕਿਉਂਕਿ ਪਰਿਵਾਰ ਇਕ ਅਜਿਹੀ ਸੰਸਥਾ ਹੈ, ਜਿਸਨੂੰ ਸਮਾਜ ਦਾ ਅਧਾਰ ਵੀ ਆਖਿਆ ਜਾਂਦਾ ਹੈ। ਸਮਾਜ ਦੀ ਇਸ ਬੁਨਿਆਦੀ ਸੰਸਥਾ ਨੂੰ ਅਸੀਂ ਸਮਾਜਕ ਸੰਸਥਾਵਾਂ ਦਾ ਇਕ ਪ੍ਰਬੰਧ ਵੀ ਕਹਿ ਸਕਦੇ ਹਾਂ ਕਿਉਂਕਿ ਪਰਿਵਾਰ ਨਾਲ ਵਿਆਹ, ਰਿਸ਼ਤੇਦਾਰੀ, ਧਰਮ, ਸਿੱਖਿਆ, ਆਰਥਕਤਾ ਅਤੇ ਰਾਜਨੀਤਿਕ ਸੰਸਥਾਵਾਂ ਦਾ ਬਹੁਤ ਗੂਹੜਾ ਸੰਬੰਧ ਹੈ। ਪਰਿਵਾਰ ਨਾਲ ਮਨੁੱਖ ਦਾ ਵਾਹ ਹਮੇਸ਼ਾ ਰਹਿੰਦਾ ਹੈ ਭਾਵ ਸਮਾਜ ਵਿਚ ਰਹਿੰਦਾ ਵਿਅਕਤੀ ਜਨਮ ਤੋਂ ਮਰਨ ਤੱਕ ਦਾ ਸਮਾਂ ਪਰਿਵਾਰ ਵਿਚ ਬਤੀਤ ਕਰਦਾ ਹੈ। ਪਰਿਵਾਰ ਮਨੁੱਖ ਦੀਆਂ ਜੀਵ ਵਿਗਿਆਨਕ, ਸਮਾਜਕ, ਆਰਥਕ, ਰਾਜਨੀਤਕ ਅਤੇ ਮਨੋਵਿਗਿਆਨਕ ਲੋੜਾਂ ਦੀ ਪੂਰਤੀ ਕਰਦਾ ਹੈ।

ਪ੍ਰਾਚੀਨ ਸਮਾਜਾਂ ਵਿਚ ਪਰਿਵਾਰ ਦੀ ਬਹੁਤ ਅਹਿਮੀਅਤ ਸੀ ਮਨੁੱਖ ਦੇ ਲਗਭਗ ਸਾਰੇ ਮਹੱਤਵਪੂਰਨ ਕਾਰਜ ਪਰਿਵਾਰ ਦੁਆਰਾ ਨਿਰਧਾਰਤ ਹੁੰਦੇ ਸਨ। ਪਰਿਵਾਰ ਇਕ ਸੰਪੂਰਨ ਇਕਾਈ ਦੇ ਤੌਰ 'ਤੇ ਕੰਮ ਕਰਦਾ ਸੀ। ਮਨੁੱਖ ਦੀਆਂ ਸਮੁੱਚੀਆਂ ਲੋੜਾਂ ਪਰਿਵਾਰ ਵਲੋਂ ਪੂਰੀਆਂ ਕੀਤੀਆਂ ਜਾਂਦੀਆਂ ਸਨ। ਵਿਅਕਤੀ ਪਰਿਵਾਰ ਨਾਲ ਐਨਾ ਜੁੜਿਆ ਹੁੰਦਾ ਸੀ ਕਿ ਉਹ ਇਸ ਤੋਂ ਬਗੈਰ ਜੀਵਨ ਬਾਰੇ ਸੋਚਦਾ ਤੱਕ ਨਹੀਂ ਸੀ। ਪਰਿਵਾਰ ਵਿਚ ਰਹਿੰਦੇ ਵਿਅਕਤੀ ਦੀ ਹਰ ਪੱਖੋਂ ਪਰਿਵਾਰ ਸੁਰੱਖਿਆ ਕਰਦਾ ਸੀ।

ਆਧੁਨਿਕ ਸਮਾਜਾਂ ਵਿਚ ਪਰਿਵਾਰ ਦੇ ਬਹੁਤੇ ਕਾਰਜ ਹੁਣ ਹੋਰਨਾਂ ਸੰਸਥਾਵਾਂ ਨੇ ਸੰਭਾਲ ਲਏ ਹਨ ਜਿਸ ਕਰਕੇ ਪਰਿਵਾਰ ਹੁਣ ਆਪਣੇ ਬੁਨਿਆਦੀ ਕਾਰਜਾਂ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਪਰਿਵਾਰ ਦੀ ਬਣਤਰ ਵਿਚ ਤਬਦੀਲੀਆਂ ਆ ਰਹੀਆਂ ਹਨ ਜਿਸ ਕਰਕੇ ਲਗਾਤਾਰ ਇਹ ਸੰਸਥਾ ਖੰਡਤ ਹੋ ਰਹੀ ਹੈ। ਆਧੁਨਿਕੀਕਰਨ ਦੀ ਪਰਕਿਰਿਆ ਸਦਕਾ ਪਰਿਵਾਰ ਆਪਣੇ ਆਕਾਰ ਅਤੇ ਕਾਰਜਾਂ ਪੱਖੋਂ ਸੁੰਗੜਦਾ ਜਾ ਰਿਹਾ ਹੈ। ਪੱਛਮੀ ਮੁਲਕਾਂ ਵਿਚ ਤਾਂ ਪਰਿਵਾਰ ਨੂੰ 'ਗੁਲਾਮੀ ਦੀ ਸੰਸਥਾ' ਸਮਝ ਕੇ ਇਸ ਦੀ ਕਾਫ਼ੀ ਆਲੋਚਨਾ ਵੀ ਹੋ ਰਹੀ ਹੈ। ਇਸ ਸਭ ਦੇ ਬਾਵਜੂਦ ਵੀ ਪਰਿਵਾਰ ਦੀ ਸਮਾਜ ਵਿਚ ਅਹਿਮੀਅਤ ਹੈ। ਪਰਿਵਾਰ ਸਮਾਜ ਲਈ ਅਜਿਹੇ ਬੁਨਿਆਦੀ ਕਾਰਜ ਕਰਦਾ ਹੈ ਜਿਨ੍ਹਾਂ ਨੂੰ ਹੋਰ ਕੋਈ ਸੰਸਥਾ ਨਹੀਂ ਕਰ ਸਕਦੀ। ਪਰਿਵਾਰ ਨੇ ਸਮਾਜ ਦੇ ਬੁਨਿਆਦੀ ਕਾਰਜਾਂ ਲਈ ਆਪਣੀ ਮਹੱਤਤਾ ਬਣਾਈ ਹੋਈ ਹੈ। ਪਰਿਵਾਰ ਦੀ ਸਮਾਜ ਲਈ ਅਹਿਮੀਅਤ ਨੂੰ ਮੁੱਖ ਰੱਖਦਿਆਂ ਸਮਾਜ ਸ਼ਾਸਤਰੀ ਇਸ ਦੇ ਅਧਿਐਨ ਵੱਲ ਵਿਸ਼ੇਸ਼ ਰੁਚੀ ਰੱਖਦੇ ਹਨ।

## 7.2 ਪਰਿਵਾਰ ਕੀ ਹੈ ?

ਜਦੋਂ ਅਸੀਂ ਪਰਿਵਾਰ ਬਾਰੇ ਗੱਲ ਸ਼ੁਰੂ ਕਰਦੇ ਹਾਂ ਕਿ ਇਹ ਕੀ ਹੁੰਦਾ ਹੈ ? ਤਾਂ ਆਮ ਸਧਾਰਨ ਵਿਅਕਤੀ ਜਵਾਬ ਦਿੰਦਾ ਹੈ ਕਿ ਜਿਥੇ ਅਸੀਂ ਰਹਿੰਦੇ ਹਾਂ ਜਾਂ ਜਿਥੇ ਮਨੁੱਖ ਮਿਲਕੇ ਰਹਿੰਦੇ ਹਨ। ਸਮਾਜ ਵਿਗਿਆਨੀ ਅਨੁਸਾਰ ਲੋਕਾਂ ਦੇ ਇਕੱਠੇ ਰਹਿਣ ਨੂੰ ਹੀ ਪਰਿਵਾਰ ਨਹੀਂ ਆਖਿਆ ਜਾ ਸਕਦਾ। ਪਰਿਵਾਰ ਇਕ ਅਜਿਹੇ ਵਿਅਕਤੀ ਦਾ ਸਮੂਹ ਜਾਂ ਇਕੱਠ ਹੁੰਦਾ ਹੈ ਜਿਹੜੇ ਵਿਆਹ ਅਤੇ ਖ਼ੂਨ ਦੇ ਰਿਸ਼ਤਿਆਂ ਨਾਲ ਜੁੜੇ ਹੁੰਦੇ ਹਨ। ਸੋ ਪਰਿਵਾਰ ਲਈ ਪਤੀ ਪਤਨੀ ਅਤੇ ਉਨ੍ਹਾਂ ਦੇ ਬੱਚਿਆਂ (ਬੱਚੇ ਭਾਵੇਂ ਗੋਦ ਲਏ ਹੋਣ ਜਾਂ ਨਾ ਹੋਣ) ਹੋਣਾ ਜ਼ਰੂਰੀ ਹੈ ਜੋ ਕਿ ਇਕ ਸਾਂਝੀ ਥਾਂ 'ਤੇ ਰਹਿੰਦੇ ਹੋਏ ਆਪਣਾ ਇਕ ਵੰਸ਼ ਨਾਮ ਰੱਖਦੇ ਹੋਣ। ਪਰਿਵਾਰ ਦੇ ਮੈਂਬਰ ਆਪੋ-ਆਪਣੀਆਂ ਭੂਮਿਕਾਵਾਂ ਰਾਹੀਂ ਅੰਤਰ ਕਿਰਿਆ ਅਤੇ ਕਾਰਜਾਂ ਸਦਕਾ ਸੰਸਕ੍ਰਿਤੀ ਦਾ ਨਿਰਮਾਣ ਕਰਦੇ ਹਨ। ਇਸ ਤਰ੍ਹਾਂ ਪਰਿਵਾਰ ਵਿਚ ਪਤੀ ਪਤਨੀ, ਮਾਤਾ ਪਿਤਾ, ਪੁੱਤਰ-ਪੁਤਰੀ, ਪਿਤਾ-ਮਾਤਾ, ਭੈਣ-ਭਰਾ, ਜਾਂ ਭੈਣ-ਭੈਣ, ਜਾਂ ਭਰਾ-ਭਰਾ, ਦਾਦਾ-ਦਾਦੀ, ਚਾਚਾ ਚਾਚੀ, ਤਾਇਆ ਤਾਈ ਆਦਿ ਰਿਸ਼ਤਆਂ ਵਿਚ ਬਝੇ ਵਿਅਕਤੀ ਪਰਿਵਾਰ ਦਾ ਨਿਰਮਾਣ ਕਰਦੇ ਹਨ।

## 7.3 ਪਰਿਵਾਰ ਦਾ ਅਰਥ

ਪਰਿਵਾਰ ਅੰਗਰੇਜ਼ੀ ਭਾਸ਼ਾ ਦੇ ਸ਼ਬਦ family ਦਾ ਪੰਜਾਬੀ ਰੂਪ ਹੈ। ਅੰਗਰੇਜ਼ੀ ਭਾਸ਼ਾ ਵਿਚ ਫੈਮਲੀ ਸ਼ਬਦ ਰੋਮਨ

ਭਾਸ਼ਾਂ ਦੇ ਸ਼ਬਦ famulous ਤੋਂ ਬਣਿਆ ਹੈ ਜਿਸਦੇ ਅਰਥ ਹਨ 'ਦਾਸ' ਰੋਮ ਕਾਨੂੰਨ ਦੇ ਮੁਤਾਬਕ ਦਾਸ ਸ਼ਬਦ ਨੂੰ ਪਹਿਲਾਂ ਇੱਕਠ ਲਈ ਵਰਤਿਆ ਜਾਂਦਾ ਸੀ ਪਿਛੋਂ ਇਹੀ ਸ਼ਬਦ ਦੀ ਵਰਤੋਂ ਇਕ ਅਜਿਹੇ ਸਮੂਹ ਲਈ ਹੋਣ ਲਗ ਪਈ ਜੋ ਖੂਨ ਅਤੇ ਵਿਆਹ ਦੇ ਸੰਬੰਧਾਂ ਨਾਲ ਜੁੜਿਆ ਹੁੰਦਾ ਸੀ। ਇਸ ਤਰ੍ਹਾਂ family ਸ਼ਬਦ ਦੀ ਵਰਤੋਂ ਇਕ ਅਜਿਹੇ ਸਮੂਹ ਲਈ ਹੋਣ ਲੱਗੀ ਜੋ ਖੂਨ ਅਤੇ ਵਿਆਹ ਦੇ ਰਿਸ਼ਤਿਆਂ ਨਾਲ ਬਣਿਆ ਹੋਵੇ।

ਸੋ ਸ਼ਬਦਾਇਕ ਅਰਥਾਂ ਪੱਖੋਂ ਪਰਿਵਾਰ ਕੁਝ ਲੋਕਾਂ ਦਾ ਇਕੱਠ ਹੀ ਨਹੀਂ ਸਗੋਂ ਇਹ ਇਸਦੇ ਮੈਂਬਰਾਂ ਦੇ ਪਰਸਪਰ ਖੂਨ ਅਤੇ ਵਿਆਹ ਦੇ ਰਿਸ਼ਤਿਆਂ ਦੀ ਸੰਸਥਾ ਹੈ। ਪਰਿਵਾਰ ਇਕ ਅਜਿਹੀ ਸੰਸਥਾ ਹੈ ਜਿਸ ਵਿਚ ਪਤੀ-ਪਤਨੀ ਅਤੇ ਉਹਨਾਂ ਦੇ ਬੱਚੇ ਆਪਣੀਆਂ ਜੀਵ-ਵਿਗਿਆਨਕ ਅਤੇ ਸਮਾਜਕ ਜ਼ਰੂਰਤਾਂ ਪੂਰੀਆਂ ਕਰਦੇ ਹਨ।

### 7.4 ਪਰਿਵਾਰ ਦੀਆਂ ਪਰਿਭਾਸ਼ਾਵਾਂ

ਪਰਿਵਾਰ ਬਾਰੇ ਹੋਰ ਵਿਸਥਾਰ ਵਿਚ ਜਾਣਕਾਰੀ ਪ੍ਰਾਪਤ ਕਰਨ ਲਈ ਵੱਖ-ਵੱਖ ਸਮਾਜ ਵਿਗਿਆਨੀਆਂ ਦੁਆਰਾ ਦਿੱਤੀਆਂ ਪਰਿਭਾਸ਼ਾਵਾਂ ਦੀ ਜਾਣਕਾਰੀ ਹੋਣੀ ਵੀ ਜ਼ਰੂਰੀ ਹੈ। ਪਰਿਵਾਰ ਨੂੰ ਵੱਖ-ਵੱਖ ਸਮਾਜ ਵਿਗਿਆਨੀਆਂ ਨੇ ਆਪੋ ਆਪਣੇ ਨਜ਼ਰੀਏ ਮੁਤਾਬਕ ਪਰਿਭਾਸ਼ਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ।

**ਜਾਰਜ ਪੀਟਰ ਮਾਰਡਕ** ਨੇ ਪਰਿਵਾਰ ਨੂੰ ਪਰਿਭਾਸ਼ਤ ਕਰਦਿਆਂ ਲਿਖਿਆ ਹੈ ਕਿ ''ਪਰਿਵਾਰ ਇਕ ਸਮਾਜਕ ਸਮੂਹ ਹੈ ਜਿਸ ਵਿਚ ਸਾਂਝਾ ਘਰ, ਆਰਥਕ ਸਹਿਯੋਗ ਅਤੇ ਸੰਤਾਨ ਦੀ ਉਤਪਤੀ (reproduction) ਦੀ ਵਿਸ਼ੇਸ਼ਤਾ ਹੁੰਦੀ ਹੈ। ਇਸ ਵਿਚ ਪ੍ਰਾਵਨਤ ਲਿੰਗ ਸੰਬੰਧ, ਇਕ ਜਾਂ ਬਹੁਤ ਬੱਚੇ ਆਪਣੇ ਜਾਂ ਗੋਦ ਲਏ ਹੋਣ ਅਤੇ ਜਵਾਨਾਂ ਦੀ ਲਿੰਗਕ ਸਹਿਹੋਂਦ (cohabiting) ਪਾਈ ਜਾਂਦੀ ਹੈ। (George Peter Murdockd, 1665; 1) ।''

**ਪਾਸਕਲ ਗਿਜਬਰਟ ਅਨੁਸਾਰ,** ''ਇਕ ਤਰੀਕੇ ਨਾਲ ਪਰਿਵਾਰ ਇਸਦੇ ਮੈਂਬਰਾਂ ਦੇ ਸਾਂਝੇ ਰਹਾਇਸ਼ ਦੀ ਇਕ ਜੀਵ ਵਿਗਿਆਨ ਇਕਾਈ ਹੈ ਜਿਸ ਵਿਚ ਪਤੀ ਪਤਨੀ ਦੇ ਕਾਮਕ ਸੰਬੰਧਾਂ ਦਾ ਸੰਸਥਾਈਕਰਨ ਹੁੰਦਾ ਹੈ (Pascual Gisbert, 1959 : 64)''।

**ਔਗਬਨ ਅਤੇ ਨਿਮਕੌਫ** ਦੇ ਮੁਤਾਬਕ, ''ਜਦੋਂ ਅਸੀਂ ਪਰਿਵਾਰ ਬਾਰੇ ਸੋਚਦੇ ਹਾਂ ਤਾਂ ਸਾਡੇ ਸਾਹਮਣੇ ਘੱਟ ਜਾਂ ਵਧੇਰੇ ਬੱਚਿਆਂ ਨਾਲ ਜਾਂ ਬੱਚਿਆਂ ਤੋਂ ਬਿਨਾਂ ਪਤੀ-ਪਤਨੀ ਦੇ ਸਥਿਰ ਸਬੰਧਾਂ ਸਾਹਿਤ ਕਿਸੇ ਪੁਰਸ਼ ਜਾਂ ਇਸਤਰੀ ਦਾ ਖਾਕਾ ਹੀ ਹੁੰਦਾ ਹੈ। ਕਾਮ ਵ੍ਰਿਤੀ ਅਤੇ ਪਿਤਰੀ ਕਾਰਜ ਪਰਿਵਾਰ ਦੇ ਵਿਸ਼ੇਸ਼ ਗੁਣ ਹੁੰਦੇ ਹਨ। ਇਹ ਇਸ ਸੰਸਥਾ ਦੇ ਹੋਂਦ ਵਿਚ ਆਉਣ ਦੇ ਮੂਲ ਕਾਰਣ ਹਨ ਅਤੇ ਸਾਰੀਆਂ ਸੰਸਕ੍ਰਿਤੀਆਂ ਵਿਚ ਇਹ ਪਰਿਵਾਰ ਦੇ ਸਾਂਝੇ ਗੁਣ ਰਹੇ ਹਨ (ਵਿਲੀਅਮ ਔਫ਼ ਔਗਬਰਨ ਅਤੇ ਮੇਅਰ ਔਫ਼ ਨਿਮਕਾਫ਼, 1990 : 725)।

**ਵਿਲਿਅਮ ਜੇ ਗੁੱਡ ਅਨੁਸਾਰ,** ''ਪਰਿਵਾਰ ਸਿਰਫ਼ ਪਤੀ ਪਤਨੀ ਜਾਂ ਮਾਪਿਆਂ ਅਤੇ ਬੱਚਿਆਂ ਵਿਚਕਾਰ ਸੰਬੰਧ ਨਹੀਂ ਹੈ ਪ੍ਰੰਤੂ ਇਹ ਪਰਿਵਾਰ ਦੇ ਮੈਂਬਰਾਂ ਦਾ ਸਮਾਜਕ ਤਾਣੇ-ਬਾਣੇ ਨਾਲ ਸੰਪਰਕ ਦਾ ਇਕ ਪ੍ਰਬੰਧ (set) ਅਤੇ ਸਮਾਜ ਦਾ ਇਕ ਵਿਸ਼ਾਲ ਤਾਣਾ ਬਾਣਾ ਹੈ (William J Goode, 1965 : 31) ।

**ਮੈਕਾਇਵਰ ਅਤੇ ਪੇਜ** ਮੁਤਾਬਕ, ਪਰਿਵਾਰ ਇਕ ਅਜਿਹਾ ਸਮੂਹ ਹੈ ਜੋ ਨਿਸ਼ਚਤ ਅਤੇ ਸਥਿਰ ਕਾਮਕ ਸੰਬੰਧਾਂ ਦੁਆਰਾ ਪਰਿਭਾਸ਼ਤ ਕੀਤਾ ਜਾਂਦਾ ਹੈ ਜੋ ਬੱਚਿਆਂ ਨੂੰ ਪੈਦਾ ਕਰਨ ਅਤੇ ਪਾਲਣ ਪੋਸ਼ਣ ਲਈ ਮੌਕੇ ਪ੍ਰਦਾਨ ਕਰਦਾ ਹੈ (Maclver and Page, 1937 : 238)

**ਗਿਡਨਜ ਦੇ ਅਨੁਸਾਰ** ''ਪਰਿਵਾਰ ਰਿਸ਼ਤੇ ਦੇ ਸਿੱਧੇ ਸਬੰਧਾਂ ਨਾਲ ਜੁੜੇ ਵਿਅਕਤੀਆਂ ਦਾ ਸਮੂਹ ਹੈ ਜਿਸਦੇ ਨੌਜਵਾਨ ਮੈਂਬਰ ਬੱਚਿਆਂ ਦੀ ਸੰਭਾਲ ਨੂੰ ਜ਼ੁੰਮੇਵਾਰੀ ਸਮਝਦੇ ਹਨ (Anthony Giddens, 1997 : 140)''।

ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਪਰਿਵਾਰ ਇਕ ਉਹ ਸਮਾਜਕ ਸਮੂਹ ਜਾਂ ਸੰਗਠਨ ਹੈ ਜਿਸ ਵਿਚ ਪਤੀ ਪਤਨੀ ਅਤੇ ਉਹਨਾਂ ਦੇ ਬੱਚੇ (ਬੱਚੇ ਭਾਵੇਂ ਗੋਦ ਲਏ ਵੀ ਕਿਉਂ ਨਾ ਹੋਣ) ਸ਼ਾਮਲ ਹੁੰਦੇ ਹਨ। ਇਹ ਸਮੂਹ ਦੇ ਮੈਂਬਰ ਇਕ ਥਾਂ ਤੇ ਇਕਠੇ ਰਹਿੰਦੇ ਹਨ ਇਹਨਾਂ ਵਿਚ ਪਤੀ ਜਾਂ ਪਤਨੀ ਦੇ ਮਾਤਾ ਪਿਤਾ ਵੀ ਸ਼ਾਮਲ ਹੋ ਸਕਦੇ ਹਨ। ਪਰਿਵਾਰ ਦੇ ਮੈਂਬਰਾਂ ਦੇ ਆਪਸੀ ਰਿਸ਼ਤੇ ਖੂਨ ਦੇ ਸਬੰਧਾਂ ਅਤੇ ਵਿਆਹ ਰਾਹੀਂ ਸਥਾਪਤ ਹੁੰਦੇ ਹਨ। ਪਰਿਵਾਰ ਦੇ ਮੈਂਬਰਾਂ ਦੀਆਂ ਜ਼ਰੂਰਤਾਂ ਅਤੇ ਪਰਿਵਾਰ ਦੇ ਕਾਰਜ ਇਸ ਨੂੰ ਸੰਸਥਾਈ ਰੂਪ ਦਿੰਦੇ ਹਨ।

ਪਰਿਵਾਰ ਸਮਾਜ ਵਿਚ ਸਥਾਪਤ ਇਕ ਪੂਰਣ ਸੰਸਥਾ ਹੈ ਜਿਸਦੀ ਸਥਾਪਤੀ ਲਈ ਵਿਅਕਤੀ ਨੂੰ ਉਪਰਾਲੇ ਕਰਨ ਦੀ ਜ਼ਰੂਰਤ ਨਹੀਂ ਪੈਂਦੀ। ਇਸ ਵਿਚ ਨਵੇਂ ਮੈਂਬਰ ਜਨਮ ਲੈਂਦੇ ਰਹਿੰਦੇ ਹਨ ਅਤੇ ਪੁਰਾਣਿਆਂ ਦੀ ਮੌਤ ਹੋ ਜਾਂਦੀ ਹੈ। ਜਿਵੇਂ

ਪਰਿਵਾਰ ਦੇ ਮੈਂਬਰਾਂ ਦੇ ਜੀਵਨ ਮਰਨ ਦਾ ਚੱਕਰ ਚੱਲਦਾ ਰਹਿੰਦਾ ਹੈ ਉਸੇ ਤਰ੍ਹਾਂ ਪਰਿਵਾਰ ਦਾ ਸਰੂਪ ਵੀ ਇਕ ਚੱਕਰ ਮੁਤਾਬਕ ਚਲਦਾ ਹੈ। ਸੰਰਚਨਾਤਮਕ ਪੱਖ ਤੋਂ ਵੇਖਿਆ ਜਾਵੇ ਤਾਂ ਪਰਿਵਾਰ ਵਿਚ ਰਹਿੰਦੇ ਬੱਚਿਆਂ ਦਾ ਵਿਆਹ ਹੋਣ ਨਾਲ ਇਹ ਸਾਂਝਾ ਪਰਿਵਾਰ ਬਣਦਾ ਹੈ ਅਤੇ ਵਿਆਹੇ ਜੋੜਿਆਂ ਦੇ ਇਸ ਤੋਂ ਅਲਹਿਦਾ ਹੋਣ ਨਾਲ ਇਕ ਨਵਾਂ ਇਕਾਈ ਪਰਿਵਾਰ ਹੋਂਦ ਵਿਚ ਆਉਂਦਾ ਹੈ ਜੋ ਅਗੇ ਵਿਕਾਸ ਕਰਕੇ ਸਾਂਝਾ ਬਣਦਾ ਹੈ। ਪਰਿਵਾਰ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਅਸੀਂ ਇਸ ਦੀਆਂ ਵਿਸ਼ੇਸ਼ਤਾਈਆਂ ਦਾ ਜ਼ਿਕਰ ਕਰਾਂਗੇ।

### 7.5 ਪਰਿਵਾਰ ਦੀਆਂ ਵਿਸ਼ੇਸ਼ਤਾਈਆਂ

ਵੱਖ-ਵੱਖ ਸਮਾਜ ਵਿਗਿਆਨੀਆਂ ਦੁਆਰਾ ਪਰਿਵਾਰ ਦੀਆਂ ਦਿੱਤੀਆਂ ਪਰਿਭਾਸ਼ਾਵਾਂ ਦੇ ਆਧਾਰ 'ਤੇ ਅਸੀਂ ਪਰਿਵਾਰ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆ ਦਾ ਵਰਨਣ ਹੇਠ ਲਿਖੇ ਅਨੁਸਾਰ ਕਰ ਸਕਦੇ ਹਾਂ :

**7.5.1 ਪਰਿਵਾਰ ਇਕ ਸਮਾਜਕ ਸਮੂਹ** : ਪਰਿਵਾਰ ਸਮਾਜ ਦਾ ਇਕ ਮੁਢਲਾ ਸਮੂਹ ਹੈ। ਇਕ ਤੋਂ ਵਧੇਰੇ ਵਿਅਕੀਤਆਂ ਦੇ ਆਪਸੀ ਸਬੰਧਾਂ ਨਾਲ ਪਰਿਵਾਰ ਹੋਂਦ ਵਿਚ ਆਉਂਦਾ ਹੈ। ਪਰਿਵਾਰ ਨੂੰ ਅਸੀਂ ਸਮਾਜ ਦੀ ਮੁਢਲੀ ਸੰਸਥਾ ਵੀ ਕਹਿ ਸਕਦੇ ਹਾਂ ਕਿਉਂਕਿ ਮਨੁੱਖੀ ਸਮਾਜ ਦੇ ਵਿਕਾਸ 'ਤੇ ਜੇਕਰ ਝਾਤ ਮਾਰੀ ਜਾਵੇ ਤਾਂ ਪਰਿਵਾਰ ਦੀ ਸੰਸਥਾ ਕਿਸੇ ਨਾ ਕਿਸੇ ਰੂਪ ਵਿਚ ਹਰੇਕ ਸਮਾਜ ਵਿਚ ਪਾਈ ਜਾਂਦੀ ਹੈ। ਸਮਾਜ ਵਿਚ ਰਹਿੰਦਾ ਮਨੁੱਖ ਕਿਸੇ ਨਾ ਕਿਸੇ ਪਰਿਵਾਰਕ ਸਮੂਹ ਦਾ ਮੈਂਬਰ ਹੁੰਦਾ ਹੈ। ਪਰਿਵਾਰ ਇਕ ਅਜਿਹਾ ਸਮੂਹ ਅਤੇ ਸੰਸਥਾ ਹੈ ਜਿਸਦਾ ਨਿਰਮਾਣ ਆਪ ਮੁਹਾਰੇ ਹੁੰਦਾ ਹੈ ਵਿਅਕਤੀ ਜਨਮ ਤੋਂ ਹੀ ਇਸਦਾ ਮੈਂਬਰ ਹੁੰਦਾ ਹੈ। ਪਰਿਵਾਰ ਇਕ ਸਰਵਵਿਆਪੀ ਸੰਸਥਾ ਹੈ।

**7.5.2 ਪਤੀ-ਪਤਨੀ ਸੰਬੰਧ** : ਪਰਿਵਾਰ ਵਿਅਕਤੀਆਂ ਦਾ ਸਮੂਹ ਹੀ ਨਹੀਂ ਸਗੋਂ ਇਸ ਵਿਚ ਪਤੀ-ਪਤਨੀ ਅਤੇ ਉਹਨਾਂ ਦੀ ਔਲਾਦ ਦੇ ਸਥਿਰ ਸਬੰਧ ਪਾਏ ਜਾਦੇ ਹਨ। ਪਰਿਵਾਰਕ ਮੈਂਬਰਾਂ ਦੇ ਸਥਾਈ ਸੰਬੰਧ ਇਸ ਦੀ ਵਿਸ਼ੇਸ਼ਤਾ ਹੈ। ਵੱਖ-ਵੱਖ ਸਮਾਜਾਂ ਦੀ ਸੰਰਚਨਾ ਅਨੁਸਾਰ ਭਾਵੇਂ ਇਹ ਸੰਬੰਧ ਘੱਟ ਜਾਂ ਵੱਧ ਰੂਪ ਵਿਚ ਸਥਿਰ ਰਹਿੰਦੇ ਹਨ ਪਰੰਤੂ ਹਰ ਸਮਾਜ ਵਿਚ ਸੰਬੰਧਾ ਨਾਲ ਹੀ ਪਰਿਵਾਰ ਆਪਣੀ ਹੋਂਦ ਬਣਾਈ ਰੱਖਦਾ ਹੈ। ਪਤੀ-ਪਤਨੀ ਦੇ ਆਪਸੀ ਸਬੰਧਾਂ ਤੋਂ ਉਪਜੀ ਜ਼ੁੰਮੇਵਾਰੀ ਸਦਕਾ ਉਹ ਸੰਤਾਨ ਦੀ ਉਤਪਤੀ ਤੇ ਪਾਲਣ ਪੋਸ਼ਣ ਕਰਦੇ ਹਨ। ਮਰਦ ਅਤੇ ਔਰਤ ਦੇ ਯੋਨ ਸੰਬੰਧਾਂ ਨੂੰ ਪਰਿਵਾਰ ਰਾਹੀਂ ਸਮਾਜਕ ਪ੍ਰਵਾਨਗੀ ਦਿਤੀ ਜਾਂਦੀ ਹੈ ਜਿਸ ਤੋਂ ਪਿਛੋਂ ਉਹ ਪਰਿਵਾਰ ਦਾ ਨਿਰਮਾਣ ਕਰਦੇ ਹਨ। ਇਸ ਤਰ੍ਹਾਂ ਪਰਿਵਾਰ ਜਿਥੇ ਮਨੁੱਖ ਦੀਆਂ ਸਮਾਜਕ ਲੋੜਾਂ ਪੂਰੀਆਂ ਕਰਦਾ ਹੈ ਉਥੇ ਮਨੁੱਖ ਦੀ ਜੀਵ ਵਿਗਿਆਨਕ ਉਤਪਤੀ ਲਈ ਵੀ ਸਮਾਜਕ ਨੇਮਾ ਅਨੁਸਾਰ ਕਾਰਜ ਕਰਦਾ ਹੈ।

**7.5.3 ਖ਼ੂਨ ਜਾਂ ਵੰਸ਼ ਸਬੰਧ** : ਪਰਿਵਾਰ ਜਿਥੇ ਵਿਆਹ ਤੋਂ ਬਣੇ ਪਤੀ-ਪਤਨੀ ਦੇ ਸੰਬੰਧਾਂ ਨਾਲ ਸਥਾਪਤ ਹੁੰਦਾ ਹੈ ਉਥੇ ਇਸ ਦੀ ਇਹ ਵੀ ਵਿਸ਼ੇਸ਼ਤਾ ਹੈ ਕਿ ਇਸ ਦੀ ਸਥਾਪਤੀ ਲਈ ਖ਼ੂਨ ਜਾਂ ਵੰਸ਼ ਦੇ ਸੰਬੰਧ ਵੀ ਲਾਜ਼ਮੀ ਤੱਤ ਹੁੰਦੇ ਹਨ। ਪਰਿਵਾਰ ਦੇ ਮੈਂਬਰ ਮੁੱਖ ਤੌਰ ਤੇ ਆਪਣੇ ਪੂਰਵਜਾਂ ਦੀ ਸੰਤਾਨ ਹੁੰਦੇ ਹਨ ਜਿਥੇ ਸੰਤਾਨ ਨਾ ਹੋਵੇ ਤਾਂ ਬੱਚੇ ਗੋਦ ਲੈ ਕੇ ਉਹਨਾਂ ਨੂੰ ਪਰਿਵਾਰ ਦੇ ਮੈਂਬਰ ਬਣਾਉਣ ਲਈ ਕਾਨੂੰਨੀ ਪ੍ਰਵਾਨਗੀ ਲੈ ਲਈ ਜਾਂਦੀ ਹੈ। ਵੰਸ਼ ਜਾਂ ਖ਼ੂਨ ਦੇ ਸੰਬੰਧਾਂ ਤੋਂ ਬਗੈਰ ਪਰਿਵਾਰ ਦੀ ਸਥਾਪਤੀ ਨਹੀਂ ਹੁੰਦੀ। ਖ਼ੂਨ ਜਾਂ ਵੰਸ਼ ਦੇ ਸਬੰਧ ਪਰਿਵਾਰ ਨੂੰ ਸਥਾਈ ਰੂਪ ਦਿੰਦੇ ਹਨ।

**7.5.4 ਸਾਂਝਾ ਘਰ** : ਵਿਆਹ ਅਤੇ ਖ਼ੂਨ ਦੇ ਸੰਬੰਧਾਂ ਤੋਂ ਇਲਾਵਾ ਪਰਿਵਾਰ ਲਈ ਸਾਂਝੀ ਰਹਾਇਸ਼ ਦਾ ਹੋਣਾ ਵੀ ਲਾਜ਼ਮੀ ਹੈ। ਪਰਿਵਾਰ ਵੱਖ-ਵੱਖ ਸਬੰਧਾਂ ਵਿਚ ਜੁੜੇ ਵਿਅਕਤੀ ਦੇ ਇਕ ਸਾਂਝੀ ਥਾਂ 'ਤੇ ਰਹਿਣ ਨਾਲ ਹੋਂਦ ਵਿਚ ਆਉਂਦਾ ਹੈ। ਇਹ ਗੱਲ ਵੱਖਰੀ ਹੈ ਕਿ ਕਿਸੇ ਕਾਰਣ ਪਰਿਵਾਰ ਆਪਣੀ ਰਹਾਇਸ਼ੀ ਥਾਂ ਬਦਲ ਲਵੇ ਜਾਂ ਪਰਿਵਾਰ ਦੇ ਕੁਝ ਮੈਂਬਰ ਆਪਣੀਆਂ ਲੋੜਾਂ ਕਰਕੇ ਅਸਥਾਈ ਤੌਰ 'ਤੇ ਕਿਸੇ ਹੋਰ ਥਾਂ 'ਤੇ ਰਹਿਣ ਲੱਗ ਪੈਣ। ਆਮ ਤੌਰ ਤੇ ਪਰਿਵਾਰ ਦੇ ਮੈਂਬਰ ਇਕੋ ਘਰ ਵਿਚ ਰਹਿੰਦੇ ਹਨ ਭਾਵੇਂ ਇਹ ਘਰ ਆਕਾਰ ਪੱਖੋਂ ਵੱਡਾ ਹੋਵੇ ਜਾਂ ਛੋਟਾ, ਕੱਚਾ ਹੋਵੇ ਜਾਂ ਪੱਕਾ, ਆਪਣਾ ਹੋਵੇ ਜਾਂ ਕਿਰਾਏ ਵਾਲਾ, ਇਥੋਂ ਤੱਕ ਕਿ ਖਾਨਾ ਬਦੋਸ਼ ਲੋਕ ਵੀ ਆਪਣੇ ਪਰਿਵਾਰ ਦੀ ਹੱਦ ਨਿਸ਼ਚਤ ਰੱਖਦੇ ਹਨ ਜਿਥੇ ਵੀ ਉਹ ਠਹਿਰਦੇ ਹਨ ਉਹ ਆਪਣੇ ਸਾਂਝੇ ਘਰ ਵਜੋਂ ਕੁਝ ਥਾਂ 'ਤੇ ਮਾਲਕੀ ਜਤਾਉਂਦੇ ਹਨ। ਸਾਂਝੀ ਰਹਾਇਸ਼ ਪਰਿਵਾਰ ਦੇ ਮੈਂਬਰਾਂ ਦੀ ਹੱਦ ਬੰਦੀ ਨਿਸ਼ਚਤ ਕਰਦੀ ਹੈ।

**7.5.5 ਵੰਸ਼-ਨਾਮ** : ਪਰਿਵਾਰ ਦਾ ਆਪਣਾ ਇਕ ਵੰਸ਼ ਨਾਮ ਹੁੰਦਾ ਹੈ। ਇਹ ਵੰਸ਼ ਨਾਮ ਪਰਿਵਾਰ ਦੀ ਪਹਿਚਾਣ ਲਈ ਜ਼ਰੂਰੀ ਮੰਨਿਆ ਜਾਂਦਾ ਹੈ। ਵੱਖ-ਵੱਖ ਸਮਾਜਾਂ ਵਿਚ ਭਾਵੇਂ ਪਰਿਵਾਰ ਦੇ ਵੰਸ਼ ਨਾਮ ਨਿਰਧਾਰਣ ਕਰਨ ਲਈ ਨੇਮ ਵੱਖੋ ਵੱਖ ਹੁੰਦੇ ਹਨ ਪਰ ਹਰ ਇਕ ਸਮਾਜ ਵਿਚ ਪਰਿਵਾਰ ਦਾ ਕੋਈ ਨਾ ਕੋਈ ਨਾਂ ਜ਼ਰੂਰ ਹੁੰਦਾ ਹੈ। ਸਮਾਜਕ ਨੇਮ ਅਨੁਸਾਰ ਪਰਿਵਾਰ ਦੇ ਮੈਂਬਰ ਬੱਚੇ ਦੇ ਨਾਮਕਰਨ ਕਰਦੇ ਹਨ ਜਿਸ ਲਈ ਉਸਨੂੰ ਕੋਈ ਨਾ ਕੋਈ ਉਪਨਾਮ ਵੀ ਪ੍ਰਾਪਤ ਹੁੰਦਾ ਹੈ।

ਪਰਿਵਾਰ ਦੇ ਮੈਂਬਰ ਪੀੜੀ ਦਰ ਪੀੜੀ ਚਲਦੇ ਰਹਿੰਦੇ ਹਨ ਜੋ ਪਰਿਵਾਰ ਦੀ ਵਿਲੱਖਣ ਪਹਿਚਾਣ ਬਣਦੇ ਹਨ ਵੰਸ਼ ਨਾਮ ਪਿਤਾ ਦੇ ਨਾਂ ਤੇ ਜਾਂ ਮਾਂ ਦੇ ਨਾਮ 'ਤੇ ਚਲਦਾ ਹੈ। ਪਿਤਾ ਦੇ ਨਾਮ 'ਤੇ ਉਸਰੇ ਪਰਿਵਾਰਾਂ ਨੂੰ ਪਿਤਰ ਵੰਸ਼ੀ (Patrilineal) ਅਤੇ ਮਾਂ ਦੇ ਨਾਮ ਤੇ ਉਸਰੇ ਪਰਿਵਾਰਾਂ ਨੂੰ ਮਾਤਰ ਵੰਸ਼ੀ (matrilinal), ਪਰਿਵਾਰ ਕਿਹਾ ਜਾਂਦਾ ਹੈ।

(ੳ) ਪਰਿਵਾਰ ਤੋਂ ਕੀ ਭਾਵ ਹੈ ?

(ਅ) ਸਮਾਜੀਕਰਣ ਦੀ ਪ੍ਰਕ੍ਰਿਆ ਦਾ ਪਰਿਵਾਰ ਨਾਲ ਕੀ ਸੰਬੰਧ ਹੈ ?

(ੲ) ਪਰਿਵਾਰ ਕਿਸ ਤਰ੍ਹਾਂ ਦੇ ਆਰਥਿਕ ਕਾਰਜ ਨਿਭਾਉਂਦਾ ਹੈ?

(ਸ) ਪਰਿਵਾਰ ਇਕ ਸਮਾਜਿਕ ਸਮੂਹ ਹੈ। ਤਿੰਨ ਲਾਈਨਾਂ ਵਿੱਚ ਲਿਖੋ।

## 7.6 ਪਰਿਵਾਰ ਦੇ ਕਾਰਜ

ਪਰਿਵਾਰ ਦੁਆਰਾ ਨਿਭਾਏ ਜਾਂਦੇ ਬੁਨਿਆਦੀ ਕਾਰਜਾਂ ਕਰਕੇ ਇਸ ਦੀ ਭਾਰਤੀ ਸਮਾਜ ਵਿਚ ਸਾਰਥਕਤਾ ਬਰਕਰਾਰ ਹੈ। ਆਧੁਨਿਕ ਭਾਰਤ ਵਿਚ ਭਾਵੇਂ ਤਬਦੀਲੀਆਂ ਆ ਰਹੀਆਂ ਹਨ ਪਰ ਫਿਰ ਵੀ ਪਰਿਵਾਰ ਦੀ ਅਹਿਮੀਅਤ ਘਟੀ ਨਹੀਂ ਕਿਉਂਕਿ ਪਰਿਵਾਰ ਅਜਿਹੇ ਜ਼ਰੂਰੀ ਕਾਰਜ ਕਰਦਾ ਹੈ ਜਿਨ੍ਹਾਂ ਨੂੰ ਹੋਰ ਕੋਈ ਸੰਸਥਾ ਸ਼ਾਇਦ ਨਾ ਕਰ ਸਕੇ। ਭਾਰਤੀ ਪਰਿਵਾਰ ਦੁਆਰਾ ਨਿਭਾਏ ਜਾਂਦੇ ਵੱਖ-ਵੱਖ ਕਾਰਜਾਂ ਦਾ ਵਰਨਣ ਨਿਮਨ ਲਿਖਤ ਹੈ :

7.6.1 **ਜੀਵ-ਵਿਗਿਆਨਕ ਕਾਰਜ** : ਪਰਿਵਾਰ ਦੇ ਕਾਰਜਾਂ ਵਿਚੋਂ ਜੀਵ ਵਿਗਿਆਨਕ ਕਾਰਜ ਇਸਦੇ ਮੌਲਿਕ ਕਾਰਜ ਹਨ। ਭਾਰਤੀ ਪਰਿਵਾਰ ਪਤੀ ਪਤਨੀ ਦੇ ਕਾਮਕ ਸਬੰਧਾਂ ਨੂੰ ਸਮਾਜਕ ਪ੍ਰਵਾਨਗੀ ਦਿੰਦਾ ਹੈ ਜਿਸ ਰਾਹੀਂ ਸੰਤਾਨ ਦੀ ਉਤਪਤੀ ਅਤੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਪਤੀ ਪਤਨੀ ਸਿਰ ਆਉਂਦੀ ਹੈ। ਭਾਰਤੀ ਪਰਿਵਾਰ ਦੇ ਇਹ ਤਿੰਨੇ ਕਾਰਜ ਮਨੁੱਖ ਦੀਆਂ ਪ੍ਰਮੁੱਖ ਜੀਵ ਵਿਗਿਆਨ ਜ਼ਰੂਰਤਾਂ ਦੀ ਪੂਰਤੀ ਕਰਦੇ ਰਹਿੰਦੇ ਹਨ ਜਿਸ ਨਾਲ ਪਰਿਵਾਰ ਨੇ ਮਨੁੱਖੀ ਸਮਾਜ ਵਿਚ ਆਪਣੀ ਕਿਰਿਆਤਮਕ ਸਾਰਥਕਤਾ ਕਾਇਮ ਰੱਖੀ। ਪਰਿਵਾਰ ਦੇ ਪ੍ਰਮੁੱਖ ਜੀਵ ਵਿਗਿਆਨਕ ਕੰਮ ਨਿਮਨ ਲਿਖਤ ਹਨ :

**7.6.1.1 ਲਿੰਗਕ ਇਛਾਵਾਂ ਦੀ ਪੂਰਤੀ** : ਲਿੰਗਕ ਇਛਾਵਾਂ ਦੀ ਪੂਰਤੀ ਮਨੁੱਖ ਦੀ ਇਕ ਕੁਦਰਤੀ ਜ਼ਰੂਰਤ ਹੈ। ਇਸ ਜ਼ਰੂਰਤ ਦੀ ਪੂਰਤੀ ਲਈ ਵਿਆਹ ਕਰਵਾਇਆ ਜਾਂਦਾ ਹੈ। ਵਿਆਹ ਰਾਹੀਂ ਪਰਿਵਾਰ ਹੋਂਦ ਵਿਚ ਆਉਂਦਾ ਹੈ। ਵਿਆਹ ਉਪਰੰਤ ਪਤੀ-ਪਤਨੀ ਆਪਣੀਆਂ ਕਾਮਕ ਇਛਾਵਾਂ ਦੀ ਪੂਰਤੀ ਕਰਦੇ ਹਨ। ਸੋ ਮਰਦ ਅਤੇ ਔਰਤ ਦੀ ਇਸ ਕੁਦਰਤੀ ਜ਼ਰੂਰਤ ਨੂੰ ਵਿਆਹ ਰਾਹੀਂ ਸਮਾਜਕ ਪ੍ਰਵਾਨਗੀ ਦਿੱਤੀ ਜਾਂਦੀ ਹੈ। ਭਾਰਤ ਵਿਚ ਪਰਿਵਾਰ ਮਨੁੱਖ ਦੀਆਂ ਬੇਲਗਾਮ ਰੁਚੀਆਂ 'ਤੇ ਰੋਕ ਲਗਾਉਂਦਾ ਹੈ। ਪਰਿਵਾਰ ਤੋਂ ਬਿਨ੍ਹਾਂ ਮਰਦ ਔਰਤ ਦੇ ਸੰਬੰਧਾਂ ਨੂੰ ਭਾਰਤ ਵਰਗੇ ਸਮਾਜ ਵਿਚ ਚੰਗਾ ਨਹੀਂ ਸਮਝਿਆ ਜਾਂਦਾ। ਨੌਜਵਾਨ ਲੜਕੇ ਲੜਕੀਆਂ ਲਈ ਵਰ ਦੀ ਚੋਣ ਅਤੇ ਵਿਆਹ ਪਰਿਵਾਰ ਦੁਆਰਾ ਕੀਤੇ ਜਾਂਦੇ ਹਨ।

**7.6.1.2 ਸੰਤਾਨ ਦੀ ਉਤਪਤੀ** : ਪਰਿਵਾਰ ਨੂੰ ਸਮਾਜ ਦੀ ਨਰਸਰੀ ਕਿਹਾ ਜਾਂਦਾ ਹੈ ਕਿਉਂਕਿ ਪਰਿਵਾਰ ਸੰਤਾਨ ਦੀ ਉਤਪਤੀ ਦਾ ਕਾਰਜ ਨਿਭਾਉਂਦਾ ਹੈ। ਸਮਾਜ ਦੇ ਕਾਇਮ ਰਹਿਣ ਲਈ ਇਹ ਜ਼ਰੂਰੀ ਹੈ ਕਿ ਨਵੇਂ ਬੱਚੇ ਜਨਮ ਲੈਣ। ਭਾਰਤੀ ਸਮਾਜ ਪਰਿਵਾਰ ਵਿਚ ਪੈਦਾ ਹੋਏ ਬੱਚੇ ਨੂੰ ਹੀ ਸਮਾਜਕ ਤੌਰ ਤੇ ਪ੍ਰਵਾਨ ਕਰਦਾ ਹੈ। ਪਰਿਵਾਰ ਤੋਂ ਬਿਨਾਂ ਪੈਦਾ ਹੋਏ ਬੱਚੇ ਨੂੰ ਸਮਾਜਕ ਮਾਣ ਅਤੇ ਸਤਿਕਾਰ ਨਹੀਂ ਮਿਲਦਾ ਉਲਟਾ ਸਮਾਜਕ ਵਿਤਕਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰਿਵਾਰ ਵਿਚ ਪਤੀ-ਪਤਨੀ ਦੇ ਸੰਬੰਧਾਂ ਤੋਂ ਪੈਦਾ ਹੋਈ ਸੰਤਾਨ ਨੂੰ ਹੀ ਭਾਰਤ ਵਿੱਚ ਸਮਾਜਕ ਸਵੀਕ੍ਰਿਤੀ ਮਿਲਦੀ ਹੈ। ਇਸ ਲਈ ਪਰਿਵਾਰ ਮਨੁੱਖੀ ਜੀਵਨ ਨੂੰ ਅਗੇ ਤੋਰਨ ਦਾ ਜੀਵ ਵਿਗਿਆਨਕ ਕਾਰਜ ਨਿਭਾਉਂਦਾ ਹੈ ਜੋ ਕਿਸੇ ਸਮਾਜ ਦੀ ਨਿਰੰਤਰਤਾ ਲਈ ਬੇਹੱਦ ਜ਼ਰੂਰੀ ਹੁੰਦਾ ਹੈ।

**7.6.1.3 ਸੰਤਾਨ ਦੀ ਸੰਭਾਲ** : ਜੀਵ ਵਿਗਿਆਨਕ ਪੱਖ ਤੋਂ ਵੇਖਿਆ ਜਾਵੇ ਤਾਂ ਹੋਰਨਾਂ ਜਿਨਸਾਂ ਦੇ ਮੁਕਾਬਲੇ ਮਨੁੱਖ ਨੂੰ ਬਚਪਨ ਵਿਚ ਸੰਭਾਲਣ ਲਈ ਦੂਸਰਿਆਂ ਦੇ ਸਹਾਰੇ ਦੀ ਲੋੜ ਪੈਂਦੀ ਹੈ। ਪਰਿਵਾਰ ਵਿਚ ਪੈਦਾ ਹੋਏ ਬੱਚੇ ਨੂੰ ਸੰਭਾਲਣ ਲਈ ਉਸਦੇ ਮਾਤਾ-ਪਿਤਾ ਅਤੇ ਸੰਬੰਧੀ ਆਪਣੀ ਸਮਾਜਕ ਜ਼ੁੰਮੇਵਾਰੀ ਸਮਝਦੇ ਹਨ। ਭਾਰਤ ਵਿਚ ਬੱਚਾ ਬਚਪਨ ਤੋਂ ਜਵਾਨੀ ਤੱਕ ਪਰਿਵਾਰ ਦੇ ਸਾਹਰੇ 'ਤੇ ਰਹਿੰਦਾ ਹੈ। ਸਮਾਜ ਭਲਾਈ ਸੰਸਥਾਵਾਂ ਦੀ ਘਾਟ ਕਰਕੇ ਭਾਰਤ ਵਿਚ ਪਰਿਵਾਰ ਤੋਂ ਬਿਨਾਂ ਬੱਚਿਆਂ ਦਾ ਪਾਲਣ ਪੋਸ਼ਣ ਅਤੇ ਸੰਭਾਲ ਕਰਨੀ ਇਕ ਮੁਸ਼ਕਲ ਕਾਰਜ ਹੈ। ਇਥੇ ਪਰਿਵਾਰ ਹੀ ਇਕੋ ਇਕ ਸਹਾਰਾ ਹੈ। ਪਰਿਵਾਰ ਮਨੁੱਖ ਨੂੰ ਨਾ ਸਿਰਫ਼ ਬਚਪਨ ਸਗੋਂ ਬੁਢਾਪੇ ਮੌਕੇ ਵੀ ਸੰਭਾਲਦਾ ਹੈ। ਪਰਿਵਾਰਕ ਮੈਂਬਰਾਂ ਵਿਚ ਅਪਣੱਤ ਹੋਣ ਕਰਕੇ ਮਨੁੱਖ ਨੂੰ ਜੋ ਲਾਡ, ਪਿਆਰ, ਮੋਹ ਪਰਿਵਾਰ ਵਿਚੋਂ ਮਿਲਦਾ ਹੈ ਉਹ ਕਿਸੇ ਹੋਰ ਸੰਸਥਾ ਵਲੋਂ ਮਿਲ ਸਕਣਾ ਸੌਖਾ ਨਹੀਂ ਹੈ। ਇਸ ਤਰ੍ਹਾਂ ਭਾਰਤੀ ਪਰਿਵਾਰ ਬੱਚਿਆਂ ਦੇ ਪਾਲਣ ਪੋਸ਼ਣ ਅਤੇ ਸੰਭਾਲ ਦੀ ਸਮਾਜਕ ਜ਼ੁੰਮੇਵਾਰੀ ਨੂੰ ਨਿਭਾਅ ਕੇ ਇਕ ਬੁਨਿਆਦੀ ਜੀਵ ਵਿਗਿਆਨਕ ਕਾਰਜ ਕਰਦਾ ਹੈ।

7.6.2 **ਸਮਾਜਕ ਕਾਰਜ** : ਪਰਿਵਾਰ ਹਰ ਸਮਾਜ ਲਈ ਮਹੱਤਵਪੂਰਨ ਕਾਰਜ ਅਦਾ ਕਰਦਾ ਹੈ ਭਾਰਤੀ ਸਮਾਜ ਲਈ ਪਰਿਵਾਰ ਵਲੋਂ ਨਿਭਾਏ ਜਾਂਦੇ ਸਮਾਜਕ ਕਾਰਜਾਂ ਦੀ ਬਹੁਤ ਅਹਿਮੀਅਤ ਹੈ। ਭਾਰਤ ਵਿਚ ਨਿਮਨ ਲਿਖਤ ਮੁੱਖ ਸਮਾਜਕ ਕਾਰਜ ਕਰਦਾ ਹੈ।

**7.6.2.1 ਸਮਾਜੀਕਰਨ** : ਪਰਿਵਾਰ ਮਨੁੱਖ ਦੇ ਸਮਾਜੀਕਰਨ ਦੀ ਮੁਢਲੀ ਇਕਾਈ ਹੈ। ਇਸ ਪ੍ਰਕਿਰਿਆ ਰਾਹੀਂ ਵਿਅਕਤੀ ਸਮਾਜ ਵਿਚ ਰਹਿਣ ਦੀ ਜਾਂਚ ਸਿੱਖਦਾ ਹੈ। ਜਨਮ ਉਪਰੰਤ ਬੱਚਾ ਸਭ ਤੋਂ ਪਹਿਲਾਂ ਪਰਿਵਾਰਕ ਮੈਂਬਰਾਂ ਦੇ ਸੰਪਰਕ ਵਿਚ ਆਉਂਦਾ ਹੈ। ਪਰਿਵਾਰ ਬੱਚੇ ਨੂੰ ਖਾਣਾ-ਪੀਣਾ, ਉਠਣਾ-ਬੈਠਣਾ, ਤੁਰਨ ਫਿਰਨਾ ਆਦਿ ਤਾਂ ਸਿਖਾਉਂਦਾ ਹੀ ਹੈ ਪਰ ਇਸ ਦੇ ਨਾਲ ਹੀ ਉਸਨੂੰ ਸਮਾਜਕ ਜੀਵਨ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ। ਭਾਰਤ ਵਿਚ ਵਿਅਕਤੀ ਦੇ ਜੀਵਨ ਦੀਆਂ ਅਵਸਥਾਵਾਂ ਮੁਤਾਬਕ ਮਿਥੇ ਸੰਸਕਾਰ ਪਰਿਵਾਰ ਦੇ ਮੈਂਬਰਾਂ ਦੁਆਰਾ ਅਦਾ ਕੀਤੇ ਜਾਂਦੇ ਹਨ।

ਭਾਰਤੀ ਪਰਿਵਾਰ ਦੁਆਰਾ ਮਨੁੱਖ ਨੂੰ ਸਮਾਜਕ ਤੌਰ ਤੇ ਉਚਿਤ ਅਤੇ ਅਣਉਚਿਤ ਦੀ ਸਿੱਖਿਆ ਦਿੱਤੀ ਜਾਂਦੀ ਹੈ। ਪਰਿਵਾਰ ਮਨੁੱਖ ਦੇ ਸਮਾਜਕ ਆਚਰਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਚੰਗੇ ਨਾਗਰਿਕਾਂ ਦੀ ਸਿਰਜਨਾ ਲਈ ਉਚਿਤ ਸਮਾਜਕ ਵਾਤਾਵਰਣ ਦੀ ਜ਼ਰੂਰਤ ਹੈ ਜਿਸਦੀ ਮੁਢਲੀ ਇਕਾਈ ਪਰਿਵਾਰ ਹੈ। ਇਸ ਪੱਖ ਤੋਂ ਭਾਰਤ ਵਿਚ ਪਰਿਵਾਰਕ ਜੀਵਨ ਦਾ ਮਨੁੱਖ ਦੇ ਵਿਅਕਤੀਤਵ ਤੇ ਗੂਹੜਾ ਪ੍ਰਭਾਵ ਪੈਂਦਾ ਹੈ। ਸਮਾਜੀਕਰਨ ਪੱਖੋਂ ਭਾਰਤ ਵਿਚ ਪਰਿਵਾਰ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ ਪਰ ਜਿਹੜੇ ਸਮਾਜਾਂ ਵਿਚ ਪਰਿਵਾਰ ਦੇ ਯੋਗਦਾਨ ਨੂੰ ਸੀਮਤ ਕਰ ਦਿਤਾ ਗਿਆ ਉਹ ਆਧੁਨਿਕ ਸਮੇਂ ਉਹ ਅਨੇਕ ਤਰ੍ਹਾਂ ਦੀਆਂ ਸਮੱਸਿਆਵਾਂ ਵਿਚ ਘਿਰ ਰਹੇ ਹਨ।

**7.6.2.2 ਸਮਾਜਕ ਕੰਟਰੋਲ** : ਪਰਿਵਾਰ ਸਮਾਜਕ ਕੰਟਰੋਲ ਦੀ ਇਕ ਮਹੱਤਵਪੂਰਣ ਏਜੰਸੀ ਹੈ। ਇਹ ਵਿਅਕਤੀ ਉੱਪਰ ਸਿਧੇ ਅਤੇ ਅਸਿਧੇ ਢੰਗ ਨਾਲ ਸਮਾਜ ਦਾ ਦਬਾਅ ਪਾ ਰੱਖਦਾ ਹੈ। ਭਾਰਤ ਵਿਚ ਪਰਿਵਾਰ ਵਿਅਕਤੀ ਨੂੰ ਚੰਗੇ ਕੰਮਾਂ ਲਈ ਪ੍ਰੇਰਨਾ ਦਿੰਦਾ ਹੈ ਅਤੇ ਮਾੜੇ ਕੰਮਾਂ ਤੋਂ ਵਰਜਦਾ ਹੈ। ਇਥੇ ਵਿਅਕਤੀ ਦੀ ਪਹਿਚਾਣ ਪਰਿਵਾਰ ਨਾਲ ਜੁੜੀ ਹੁੰਦੀ ਹੈ ਜਿਸ ਕਰਕੇ ਪਰਿਵਾਰ ਆਪਣੇ ਮੈਂਬਰਾਂ ਨੂੰ ਕੰਟਰੋਲ ਵਿਚ ਰੱਖਦਾ ਹੈ। ਭਾਰਤੀ ਪਰਿਵਾਰ ਦਾ ਵਿਅਕਤੀ ਦੇ ਮਨ ਤੇ ਐਨਾ ਗੂਹੜਾ ਪ੍ਰਭਾਵ ਹੈ ਕਿ ਉਹ ਪਰਿਵਾਰ ਦੀ ਬੇਇਜ਼ਤੀ ਦੇ ਡਰੋ ਗੈਰ-ਸਮਾਜਕ ਕਾਰਜ ਨਹੀਂ ਕਰਦਾ। ਇਸ ਤੋਂ ਇਲਾਵਾ ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ ਜਿਸ ਕਰਕੇ ਇਥੇ ਸਾਂਝੇ ਪਰਿਵਾਰ ਦੀ ਵਿਵਸਥਾ ਹੈ। ਸਾਂਝੇ ਪਰਿਵਾਰ ਵਿਚ ਰਹਿਣ ਕਰਕੇ ਵਿਅਕਤੀ ਆਪਸੀ ਸਹਿਯੋਗ, ਸਹਿਚਾਰ ਅਤੇ ਸਹਿ-ਹੋਂਦ ਦੀ ਭਾਵਨਾ ਸਿੱਖਦਾ ਹੈ ਜਿਸ ਨਾਲ ਭਾਈ-ਚਾਰਕ ਸਾਂਝ ਮਜ਼ਬੂਤ ਹੁੰਦੀ ਹੈ। ਇਸ ਤਰ੍ਹਾਂ ਭਾਰਤ ਵਿਚ ਪਰਿਵਾਰ ਸਮਾਜਕ ਕੰਟਰੋਲ ਲਈ ਆਪਣਾ ਕਾਰਜ ਕਰਦਾ ਹੈ।

7.6.3 **ਆਰਥਕ ਕਾਰਜ** : ਭਾਰਤੀ ਸਮਾਜ ਵਿਚ ਪਰਿਵਾਰ ਆਪਣੇ ਆਪ ਵਿਚ ਇਕ ਆਰਥਕ ਇਕਾਈ ਹੈ। ਮਨੁੱਖ ਦੀਆਂ ਆਰਥਕ ਸਰਗਰਮੀਆਂ ਕਿਸੇ ਨਾ ਕਿਸੇ ਰੂਪ ਵਿਚ ਪਰਿਵਾਰ ਨਾਲ ਜੁੜੀਆਂ ਹੋਈਆਂ ਹਨ। ਆਰਥਕ ਵਿਕਾਸ ਦੇ ਨਤੀਜੇ ਵਜੋਂ ਭਾਵੇਂ ਹੁਣ ਪਰਿਵਾਰ ਤੋਂ ਵੱਖਰੀਆਂ ਆਰਥਕ ਸੰਸਥਾਵਾਂ ਵੀ ਹੋਂਦ ਵਿਚ ਆ ਗਈਆਂ ਹਨ, ਜਿਨ੍ਹਾਂ ਨੇ ਪਰਿਵਾਰ ਦੇ ਆਰਥਕ ਕਾਰਜਾਂ ਨੂੰ ਇਕ ਹੱਦ ਤੱਕ ਸੀਮਤ ਕਰ ਦਿੱਤਾ ਹੈ। ਇਸ ਦੇ ਬਾਵਜੂਦ ਵੀ ਭਾਰਤੀ ਪਰਿਵਾਰ ਜੋ ਆਰਥਕ ਕਾਰਜ ਕਰਦਾ ਹੈ ਉਹਨਾਂ ਦਾ ਵੇਰਵਾ ਨਿਮਨ ਲਿਖਤ ਹੈ—

**7.6.3.1 ਪੈਦਾਵਾਰ ਦੀ ਇਕਾਈ** : ਭਾਰਤ ਵਿਚ ਹਰ ਪਰਿਵਾਰ ਦੀ ਆਪਣੀ ਆਰਥਕਤਾ ਹੈ। ਇਥੇ ਪਰਿਵਾਰ

ਦੀ ਆਰਥਕਤਾ ਕੌਮੀ ਆਰਥਕਤਾ ਦੀ ਤਰ੍ਹਾਂ ਹੈ। ਪੈਦਾਵਾਰ ਦੀ ਇਕਾਈ ਵਜੋਂ ਹਰ ਪਰਿਵਾਰ ਦੀ ਆਪਣੀ ਆਰਥਕ ਪੈਦਾਵਾਰ ਹੁੰਦੀ ਹੈ। ਪਰਿਵਾਰ ਵਿਚ ਉਪਭੋਗ, ਬਚਤ, ਨਿਵੇਸ਼ ਵੰਡ ਅਤੇ ਯੋਜਨਾ ਆਦਿ ਆਰਥਕ ਕਿਰਿਆਵਾਂ ਹੁੰਦੀਆਂ ਹਨ। ਪਰਿਵਾਰ ਦੇ ਮੈਂਬਰਾਂ ਵਿਚ ਕਿਰਤ-ਵੰਡ ਵੀ ਪਾਈ ਜਾਂਦੀ ਹੈ। ਮਰਦ ਮੈਂਬਰ ਮੁੱਖ ਤੌਰ ਤੇ ਖੇਤੀ ਦਾ ਕੰਮ ਕਰਦੇ ਹਨ ਜਦੋਂਕਿ ਔਰਤਾਂ ਘਰ ਦੇ ਕੰਮ ਕਰਦੀਆਂ ਹਨ। ਅਜੋਕੇ ਸਮੇਂ ਵਿਚ ਔਰਤਾਂ ਨੌਕਰੀ ਆਦਿ ਕਰਨ ਲੱਗ ਪਈਆਂ ਹਨ ਜਿਸ ਕਰਕੇ ਪਤੀ-ਪਤਨੀ ਆਪਣੀਆਂ ਲੋੜਾਂ ਦੀ ਪੂਰਤੀ ਲਈ ਆਰਥਕ ਸਰਗਰਮੀਆਂ ਵਿਚ ਜੁੱਟੇ ਹੋਏ ਹਨ।

**7.6.3.2 ਆਰਥਕ ਸੁਰੱਖਿਆ** : ਭਾਰਤੀ ਪਰਿਵਾਰ ਆਪਣੇ ਮੈਂਬਰਾਂ ਨੂੰ ਆਰਥਕ ਸੁਰੱਖਿਆ ਪ੍ਰਦਾਨ ਕਰਦਾ ਹੈ। ਬੱਚੇ ਦੇ ਜਨਮ ਤੋਂ ਪਿਛੋਂ ਉਸਦੀ ਸੰਭਾਲ ਪਰਿਵਾਰ ਵਲੋਂ ਕੀਤੀ ਜਾਂਦੀ ਹੈ। ਭਾਰਤੀ ਪਰੰਪਰਾ ਮੁਤਾਬਕ ਜਦੋਂ ਤੱਕ ਨੌਜਵਾਨ ਕਮਾਈ ਨਹੀਂ ਕਰਨ ਲੱਗ ਪੈਂਦਾ ਉਸ ਸਮੇਂ ਤੱਕ ਪਰਿਵਾਰ ਦੇ ਮੈਂਬਰ ਉਸ ਲਈ ਆਰਥਕ ਸਹਾਰਾ ਹੁੰਦੇ ਹਨ। ਆਧੁਨਿਕ ਸਮੇਂ ਪਰਿਵਾਰ ਵਲੋਂ ਬੱਚਿਆਂ ਦੀ ਪੜ੍ਹਾਈ ਆਦਿ ਉਤੇ ਖਰਚ ਕੀਤਾ ਜਾਂਦਾ ਹੈ। ਪੱਛਮੀ ਮੁਲਕਾਂ ਵਿਚ ਉਚ ਸਿੱਖਿਆ ਦੇ ਖਰਚੇ ਪੂਰੇ ਕਰਨ ਲਈ ਨੌਜਵਾਨ ਕੰਮ ਕਰਦੇ ਹਨ ਜਦੋਂ ਭਾਰਤ ਵਿਚ ਪੜ੍ਹਦੇ ਨੌਜਵਾਨ ਆਰਥਕ ਪੱਖੋਂ ਪਰਿਵਾਰ 'ਤੇ ਨਿਰਭਰ ਹੁੰਦੇ ਹਨ। ਇਥੇ ਬੇਰੁਜ਼ਗਾਰਾਂ ਅਤੇ ਬਜ਼ੁਰਗਾਂ ਲਈ ਪਰਿਵਾਰ ਹੀ ਆਰਥਕ ਸਹਾਰਾ ਹੈ।

**7.6.3.3 ਜਾਇਦਾਦ ਦੀ ਵੰਡ ਅਤੇ ਸੰਭਾਲ** : ਜਾਇਦਾਦ ਦੀ ਵੰਡ ਅਤੇ ਸੰਭਾਲ ਭਾਰਤੀ ਪਰਿਵਾਰ ਦਾ ਇਕ ਮਹੱਤਵਪੂਰਨ ਆਰਥਕ ਕਾਰਜ ਹੈ। ਪਰਿਵਾਰਕ ਜਾਇਦਾਦ ਮਕਾਨ, ਜ਼ਮੀਨ, ਵਪਾਰ ਆਦਿ ਕਿਸੇ ਵੀ ਤਰ੍ਹਾਂ ਦੀ ਹੋ ਸਕਦੀ ਹੈ। ਪਰਿਵਾਰਕ ਜਾਇਦਾਦ ਪੀੜੀ ਦਰ ਪੀੜੀ ਆਉਂਦੀ ਹੈ। ਹਰ ਪਰਿਵਾਰ ਆਪਣੀ ਜਾਇਦਾਦ ਨੂੰ ਸੰਭਾਲ ਕੇ ਰੱਖਦੀ ਹੈ ਅਤੇ ਫਿਰ ਇਹ ਪਰਿਵਾਰ ਦੇ ਮੈਂਬਰਾਂ ਵਿਚਕਾਰ ਵੰਡੀ ਜਾਂਦੀ ਹੈ। ਭਾਰਤ ਵਿਚ ਪੀੜੀ ਨੂੰ ਚਲਦੀ ਰੱਖਣ ਲਈ ਪਿਤਾ ਪੁਰਖੀ ਪਰਿਵਾਰਾਂ ਵਿਚ ਇਹ ਆਸ ਕੀਤੀ ਜਾਂਦੀ ਹੈ ਕਿ ਉਹਨਾਂ ਦੇ ਘਰ ਲੜਕਾ ਪੈਦਾ ਹੋਵੇ ਜੋ ਜਾਇਦਾਦ ਦਾ ਵਾਰਸ ਹੋਵੇ। ਵਾਰਸ ਤੋਂ ਇਹ ਉਮੀਦ ਰੱਖੀ ਜਾਂਦੀ ਹੈ ਕਿ ਉਹ ਵੰਸ਼ ਨੂੰ ਅਗੇ ਚਲਾਵੇਗਾ ਅਤੇ ਪਰਿਵਾਰ ਦੀ ਜਾਇਦਾਦ ਨੂੰ ਸੰਭਾਲ ਕੇ ਰੱਖੇਗਾ।

7.6.4 **ਮਨੋਵਿਗਿਆਨਕ ਕਾਰਜ** : ਮਨੁੱਖ ਦੀ ਇਹ ਫਿਤਰਤ ਹੈ ਇਹ ਇਕੱਲਾ ਨਹੀਂ ਰਹਿ ਸਕਦਾ। ਸਮਾਜ ਵਿਚ ਇਸ ਨੂੰ ਆਪਣੇ ਮਨ ਦੇ ਵਲਵਲਿਆਂ ਦੇ ਪ੍ਰਗਟਾਵੇ ਲਈ ਦੂਸਰਿਆਂ ਤੇ ਸਹਾਰੇ ਦੀ ਜ਼ਰੂਰਤ ਪੈਂਦੀ ਹੈ। ਭਾਰਤ ਵਿਚ ਪਰਿਵਾਰ ਵਿਅਕਤੀ ਦੇ ਦੁੱਖ ਅਤੇ ਸੁੱਖ ਵਿਚ ਸਹਾਈ ਹੁੰਦੀ ਹੈ। ਵਿਅਕਤੀ ਦੀਆਂ ਮਾਨਸਕ ਜ਼ਰੂਰਤਾਂ ਦੀ ਪੂਰਤੀ ਲਈ ਪਰਿਵਾਰ ਦੇ ਮੈਂਬਰ ਉਸਨੂੰ ਲਾਡ, ਪਿਆਰ ਅਤੇ ਹਮਦਰਦੀ ਦਿੰਦੇ ਹਨ। ਪਰਿਵਾਰ ਵਲੋਂ ਨਿਮਨ ਲਿਖਤ ਮੁੱਖ ਮਨੋਵਿਗਿਆਨਕ ਕੰਮ ਕੀਤੇ ਜਾਂਦੇ ਹਨ।

**7.6.4.1 ਮਨ ਪ੍ਰਚਾਵਾ** : ਭਾਰਤ ਇਕ ਗਰੀਬ ਦੇਸ਼ ਹੈ ਇਥੇ ਬਹੁਤੇ ਲੋਕਾਂ ਪਾਸ ਮਨ ਪ੍ਰਚਾਵੇ ਦੇ ਆਧੁਨਿਕ ਸਾਧਨਾਂ ਦੀ ਘਾਟ ਹੈ। ਵਿਅਕਤੀ ਲਈ ਮਨ ਪ੍ਰਚਾਵੇ ਪੱਖੋਂ ਪਰਿਵਾਰ ਹੀ ਇਥੇ ਮੁੱਖ ਸਾਧਨ ਹੈ। ਪਰਿਵਾਰ ਵਿਚ ਇਕੱਠੇ ਰਹਿੰਦੇ ਬਜ਼ੁਰਗ ਬੱਚਿਆਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਕਹਾਣੀਆਂ ਸੁਣਾਉਂਦੇ ਹਨ ਅਤੇ ਬੱਚੇ ਬਜ਼ੁਰਗਾਂ ਦਾ ਤੋਤਲੀਆ ਗੱਲਾਂ ਅਤੇ ਮਿੱਠੇ ਬੋਲਾਂ ਨਾਲ ਮਨ ਪ੍ਰਚਾਉਂਦੇ ਹਨ। ਭਾਰਤੀ ਪਰਿਵਾਰਾਂ ਵਿਚ ਦਿਉਰ ਭਰਜਾਈ ਦੇ ਮਖੌਲ, ਭੈਣਾਂ-ਭਰਾਵਾਂ ਦੀ ਆਪਸੀ ਨੋਕ ਝੋਕ ਪਰਿਵਾਰ ਦੇ ਮਹੌਲ ਨੂੰ ਮਨੋਰੰਜਨਦਾਇਕ ਤਾਂ ਬਣਾਉਂਦੇ ਹੀ ਸਗੋਂ ਪਰਿਵਾਰ ਦੇ ਮੈਂਬਰਾਂ ਦੀ ਵੱਡੀ ਮਨੋਵਿਗਿਆਨਕ ਜ਼ਰੂਰਤ ਨੂੰ ਵੀ ਪੂਰਾ ਕਰਦੇ ਹਨ।

**7.6.4.2 ਦੁੱਖ ਅਤੇ ਸੁੱਖ ਵਿਚ ਸਹਾਰਾ** : ਭਾਰਤੀ ਪਰਿਵਾਰ ਦੇ ਮੈਂਬਰਾਂ ਦੀ ਆਪਸ ਵਿਚ ਸਾਂਝ ਕਰਕੇ ਇਹ ਇਕ ਦੂਸਰੇ ਦੇ ਦੁੱਖ ਅਤੇ ਸੁੱਖ ਵਿਚ ਸਹਾਈ ਹੁੰਦੇ ਹਨ। ਬੀਮਾਰੀ ਦੀ ਹਾਲਤ ਵਿਚ ਪਰਿਵਾਰ ਦੇ ਮੈਂਬਰ ਹਰ ਪੱਖੋਂ ਮਦਦ ਕਰਦੇ ਹਨ। ਆਪਣੀਆਂ ਖੁਸ਼ੀਆਂ ਨੂੰ ਸਾਂਝਾ ਕਰਨ ਲਈ ਵੀ ਵਿਅਕਤੀ ਨੂੰ ਦੂਸਰਿਆਂ ਦੀ ਮੱਦਦ ਲੈਣੀ ਪੈਂਦੀ ਹੈ। ਭਾਰਤ ਵਿਚ ਇਸ ਪੱਖੋਂ ਪਰਿਵਾਰ ਮੱਦਦ ਕਰਦਾ ਹੈ।

7.6.5. **ਧਾਰਮਿਕ ਕਾਰਜ** : ਭਾਰਤ ਧਰਮਾਂ ਦਾ ਦੇਸ਼ ਹੈ। ਦੁਨੀਆਂ ਦੇ ਪ੍ਰਮੁੱਖ ਧਰਮਾਂ ਦੇ ਲੋਕ ਇਥੇ ਵਸਦੇ ਹਨ। ਹਰ ਪਰਿਵਾਰ ਆਪੋ ਆਪਣੇ ਧਰਮ ਨਾਲ ਜੁੜਿਆ ਹੁੰਦਾ ਹੈ। ਪਰਿਵਾਰ ਆਪਣੇ ਮੈਂਬਰਾਂ ਨੂੰ ਧਰਮ ਨਾਲ ਜੋੜ ਕੇ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਧਾਰਮਕ ਸਿੱਖਿਆਵਾਂ ਅਤੇ ਕਿਰਿਆਵਾਂ ਦੀ ਮੁਢਲੀ ਜਾਣਕਾਰੀ ਪਰਿਵਾਰ ਵਲੋਂ ਦਿੱਤੀ ਜਾਂਦੀ ਹੈ।

ਉੱਪਰ ਬਿਆਨ ਕੀਤੇ ਕਾਰਜਾਂ ਤੋਂ ਇਲਾਵਾ ਭਾਰਤੀ ਪਰਿਵਾਰ ਰਾਜਨੀਤਕ ਕਾਰਜ ਵੀ ਕਰਦਾ ਹੈ। ਇਥੋਂ ਦੇ ਬਹੁਤੇ ਪਰਿਵਾਰ ਆਪਣੇ ਰਾਜਨੀਤਕ ਪਾਰਟੀਆਂ ਨੂੰ ਵੋਟ ਦੇਣ ਦੇ ਫੈਸਲੇ ਆਪਣੇ ਪਰਿਵਾਰ ਦੇ ਮੁੱਖੀ ਦੀ ਮਰਜ਼ੀ ਤਹਿਤ ਕਰਦੇ ਹਨ।

## 7.7 ਸਾਰ

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਭਾਰਤੀ ਸਮਾਜ ਦੀ ਸੰਰਚਨਾ ਨੂੰ ਸਮਝਣ ਲਈ ਪਰਿਵਾਰ ਨੂੰ ਸਮਝਣਾ ਜ਼ਰੂਰੀ ਹੈ। ਪਰਿਵਾਰ ਖੂਨ, ਵਿਆਹ ਅਤੇ ਗੋਦ ਲੈਣ ਦੇ ਸੰਬੰਧਾਂ ਰਾਹੀਂ ਹੋਂਦ ਵਿਚ ਆਉਂਦਾ ਹੈ ਜਿਸ ਵਿਚ ਪਤੀ ਪਤਨੀ ਅਤੇ ਉਹਨਾਂ ਦੇ ਬੱਚੇ ਰਹਿੰਦੇ ਹਨ। ਪਰਿਵਾਰ ਦੀ ਆਪਣੀ ਸਾਂਝੀ ਰਹਾਇਸ਼ ਹੁੰਦੀ ਹੈ ਅਤੇ ਇਸ ਦਾ ਆਪਣਾ ਇਕ ਨਾਮ ਹੁੰਦਾ ਹੈ। ਪਰਿਵਾਰ ਵਿਅਕਤੀ ਦੇ ਜੀਵਨ ਅਤੇ ਸਮਾਜ ਲਈ ਅਨੇਕਾਂ ਮਹੱਤਵਪੂਰਨ ਕਾਰਜ ਕਰਦਾ ਹੈ। ਜੀਵਨ ਵਿਗਿਆਨਕ, ਸਮਾਜਕ, ਆਰਥਕ, ਮਨੋਵਿਗਿਆਨਕ ਅਤੇ ਧਾਰਮਕ ਕਾਰਜ ਪਰਿਵਾਰ ਵਲੋਂ ਕੀਤੇ ਜਾਂਦੇ ਹਨ। ਭਾਰਤ ਵਿਚ ਵਿਅਕਤੀ ਦਾ ਜੀਵਨ ਮੁੱਖ ਤੌਰ ਤੇ ਪਰਿਵਾਰ ਨਾਲ ਜੁੜਿਆ ਹੈ ਉਸਦੇ ਵਿਅਕਤੀਤਵ 'ਤੇ ਪਰਿਵਾਰ ਦਾ ਗੂਹੜਾ ਪ੍ਰਭਾਵ ਪੈਂਦਾ ਹੈ।

## 7.8 ਮੁੱਖ ਸ਼ਬਦ

| | | |
|---|---|---|
| **ਸਮਾਜੀਕਰਣ** | : | ਇਕ ਜੀਵ ਨੂੰ ਸਮਾਜੀ ਜੀਵ ਬਣਾਉਣ ਦੀ ਪ੍ਰਕ੍ਰਿਆ |
| **ਸਮਾਜਿਕ ਕੰਟਰੋਲ** | : | ਸਮਾਜ ਦੁਆਰਾ ਵਿਅਕਤੀ ਦੇ ਵਿਵਹਾਰ ਤੇ ਪੈਣ ਵਾਲਾ ਪ੍ਰਭਾਵ |
| **ਸਹਿਚਾਰ** | : | ਵਿਅਕਤੀਆਂ ਵਿਚ ਇਕ ਦੂਜੇ ਨਾਲ ਮਿਲਕੇ ਚਲਣ ਦੀ ਪ੍ਰਕ੍ਰਿਆ, |
| **ਸਹਿਹੋਂਦ** | : | ਦੂਸਰਿਆਂ ਦੀ ਹੋਂਦ ਪ੍ਰਤੀ ਚੇਤੰਨ ਹੋਕੇ ਕੰਮ ਕਰਨ ਦੀ ਪ੍ਰਕ੍ਰਿਆ |
| **ਪਿਤਰ ਵੰਸ਼ੀ** | : | ਜਦੋਂ ਵੰਸ਼ ਪਿਤਾ ਦੇ ਨਾਂ ਨਾਲ ਚਲਦਾ ਹੈ। |
| **ਮਾਤਰ ਵੰਸ਼ੀ** | : | ਜਦੋਂ ਵੰਸ਼ ਮਾਤਾ ਦੇ ਨਾਂ ਨਾਲ ਚਲਦਾ ਹੈ। |

## 7.9 ਅਭਿਆਸ ਲਈ ਪ੍ਰਸ਼ਨ

1. ਪਰਿਵਾਰ ਕੀ ਹੈ ? ਇਸਦਾ ਅਰਥ ਸਪਸ਼ਟ ਕਰਦੇ ਹੋਏ ਇਸਦੇ ਕੰਮਾਂ ਤੇ ਰੋਸ਼ਨੀ ਪਾਓ।
2. ਪਰਿਵਾਰ ਕੀ ਹੈ ? ਭਾਰਤ ਵਿਚ ਪਰਿਵਾਰ ਦੀ ਅਹਿਮੀਅਤ 'ਤੇ ਨੋਟ ਲਿਖੋ।
3. ਪਰਿਵਾਰ ਦੀ ਪਰਿਭਾਸ਼ਾ ਦਿਓ ਅਤੇ ਭਾਰਤੀ ਪਰਿਵਾਰ ਦੇ ਪ੍ਰਮੁੱਖ ਕਾਰਜਾਂ ਦਾ ਵਰਨਣ ਕਰੋ।

### ਸੰਖੇਪ ਸਵਾਲ (ਬਿਆਨ ਕਰੋ)

(ੳ) ਪਰਿਵਾਰ

(ਅ) ਪਰਿਵਾਰ ਦੇ ਸਮਾਜਿਕ ਕਾਰਜ

(ੲ) ਪਰਿਵਾਰ ਦੇ ਮਨੋਵਿਗਿਆਨਕ ਕਾਰਜ

(ਸ) ਪਰਿਵਾਰ ਦੀਆਂ ਵਿਸ਼ੇਸਤਾਈਆਂ

(ਹ) ਸਮਾਜੀਕਰਣ

## 7.10 ਉਪਯੋਗੀ ਪੁਸਤਕਾਂ :


| | | |
|---|---|---|
| George Peter Murdock | : | Social Structure (1965) Free, New York. |
| Pascual Gisber | : | Fundamental of Sociology (1954 2nd ed.) Orient Longmans Bomaby. |
| William J. Goode | : | The family (1965) Prentice Half of India, New Delhi. |
| Anthony Giddens | : | Sociology (1997 3rd ed.) Polity Press, Combridge, U.K. |
| ਵਿਲੀਅਮ ਔਫ਼ ਔਗਬਰਨ ਅਤੇ ਮੇਅਰ ਔਫ਼ ਨਿਮਕੋਫ਼ ਅਨੁਵਾਦਕ ਸਚਦੇਵਾ | : | *ਸਮਾਜ ਵਿਗਿਆਨ (1990) ਪੰਜਾਬੀ ਯੂਨੀਵਰਸਿਟੀ, ਪਟਿਆਲਾ।* |

ਪਾਠ ਨੰ : **2.4** ਲੇਖਿਕਾ : ਡਾ. ਹਰਿੰਦਰ ਕੌਰ

# ਸਾਕਾਦਾਰੀ

## (Kinship)

ਰੂਪ ਰੇਖਾ

8.0 ਉਦੇਸ਼
8.1 ਜਾਣ ਪਛਾਣ
8.2 ਪਰਿਭਾਸ਼ਾਵਾਂ
8.2.1 ਸਗੋਤਰ ਸਾਕਾਦਾਰੀ
8.2.1.1 ਕੁਲੇਟਰਲ ਸਾਕਾਦਾਰੀ
8.2.1.2 ਯੂਨੀਲੇਟਰਲ ਸਾਕਾਦਾਰੀ
8.3 ਸਾਕਾਦਾਰੀ ਦਾ ਵਰਗੀਕਰਣ
8.4 ਸਾਕਾਦਾਰੀ ਦਾ ਸਿਧਾਂਤ
8.4.1 ਇਨਡੋਲੋਜੀਕਲ ਅਪਰੋਚ
8.4.2 ਐਥਰੋਪਲੋਜੀਕਲ ਅਪਰੋਚ
8.4.2.1 ਵੰਸਕਰਮ
8.4.2.2 ਗੱਠਜੋੜ
8.5 ਸਾਕਾਦਾਰੀ ਪ੍ਰਥਾਵਾਂ
8.6 ਸਾਕਾਦਾਰੀ ਸ਼ਬਦਾਵਲੀ
8.7 ਸਾਰ
8.8 ਮੁੱਖ ਸ਼ਬਦ
8.9 ਅਭਿਆਸ ਲਈ ਪ੍ਰਸ਼ਨ
8.10 ਉਪਯੋਗੀ ਪੁਸਤਕਾਂ

### 8.0 ਉਦੇਸ਼

ਇਸ ਪਾਠ ਨੂੰ ਪੜਨ ਉਪਰੰਤ ਵਿਦਿਆਰਥੀ ਨੂੰ ਹੇਠ ਲਿਖੀਆਂ ਗੱਲਾਂ ਦੀ ਜਾਣਕਾਰੀ ਪ੍ਰਾਪਤ ਹੋਵੇਗੀ :

- ਸਾਕਾਦਾਰੀ ਦਾ ਸਮਾਜ ਵਿਗਿਆਨਕ ਅਰਥ
- ਸਾਕਾਦਾਰੀ ਪ੍ਰਣਾਲੀ ਦੀਆਂ ਪ੍ਰਮੁੱਖ ਕਿਸਮਾਂ
- ਸਾਕਾਦਾਰੀ ਦਾ ਵਰਗੀਕਰਣ
- ਇਸ ਪ੍ਰਣਾਲੀ ਦੇ ਅਧਿਐਨ ਲਈ ਪੇਸ਼ ਸਿਧਾਂਤ
- ਸਾਕਾਦਾਰੀ ਵਿਵਸਥਾ ਦੀਆਂ ਮੁੱਖ ਪ੍ਰਥਾਵਾਂ
- ਇਸ ਪ੍ਰਬੰਧ ਦੀ ਵਿਸ਼ੇਸ਼ ਸ਼ਬਦਾਵਲੀ

**8.1 ਜਾਣ ਪਛਾਣ** : ਸਾਕਾਦਾਰੀ ਸ਼ਬਦ ਅੰਗਰੇਜੀ ਦੇ ਕਿੰਨਸਿਪ (kinship) ਦਾ ਸ਼ਾਬਦਿਕ ਅਰਥ ਹੈ। ਅੰਗਰੇਜ਼ੀ ਦਾ ਇਹ ਸ਼ਬਦ Kin ਐਂਗਲੋ ਸ਼ਬਦ CYNN ਤੋਂ ਨਿਕਲਿਆ ਹੈ ਜਿਸਦਾ ਅਰਥ ਹੁੰਦਾ ਹੈ 'ਰਿਸ਼ਤੇਦਾਰ'। ਸਮਾਜ ਵਿਗਿਆਨੀ ਅਤੇ ਮਾਨਵ ਵਿਗਿਆਨੀ ਇਸ

ਦੇ ਇਸੇ ਅਰਥ ਨੂੰ ਲੈ ਕੇ ਚਲਦੇ ਹਨ। ਆਮ ਬੋਲਚਾਲ ਦੀ ਭਾਸ਼ਾ ਵਿਚ ਵੀ ਸਾਕ ਜਾਂ ਰਿਸ਼ਤਾ ਸ਼ਬਦ ਦੀ ਵਰਤੋਂ ਮਨੁੱਖਾਂ ਦੇ ਆਪਸੀ ਸੰਬੰਧਾਂ ਨੂੰ ਹੀ ਦਰਸਾਉਂਦੀ ਹੈ ਜਿਸ ਨੂੰ ਅਸੀਂ ਸਾਕਾਦਾਰੀ ਕਹਿੰਦੇ ਹਾਂ। ਸਾਕਾਦਾਰੀ ਵਿਵਸਥਾ ਤੋਂ ਭਾਵ ਉਨ੍ਹਾਂ ਅਸੂਲਾਂ ਦਾ ਸਮੂਹ ਹੈ ਜਿਸ ਵਿਚ ਵੰਸਕਰਮ (descent) ਵਿਰਾਸਤ (inheritance) ਉੱਤਰਾਧਿਕਾਰ (succession), ਵਿਆਹ (marriage) ਨਿਵਾਸ (residence) ਆਦਿ ਨੂੰ ਮਦੇ-ਨਜਰ ਰਖਦੇ ਹੋਏ ਮਨੁੱਖ ਦੀ ਸਮਾਜ ਵਿਚ ਸਥਿਤੀ ਨਿਰਧਾਰਿਤ ਕੀਤੀ ਜਾਂਦੀ ਹੈ। ਸਾਕਾਦਾਰੀ ਪ੍ਰਬੰਧ ਮਨੁੱਖੀ ਸਮਾਜ ਦਾ ਇਕ ਸਰਵ ਵਿਆਪਕ ਅਤੇ ਅਹਿਮ ਪੱਖ ਹੈ। ਇਹ ਮਨੁੱਖੀ ਸਮਾਜ ਨੂੰ ਜੱਥੇਵੰਦ ਕਰਨ ਵਾਲੇ ਬੁਨਿਆਦੀ ਅਸੂਲ ਦੀ ਹੈਸਿਅਤ ਵਿਚ ਮਨੁੱਖੀ ਵਿਵਹਾਰ ਅਤੇ ਸਮੂਹ ਦੀ ਬਣਤਰ ਦੋਹਾਂ ਨੂੰ ਪਰਭਾਵਿਤ ਕਰਦਾ ਹੈ। ਪੁਰਾਤਨ ਸਮਾਜ ਤਾਂ ਸਾਕਾਦਾਰੀ ਦੀਆਂ ਨੀਹਾਂ ਉਪਰ ਹੀ ਉਸਰੇ ਹੁੰਦੇ ਸਨ। ਇੱਥੇ ਸਾਕਾਦਾਰੀ ਪ੍ਰਬੰਧ ਵਿਚ ਸਾਡੀ ਰੁਚੀ ਅਸੂਲਾਂ ਦੇ ਉਸ ਜੁੱਟ ਜਾਂ ਸੰਗ੍ਰਿਹ ਵਿਚ ਹੈ ਜਿਹੜਾ ਮੁੱਖ ਤੌਰ ਤੇ ਮਨੁੱਖੀ ਸਮਾਜ ਵਿਚ ਵੰਸਕਰਨ ਅਤੇ ਵਿਆਹ ਨਾਲ ਸੰਬੰਧਤ ਹੈ। ਇਸ ਲਈ ਸਾਧਾਰਣ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਖ਼ੂਨ ਜਾਂ ਵਿਆਹ ਦੁਆਰਾ ਸਥਾਪਿਤ ਅਤੇ ਵਿਕਸਿਤ ਸਮਾਜਿਕ ਸੰਬੰਧਾਂ ਦੀ ਵਿਵਸਥਾ ਨੂੰ ਸਾਕਾਦਾਰੀ ਵਿਵਸਥਾ ਕਿਹਾ ਜਾਂਦਾ ਹੈ।

## 8.2 ਪਰਿਭਾਸ਼ਾਵਾਂ

ਵੱਖ-ਵੱਖ ਸਮਾਜ ਵਿਗਿਆਨੀ ਨੇ ਸਾਕਾਦਾਰੀ ਨੂੰ ਆਪਣੇ ਢੰਗ ਨਾਲ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। **ਚਾਰਲਸ ਵਿਨਿਕ** ਅਨੁਸਾਰ "ਸਾਕਾਦਾਰੀ ਵਿਵਸਥਾ ਵਿਚ ਉਹ ਸੰਬੰਧ ਸ਼ਾਮਿਲ ਕੀਤੇ ਜਾਂਦੇ ਹਨ ਜੋ ਕਲਪਿਤ ਜਾਂ ਵਾਸਤਵਿਕ ਵੰਸ ਪਰੰਪਰਾਗਤ ਬੰਧਨਾਂ ਉਤੇ ਆਧਾਰਿਤ ਅਤੇ ਸਮਾਜ ਦੁਆਰਾ ਪ੍ਰਭਾਵਿਤ ਹੁੰਦੇ ਹਨ।"

**ਮੋਰਾਇਸ ਫਰੀਡਮੈਨ** ਲਿਖਦਾ ਹੈ ਕਿ "ਸਾਕਾਦਾਰੀ ਪ੍ਰਬੰਧ ਆਮ ਤੌਰ ਤੇ ਅਸੂਲਾਂ ਦੇ ਉਸ ਜਟਿਲ ਸੰਗ੍ਰਿਹ ਦਾ ਨਾਂ ਹੈ ਜਿਹੜੇ ਇਕ ਸਮਾਜ ਜਾਂ ਇਸਦੇ ਹਿੱਸੇ ਵਿਚ ਵੰਸਕਰਨ ਉਤਰਅਧਿਕਾਰਿਤਾ, ਵਿਰਾਸਤ, ਵਿਆਹ, ਵਿਆਹੋਂ ਬਾਹਰੇ ਸੰਬੰਧਾਂ ਅਤੇ ਵਸੇਬੇ ਦੇ ਆਧਾਰ ਤੇ ਵਿਅਕਤੀਆਂ ਦੇ ਰੁਤਬੇ ਨੂੰ ਖ਼ੂਨ ਦੇ ਰਿਸ਼ਤੇ ਤੇ ਵਿਆਹ ਦੇ ਸੰਬੰਧਾਂ ਵਿਚ ਨਿਰਧਾਰਤ ਕਰਦਾ ਹੈ।

**ਲੇਵੀ ਸਤਰਾਸ** ਅਨੁਸਾਰ "ਸਾਕਾਦਾਰੀ ਵਿਚਾਰਾਂ ਦੀ ਇਕ ਨਿਰੰਕੁਸ਼ ਵਿਵਸਥਾ ਹੈ।"

**ਜਾਂਫਰੈਡ ਐਗਨ** ਦੇ ਸ਼ਬਦਾਂ ਵਿਚ, "ਸਾਕਾਦਾਰੀ ਪ੍ਰਬੰਧ ਵੰਸਕਰਨ ਅਤੇ ਵਿਆਹ ਦੇ ਆਧਾਰ ਤੇ ਬਣੇ ਸੰਬੰਧਾਂ ਦੀ ਸਮਾਜਿਕ ਪਰਵਾਨਗੀ ਤੇ ਸਭਿਆਚਾਰਕ ਅਮਲ ਤੇ ਨਿਰਭਰ ਕਰਦਾ ਹੈ ਤੇ ਆਦਮੀ ਦੇ ਤੌਰ ਤਰੀਕੇ ਇਹਨਾਂ ਨਾਲ ਸੰਬੰਧਤ ਹੁੰਦੇ ਹਨ ਜੋ ਸਮੁੱਚੇ ਤੌਰ ਤੇ ਇੱਕ ਨਿਯਮਤ ਪ੍ਰਬੰਧ ਬਣ ਜਾਂਦੇ ਹਨ।"

**ਰੈਡਕਲਿਫ ਬਰਾਊਨ** ਨੇ ਸਾਕਾਦਾਰੀ ਵਿਵਸਥਾ ਦਾ ਸ਼ਬਦ "ਪਰਿਵਾਰ ਅਤੇ ਵਿਆਹ ਦੀ ਹੋਂਦ ਤੋਂ ਪੈਦਾ ਹੋਏ ਜਾਂ ਇਸਦੇ ਸਿੱਟੇ ਵਜੋਂ ਪੈਦਾ ਹੋਏ ਸਾਰੇ ਸੰਬੰਧਾਂ ਲਈ ਕੀਤਾ ਹੈ।"

ਉਪਰੋਕਤ ਪਰਿਭਾਸ਼ਾਵਾਂ ਦੇ ਵਿਸ਼ਲੇਸ਼ਣ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਮਨੁੱਖ ਆਪਸ ਵਿਚ ਉਦੋਂ ਹੀ ਸਕੇ ਸੰਬੰਧੀ ਹੁੰਦੇ ਹਨ ਜਦੋਂ ਉਨ੍ਹਾਂ ਦਰਮਿਆਨ ਅਸਲੀ ਜਾਂ ਫਰਜੀ (ਜਿਵੇਂ ਗੋਦ ਲੈਣਾ) ਹਰ ਖ਼ੂਨ ਦਾ ਰਿਸ਼ਤਾ ਹੋਵੇ ਅਤੇ ਜਿਨ੍ਹਾਂ ਨੂੰ ਸਮਾਜਿਕ ਮਨਜੂਰੀ ਪ੍ਰਾਪਤ ਹੋਵੇ। ਉਦਾਹਰਣ ਦੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਇਕ ਗੋਦ ਲਿਆ ਬੱਚਾ (ਜਿਸਦਾ ਮਾਂ ਬਾਪ ਨਾਲ ਖ਼ੂਨ ਦਾ ਰਿਸ਼ਤਾ ਨਹੀਂ) ਸਾਕਾਦਾਰੀ ਵਿਵਸਥਾ ਵਿਚ ਸਥਾਨ ਪ੍ਰਾਪਤ ਕਰਦਾ ਹੈ ਅਤੇ ਉਸਦਾ ਮੈਂਬਰ ਬਣਦਾ ਹੈ, ਜਿਸਦੇ ਰਿਸ਼ਤੇਦਾਰ ਹੁੰਦੇ ਹਨ ਅਤੇ ਉਨ੍ਹਾਂ ਪ੍ਰਤੀ ਅਧਿਕਾਰ ਤੇ ਜਿੰਮੇਵਾਰੀਆਂ ਵੀ ਪ੍ਰਾਪਤ ਹੁੰਦੀਆਂ ਹਨ। ਪ੍ਰੰਤੂ ਦੂਜੇ ਪਾਸੇ ਇਕ ਅਵੈਧ (illegitimate) ਬੱਚੇ ਦੇ ਮਾਂ ਬਾਪ ਹੁੰਦੇ ਹੋਏ ਵੀ ਉਸ ਨੂੰ ਸਾਕਾਦਾਰੀ ਸਮੂਹ ਵਿਚ ਸਥਾਨ ਨਹੀਂ ਮਿਲਦਾ ਅਤੇ ਉਹ ਉਸਦਾ ਮੈਂਬਰ ਨਹੀਂ ਮੰਨਿਆ ਜਾਂਦਾ। ਇਸ ਤੋਂ ਭਾਵ ਹੈ ਕਿ ਅਸਲੀ ਜਾਂ ਫਰਜੀ ਰਕਤ ਅਤੇ ਵਿਆਹ ਦੁਆਰਾ ਸਥਾਪਿਤ ਗੂੜ੍ਹੇ ਸਮਾਜਿਕ ਸੰਬੰਧਾਂ ਦੀ ਵਿਵਸਥਾ ਜਿਹੜੀ ਸਮਾਜ ਦੁਆਰਾ ਪ੍ਰਵਾਣਿਤ ਹੋਵੇ ਨੂੰ ਸਾਕਾਦਾਰੀ ਕਿਹਾ ਜਾਂਦਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਹਰੇਕ ਸਾਕਾਦਾਰੀ ਪ੍ਰਬੰਧ ਮੁੱਖ ਤੌਰ ਤੇ ਵਿਆਹ ਅਤੇ ਵੰਸ਼ਕਰਨ ਦੇ ਅਸੂਲਾਂ ਦੇ ਆਧਾਰ ਤੇ ਉਸਰਿਆਂ ਹੁੰਦਾ ਹੈ। ਸਾਕਾਦਾਰੀ ਲਈ ਵੰਸ਼ਕਰਮ ਅਤੇ ਵਿਆਹ ਨਾਲ ਸੰਬੰਧਤ ਅਸੂਲਾਂ ਦਾ ਸਥਾਨ ਬੁਨਿਆਦੀ ਹੈ ਇਹ ਅਸੂਲ ਸਮਾਜਕ ਵਤੀਰੇ ਦੇ ਵੱਖੋ ਵੱਖਰੇ ਪੱਖਾਂ ਨੂੰ ਨਿਰਧਾਰਤ ਕਰਦੇ ਹਨ।

## 8.3 ਸਾਕਾਦਾਰੀ ਦੀਆਂ ਕਿਸਮਾਂ

ਉਪਰ ਕੀਤੀ ਚਰਚਾ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਸਾਕਾਦਾਰੀ ਵਿਵਸਥਾ ਦੇ ਮੁੱਖ ਸੋਮੇ ਵੰਸ ਅਤੇ ਵਿਆਹ ਹਨ। ਇਹਨਾਂ ਦੋ ਸੋਮਿਆਂ ਦੇ ਆਧਾਰ ਤੇ ਹੀ ਇਸਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

(1) ਰਕਤ ਸੰਬੰਧੀ ਜਾਂ ਸਗੋਤਰ ਸਾਕਾਦਾਰੀ (Consanguined Kinship)

(2) ਵਿਆਹ ਸੰਬੰਧੀ ਜਾਂ ਵਿਵਾਹਕ ਸਾਕਾਦਾਰੀ (Affined Kinship)

### 8.3.1 ਰਕਤ ਸੰਬੰਧੀ ਜਾਂ ਸਗੋਤਰ ਸਾਕਾਦਾਰੀ

ਜਿਹੜੇ ਵਿਅਕਤੀ ਆਪਸ ਵਿਚ ਖੂਨ ਦੇ ਰਿਸ਼ਤੇ ਜਾਂ ਗੋਦ ਲੈਣ ਦੇ ਰਿਸ਼ਤੇ ਨਾਲ ਸੰਬੰਧਿਤ ਹਨ ਉਸਨੂੰ ਸਗੋਤਰ ਸਾਕਾਦਾਰੀ ਕਹਿੰਦੇ ਹਨ। ਇਹ ਰਿਸ਼ਤੇ ਅਸਲੀ ਵੀ ਹੋ ਸਕਦੇ ਹਨ ਅਤੇ ਫਰਜੀ ਵੀ ਪ੍ਰੰਤੂ ਇਹਨਾਂ ਨੂੰ ਸਮਾਜ ਦੀ ਮਨਜ਼ੂਰੀ ਪ੍ਰਾਪਤ ਹੋਣੀ ਚਾਹੀਦੀ ਹੈ। ਖੂਨ ਦਾ ਰਿਸ਼ਤਾ ਤਾਂ ਸਮਾਜਿਕ ਤੌਰ ਤੇ ਪ੍ਰਵਾਣਤ ਹੁੰਦਾ ਹੈ ਪ੍ਰੰਤੂ ਗੋਦ ਲੈਣਾ ਜਾਂ ਫਿਰ ਬਹੁ ਵਿਆਹ ਵਿਚ ਪੈਦਾ ਹੋਏ ਬੱਚਿਆਂ ਨੂੰ ਸਮਾਜਿਕ ਪ੍ਰਵਾਨਤਾ ਜ਼ਰੂਰੀ ਹੈ ਜਿਸ ਨਾਲ ਉਹ ਸਾਕਾਦਾਰੀ ਪ੍ਰਬੰਧ ਦੇ ਮੈਂਬਰ ਬਣਦੇ ਹਨ। ਜਿਹੜੇ ਕਬੀਲਿਆਂ ਵਿਚ ਬਹੁ ਵਿਆਹ ਪ੍ਰਥਾ ਪ੍ਰਚਲਤ ਹੈ ਉੱਥੇ ਪਿਤਾ ਜਾਂ ਮਾਤਾ ਦਾ ਸੰਬੰਧ ਜੀਵ ਵਿਗਿਆਨਕ ਆਧਾਰ ਉੱਤੇ ਨਿਰਧਾਰਤ ਨਹੀਂ ਕੀਤਾ ਜਾਂਦਾ ਬਲਕਿ ਸਮਾਜਿਕ ਪਿਤਰਤਵ ਨੂੰ ਮਹੱਤਵ ਦਿੱਤਾ ਜਾਂਦਾ ਹੈ।

ਖੂਨ ਦਾ ਸੰਬੰਧ ਪਿਤਾ ਪੱਖੀ ਵੀ ਹੋ ਸਕਦਾ ਹੈ ਅਤੇ ਮਾਤਾ ਪੱਖੀ ਵੀ। ਪਿਤਾ ਪੱਖ ਵਾਲੀ ਸਾਕਾਦਾਰੀ ਨੂੰ ਪਿਤਰਪੱਖੀ ਸਾਕਾਦਾਰੀ (Paternal Kinship) ਅਤੇ ਮਾਤਾ ਪੱਖੀ ਨੂੰ ਮਾਤਰ ਪੱਖੀ ਸਾਕਾਦਾਰੀ (Maternal Kinship) ਕਿਹਾ ਜਾਂਦਾ ਹੈ। ਇਸ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਖੂਨ ਵੰਸ ਸੰਬੰਧਾਂ ਤੋਂ ਪੈਦਾ ਹੋਏ ਸਭ ਰਿਸ਼ੇਤਦਾਰ ਸਗੋਤਰ ਸਾਕਾਦਾਰੀ ਪ੍ਰਣਾਲੀ ਵਿਚ ਆਉਂਦੇ ਹਨ। ਜਿਵੇਂ ਕਿ ਭੈਣ, ਭਰਾ, ਮਤਰੇਏ ਭੈਣ-ਭਰਾ, ਦਾਦਾ-ਦਾਦੀ, ਨਾਨਾ-ਨਾਨੀ, ਚਾਚਾ-ਤਾਇਆ, ਮਾਮਾ-ਮਾਸੀ, ਭੂਆ ਆਦਿ। ਖੂਨ ਦੇ ਰਿਸ਼ਤੇ ਦੇ ਆਧਾਰ ਤੇ ਸਾਕ ਸੰਬੰਧੀਆਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਉਹ ਹਨ (1) ਕੁਲੇਟਰਲ ਸਾਕਾਦਾਰੀ (2) ਯੂਨੀਲੇਟਰਲ ਸਾਕਾਦਾਰੀ

#### 8.3.1.1 ਕੁਲੇਟਰਲ ਸਾਕਾਦਾਰੀ

ਕਿਸੇ ਵੀ ਵਿਅਕਤੀ ਦੇ ਮਾਤਾ ਅਤੇ ਪਿਤਾ ਦੋਵਾਂ ਤਰਫੋਂ ਜਿੰਨੇ ਵੀ ਰਿਸ਼ਤੇਦਾਰ ਹੁੰਦੇ ਹਨ ਉਨ੍ਹਾਂ ਦੇ ਸਮੂਹ ਨੂੰ ਕੁਲੇਟਰਲ ਸਾਕਾਦਾਰੀ ਕਿਹਾ ਜਾਂਦਾ ਹੈ ਜਿਵੇਂ ਤਾਇਆ ਚਾਚਾ ਭੂਆ ਮਾਮਾ ਮਾਸੀ ਭਾਣਜੇ ਭਾਣਜੀਆਂ ਤੇ ਭਤੀਜੇ ਭਤੀਜੀਆਂ ਆਦਿ।

#### 8.3.1.2 ਯੂਨੀਲੇਟਰਲ ਸਾਕਾਦਾਰੀ

ਇਸ ਸਾਕਾਦਾਰੀ ਸਮੂਹ ਵਿਚ ਉਹ ਰਿਸ਼ਤੇਦਾਰ ਸ਼ਾਮਿਲ ਹੁੰਦੇ ਹਨ ਜਿਹੜੇ ਇਕ ਸਿੱਧੇ ਵੰਸ ਪਰੰਪਰਾਗਤ ਸੰਬੰਧਾਂ ਨਾਲ ਇੱਕ ਹੀ ਪੂਰਵਜ ਨਾਲ ਸੰਬੰਧਿਤ ਹੋਣ ਜਿਵੇਂ ਕਿਸੇ ਵਿਅਕਤੀ ਦੀਆਂ ਉਪਰਲੀਆਂ ਪੁਸ਼ਤਾਂ ਭਾਵ ਉਸਦੇ ਮਾਂ-ਬਾਪ, ਦਾਦਾ-ਦਾਦੀ, ਪੜਦਾਦਾ-ਪੜਦਾਦੀ ਆਦਿ ਅਤੇ ਹੇਠਲੀਆਂ ਪੁਸ਼ਤਾਂ ਜਿਵੇਂ ਪੁਤਰ-ਪੁੱਤਰੀ, ਪੋਤਾ-ਪੋਤੀ, ਪੜਪੋਤਾ-ਪੜਪੋਤੀ, ਆਦਿ। ਇਹਨਾਂ ਸਾਰੇ ਰਿਸ਼ਤੇਦਾਰਾਂ ਦੇ ਸਮੂਹ ਨੂੰ ਅਸੀਂ ਯੂਨੀਲੇਟਰਲ ਸਾਕਾਦਾਰੀ ਦੇ ਨਾਂ ਨਾਲ ਬੁਲਾਉਂਦੇ ਹਾਂ।

### 8.3.2. ਵਿਆਹ ਸੰਬੰਧੀ ਜਾਂ ਵਿਵਹਾਰਕ ਸਾਕਾਦਾਰੀ (Affined Kinship)

ਕਿਸੇ ਔਰਤ ਜਾਂ ਮਰਦ ਦੇ ਵਿਆਹ ਤੋਂ ਬਾਅਦ ਉਤਪੰਨ ਹੋਏ ਰਿਸ਼ਤਿਆਂ ਦੇ ਸਮੂਹ ਨੂੰ ਵਿਆਹ ਤੇ ਆਧਾਰਿਤ ਸਾਕਾਦਾਰੀ ਵਿਚ ਪਾਇਆ ਜਾਂਦਾ ਹੈ। ਜਦੋਂ ਵੀ ਕਿਸੇ ਮਰਦ ਦਾ ਜਾਂ ਔਰਤ ਦਾ ਵਿਆਹ ਹੁੰਦਾ ਹੈ ਤਾਂ ਉਹਨਾਂ ਦਾ ਰਿਸ਼ਤਾ ਕੇਵਲ ਪਤਨੀ ਜਾਂ ਪਤੀ ਨਾਲ ਹੀ ਨਹੀਂ ਹੁੰਦਾ ਸਗੋਂ ਉਨ੍ਹਾਂ ਦੇ ਪਰਿਵਾਰ ਦੇ ਬਾਕੀ ਮੈਂਬਰਾਂ ਨਾਲ ਵੀ ਸੰਬੰਧ ਸਥਾਪਿਤ ਹੁੰਦਾ ਹੈ। ਜਿਵੇਂ ਕਿਸੇ ਮਰਦ ਦੇ ਵਿਆਹ ਤੋਂ ਬਾਅਦ ਉਸਦੀ ਪਤਨੀ ਹੀ ਉਸਦੀ ਸੰਬੰਧੀ ਨਹੀਂ ਬਲਕਿ ਉਸ ਔਰਤ ਦੇ ਮਾਂ-ਬਾਪ, ਭੈਣ ਭਾਈ, ਹੋਰ ਸਾਕ ਸੰਬੰਧੀ ਵੀ ਉਸ ਮਰਦ ਦੇ ਰਿਸ਼ਤੇਦਾਰ ਬਣ ਜਾਂਦੇ ਹਨ ਜਿਨ੍ਹਾਂ ਵਿਚੋਂ ਸੱਸ, ਸੌਹਰਾ, ਸਾਲਾ, ਜੀਜਾ, ਸਾਢੂ, ਦਿਉਰ, ਜੇਠ ਆਦਿ ਵਿਆਹ ਦੁਆਰਾ ਸਥਾਪਿਤ ਸਾਕਾਦਾਰੀ ਵਿਚ ਆਉਂਦੇ ਹਨ ਜਿਨ੍ਹਾਂ ਲਈ Affine ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਉਪਰੋਕਤ ਚਰਚਾ ਤੋਂ ਪਤਾ ਚਲਦਾ ਹੈ ਕਿ ਕਿਸੇ ਵੀ ਵਿਅਕਤੀ ਦਾ ਸਾਕਾਦਾਰੀ ਵਿਚ ਦੋ ਤਰ੍ਹਾਂ ਨਾਲ ਸੰਬੰਧ ਸਥਾਪਿਤ ਹੁੰਦੇ ਹਨ। ਇਕ ਖੂਨ ਦੇ ਰਿਸ਼ਤੇ ਨਾਲ ਜਾਂ ਗੋਦ ਲੈਣ ਨਾਲ ਦੂਜੇ ਵਿਆਹ ਦੁਆਰਾ। ਇਹਨਾਂ ਸਾਰੇ ਰਿਸ਼ਤਿਆਂ ਤੋਂ ਉਪਜੇ ਸਮੂਹ ਨੂੰ ਹੀ ਸਾਕਾਦਾਰੀ ਦਾ ਨਾਂ ਦਿੱਤਾ ਜਾਂਦਾ ਹੈ।

## 8.4 ਸਾਕਾਦਾਰੀ ਦਾ ਵਰਗੀਕਰਨ

ਸੰਬੰਧਾਂ ਦੀ ਨੇੜਤਾ ਅਤੇ ਦੂਰੀ ਕਾਰਨ ਅਸੀਂ ਸਾਰੇ ਸਾਕ ਸੰਬੰਧੀਆਂ ਨੂੰ ਵਿਭਿੰਨ ਸ਼੍ਰੇਣੀਆਂ ਵਿਚ ਵੰਡ ਸਕਦੇ ਹਾਂ। ਜੋ ਰਿਸ਼ਤੇ ਵਿਅਕਤੀ ਦੇ ਬਹੁਤ ਨਜਦੀਕ ਹੁੰਦੇ ਹਨ ਜਿਵੇਂ ਮਾਤਾ ਪਿਤਾ ਬੱਚੇ ਇਹ ਇਕ ਸ਼੍ਰੇਣੀ ਵਿਚ ਆ ਜਾਂਦੇ ਹਨ ਜਿਵੇਂ ਜਿਵੇਂ ਰਿਸ਼ਤੇ ਦੀ ਦੂਰੀ ਵਧਦੀ ਜਾਂਦੀ ਹੈ ਇਨ੍ਹਾਂ ਦੀ ਸ਼੍ਰੇਣੀ ਬਦਲ ਜਾਂਦੀ ਹੈ। ਜੀ.ਪੀ. ਮਰਕਡ ਨੇ ਰਿਸ਼ਤੇਦਾਰਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵਰਗੀਕ੍ਰਿਤ ਕੀਤਾ ਹੈ।

### (ੳ) ਪ੍ਰਾਥਮਿਕ ਸੰਬੰਧੀ

ਜੀ.ਪੀ. ਮਰਕਡ ਨੇ ਇਸ ਸ਼੍ਰੇਣੀ ਦੇ ਰਿਸ਼ਤਿਆਂ ਦੀ ਗਿਣਤੀ ਅੱਠ ਦੱਸੀ ਹੈ ਜਿਨ੍ਹਾਂ ਵਿਚ ਬਹੁਤ ਹੀ ਗੂੜੇ ਤੇ ਨਿੱਘੇ ਸੰਬੰਧ ਹੁੰਦੇ ਹਨ। ਇਹ ਰਿਸ਼ਤੇ ਹਨ ਪਤੀ-ਪਤਨੀ, ਪਿਤਾ-ਪੁਤਰ, ਮਾਤਾ-ਪੁਤਰ, ਪਿਤਾ-ਪੁੱਤਰੀ, ਮਾਤਾ-ਪੁੱਤਰੀ, ਭੈਣ-ਭਰਾ, ਭਰਾ-ਭਰਾ, ਭੈਣ-ਭੈਣ। ਇਹ ਸਾਰੇ ਰਿਸ਼ਤੇ ਪ੍ਰਾਥਮਿਕ ਹਨ ਜਿਨ੍ਹਾਂ ਵਿਚ ਪ੍ਰਤੱਖ ਅਤੇ ਗੂੜ੍ਹੇ ਸੰਬੰਧ ਪਾਏ ਜਾਂਦੇ ਹਨ।

### (ਅ) ਗੌਣ ਸੰਬੰਧੀ

ਇਸ ਸ਼੍ਰੇਣੀ ਵਿਚ ਉਹ ਰਿਸ਼ਤੇਦਾਰ ਆਉਂਦੇ ਹਨ ਜਿਨ੍ਹਾਂ ਨਾਲ ਵਿਅਕਤੀ ਦਾ ਪ੍ਰਤੱਖ ਸੰਬੰਧ ਨਹੀਂ ਹੁੰਦਾ ਪ੍ਰੰਤੂ ਉਹ ਪ੍ਰਾਥਮਿਕ ਸੰਬੰਧੀਆਂ

ਦੇ ਮਾਧਿਅਮ ਦੁਆਰਾ ਸੰਬੰਧਿਤ ਹੁੰਦੇ ਹਨ ਜਿਵੇਂ ਚਾਚਾ ਪਿਤਾ ਦਾ ਭਰਾ ਹੈ ਮਾਸੀ ਮਾਂ ਦੀ ਭੈਣ ਹੈ ਆਦਿ। ਜੀ.ਪੀ. ਮਰਕਡ ਨੇ ਇਸ ਸ਼੍ਰੇਣੀ ਵਿਚ 33 ਸੰਬੰਧਾਂ ਦਾ ਜਿਕਰ ਕੀਤਾ ਹੈ।

**(ੲ) ਤੀਜੇ ਦਰਜੇ ਦੇ ਸੰਬੰਧੀ**

ਇਸ ਸ਼੍ਰੇਣੀ ਵਿਚ ਉਹ ਰਿਸ਼ਤੇਦਾਰ ਸ਼ਾਮਿਲ ਹੁੰਦੇ ਹਨ ਜਿਹੜੇ ਗੌਣ ਸੰਬੰਧੀਆਂ ਦੇ ਪ੍ਰਾਥਮਿਕ ਰਿਸ਼ਤੇਦਾਰ ਹੁੰਦੇ ਹਨ ਜਿਵੇਂ ਭੈਣ ਦੀ ਨਨਾਣ। ਇਹ ਰਿਸ਼ਤੇ ਵਿਚ ਭੈਣ ਪ੍ਰਾਥਮਿਕ ਰਿਸ਼ਤੇਦਾਰ ਹੈ ਉਸਦਾ ਪਤੀ ਗੌਣ ਸੰਬੰਧੀ ਹੈ ਅਤੇ ਪਤੀ ਦੀ ਭੈਣ ਭਾਵ ਭੈਣ ਦੀ ਨਨਾਣ ਤੀਜੇ ਦਰਜੇ ਸੰਬੰਧੀ ਹੈ। ਇਸੇ ਤਰ੍ਹਾਂ ਭਰਾ ਦੇ ਸਾਲਾ ਸਾਲੀ ਨਣਦੋਈਆਂ (ਨਨਾਣ ਦਾ ਪਤੀ) ਸਾਲੇ ਦੀ ਪਤਨੀ ਆਦਿ ਇਸ ਤਰ੍ਹਾਂ ਦੇ 151 ਰਿਸ਼ਤਿਆਂ ਦਾ ਜਿਕਰ ਜੀ.ਪੀ. ਮਰਕਡ ਨੇ ਕੀਤਾ ਹੈ ਜਿਸ ਨੂੰ ਤੀਜੇ ਦਰਜੇ ਦੀ ਸ਼੍ਰੇਣੀ ਵਿਚ ਪਾਇਆ ਜਾ ਸਕਦਾ ਹੈ। ਉਸ ਤੋਂ ਅੱਗੇ ਚੌਥੇ ਪੰਜਵੇਂ ਦਰਜੇ ਦੇ ਰਿਸ਼ਤੇ ਵੀ ਹੁੰਦੇ ਹਨ ਜਿਨ੍ਹਾਂ ਸਾਰਿਆਂ ਨੂੰ ਮਿਲਾ ਕੇ ਸਾਕਾਦਾਰੀ ਦੀ ਭਾਰਤ ਵਿਚ ਜਟਿਲ ਪ੍ਰਣਾਲੀ ਦਾ ਨਿਰਮਾਣ ਹੁੰਦਾ ਹੈ।

### 8.5 ਸਾਕਾਦਾਰੀ ਦੇ ਸਿਧਾਂਤ

ਇਸ ਜਟਿਲ ਪ੍ਰਣਾਲੀ ਦੇ ਅਧਿਐਨ ਲਈ ਜੋ ਸਿਧਾਂਤ ਪੇਸ਼ ਕੀਤੇ ਗਏ ਹਨ ਉਹਨਾਂ ਨੂੰ ਮੁੱਖ ਤੌਰ ਤੇ ਦੋ ਸ਼੍ਰੇਣੀਆਂ ਵਿਚ ਪਾ ਸਕਦੇ ਹਾਂ :

(ੳ) ਇਨਡੋਲੌਜੀਕਲ ਅਪਰੋਚ (ਅ) ਐਂਥਰੋਪਲੌਜੀਕਲ ਅਪਰੋਚ

### 8.5.1 ਇਨਡੋਲੌਜੀਕਲ ਅਪਰੋਚ

ਬਹੁਤ ਸਾਰੇ ਸਮਾਜ ਵਿਗਿਆਨੀਆਂ ਨੇ ਪੁਰਾਤਨ ਗ੍ਰੰਥਾਂ ਨੂੰ ਆਧਾਰ ਮੰਨ ਕੇ ਸਾਕਾਦਾਰੀ ਵਿਵਸਥਾ ਨੂੰ ਬਿਆਨ ਕਰਨ ਦਾ ਯਤਨ ਕੀਤਾ ਹੈ। ਜਿਵੇਂ ਕਿ ਮਨੂੰ ਸਮ੍ਰਿਤੀ, ਰਮਾਇਣ, ਮਹਾਂਭਾਰਤ ਆਦਿ ਪੁਰਾਤਨ ਗ੍ਰੰਥਾਂ ਵਿਚ ਸਾਕ ਸੰਬੰਧਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਮਿਲਦੀ ਹੈ ਕਿ ਉਸ ਸਮੇਂ ਵਿਚ ਮਾਂ-ਬੇਟਾ, ਪਿਤਾ-ਪੁਤਰ, ਗੁਰੂ-ਸ਼ਿਸ਼ੇ, ਭਰਾ-ਭਰਾ ਆਦਿ ਦੇ ਸੰਬੰਧ ਕਿਸ ਤਰ੍ਹਾਂ ਦੇ ਸਨ। ਇਹਨਾਂ ਗ੍ਰੰਥਾਂ ਨੂੰ ਹੀ ਆਧਾਰ ਮੰਨ ਕੇ ਇਰਾਵਤੀ ਕਾਵੇਰ, ਜੀ.ਐਸ. ਗੁਰੀਏ, ਐਮ.ਕੇ. ਕਪਾੜੀਆਂ ਵਰਗੇ ਵਿਗਿਆਨੀਆਂ ਨੇ ਸਾਕਾਦਾਰੀ ਵਿਵਸਥਾ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਸਮਾਜਿਕ ਇਤਿਹਾਸਕ ਨਜਰੀਏ ਤੋਂ ਭਾਰਤ ਦੇ ਵੱਖ ਵੱਖ ਥਾਵਾਂ ਤੇ ਸਾਕਾਦਾਰੀ ਨਮੂਨਿਆਂ ਨੂੰ ਬਿਆਨ ਕਰਨ ਲਈ ਉਹਨਾਂ ਨੇ ਇਹਨਾਂ ਗ੍ਰੰਥਾਂ ਨੂੰ ਹੀ ਆਧਾਰ ਬਣਾਇਆ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਇਨਡੋਲੌਜੀਕਲ ਅਪਰੋਚ ਨੇ ਸਾਨੂੰ ਸਾਕਾਦਾਰੀ ਪ੍ਰਬੰਧ ਵਿਚ ਲਗਾਤਾਰਤਾ ਅਤੇ ਪਰਿਵਰਤਨ ਨੂੰ ਸਮਝਣ ਲਈ ਇਕ frame work ਪ੍ਰਦਾਨ ਕੀਤਾ ਹੈ।

### 8.5.2 ਐਂਥਰੋਪਲੌਜੀਕਲ ਅਪਰੋਚ

ਮਾਨਵਵਿਗਿਆਨੀ ਸਾਕਾਦਾਰੀ ਵਿਵਸਥਾ ਨੂੰ ਵੰਸ ਕਰਮ ਅਤੇ ਗੱਠਜੋੜ ਦੇ ਨਜਰੀਏ ਤੋਂ ਦੇਖਦੇ ਹਨ। ਉਨ੍ਹਾਂ ਅਨੁਸਾਰ ਜਾਂ ਤਾਂ ਇਹ ਸੰਬੰਧ ਵੰਸਕਰਮ ਭਾਵ ਖੂਨ ਦੇ ਰਿਸ਼ਤੇ ਦਾ ਜਾਂ ਖਾਨਦਾਨੀ ਦਾ ਹੈ, ਜਾਂ ਫਿਰ ਵਿਆਹ ਦੁਆਰਾ ਬੰਧਨ ਵਿਚ ਬੰਨੇ ਵਿਅਕਤੀਆਂ ਦਾ ਸਮੂਹ ਹੈ। ਆਓ ਇਹਨਾਂ ਬਾਰੇ ਜਾਣਕਾਰੀ ਹਾਸਿਲ ਕਰੀਏ :

#### 8.5.2.1 ਵੰਸਕਰਮ

ਇਹ ਵਿਵਸਥਾ ਸਰਵ ਵਿਆਪਕ ਹੈ ਕਿਸੇ ਨਾ ਕਿਸੇ ਰੂਪ ਵਿਚ ਹਰੇਕ ਸਮਾਜ ਵਿਚ ਪਾਈ ਜਾਂਦੀ ਹੈ। ਇਸਦੇ ਹੋਂਦ ਵਿਚ ਆਉਣ ਦੇ ਦੋ ਮੁੱਖ ਕਾਰਨ ਪੂਰਵਜ ਪੂਜਾ ਅਤੇ ਉਤਰਾਧਿਕਾਰ ਹਨ ਜਿਨ੍ਹਾਂ ਕਾਰਨ ਵੰਸ਼ ਕਮ ਵਿਵਸਥਾ ਦਾ ਵਿਕਾਸ ਹੋਇਆ। ਅਸੀਂ ਸਾਰੇ ਕਿਸੇ ਨਾ ਕਿਸੇ ਸਹਿਯੋਗੀ ਅਤੇ ਨਜਦੀਕੀ ਬੰਧਨ ਵਾਲੇ ਸਮੂਹ ਦੇ ਮੈਂਬਰ ਹਾਂ। ਉਹ ਸਾਰੇ ਇਕ ਦੂਜੇ ਦੀ ਮਦਦ ਅਤੇ ਸਹਿਯੋਗ ਤੇ ਨਿਰਭਰ ਕਰਦੇ ਹਨ। ਇਹ ਸਮੂਹ ਪ੍ਰਾਥਮਿਕ ਪਰਿਵਾਰ ਤੋਂ ਵੱਡਾ ਸਮੂਹ ਹੁੰਦਾ ਹੈ ਜਿਸ ਵਿਚ ਕੇਵਲ ਪਤੀ ਪਤਨੀ ਅਤੇ ਬੱਚੇ ਵੀ ਸ਼ਾਮਿਲ ਨਹੀਂ ਹੁੰਦੇ। ਜਦੋਂ ਅਸੀਂ ਇਸ ਸਮੂਹ ਦੀ ਇਕ ਸਾਂਝੇ ਵੰਸ ਦੇ ਆਧਾਰ ਤੇ ਪਹਿਚਾਨ ਕਰਦੇ ਹਾਂ ਤਾਂ ਇਸ ਨੂੰ ਵੰਸ਼ ਸਮੂਹ ਕਿਹਾ ਜਾਂਦਾ ਹੈ। ਵੰਸ ਕ੍ਰਮ ਇਕ ਕਾਇਦਾ ਹੈ ਜਿਸ ਅਨੁਸਾਰ ਉੱਪਰ ਥੱਲੇ ਮਾਪੇ ਬੱਚੇ ਦੇ ਜੋੜ ਵਿਵਸਥਿਤ ਕੀਤੇ ਜਾਂਦੇ ਹਨ। ਮਾਪੇ ਬੱਚੇ ਦੇ ਵੰਸ ਸਮੂਹ ਮੈਂਬਰਸ਼ਿੱਪ ਦੇ ਸੰਚਾਰ ਲਈ ਛੇ ਸੰਭਾਵੀ ਰਸਤੇ ਹਨ। ਉਹ ਇਸ ਪ੍ਰਕਾਰ ਹਨ :

**(i) ਪਿਤਰ ਵੰਸ਼ ਕ੍ਰਮ (Partilined Descent)**

ਜਦੋਂ ਵੰਸਾਵਲੀ ਪਿਤਾ ਦੇ ਨਾਮ ਤੇ ਚਲਦੀ ਹੈ ਭਾਵ ਵਿਰਸਾ ਤੇ ਉਤਰਾਧਿਕਾਰ ਇਕ ਪਿਤਾ ਤੋਂ ਉਸ ਦੇ ਪੁਤਰ ਨੂੰ ਪ੍ਰਾਪਤ ਹੁੰਦੇ ਹਨ ਜਿਵੇਂ ਜਾਇਦਾਦ ਆਦਿ।

**(ii) ਮਾਤਰ ਵੰਸ਼ ਕ੍ਰਮ (Matrilined Descent) :**

ਇਸ ਵਿਚ ਵੰਸ ਮਾਤਾ ਦੇ ਨਾਂ ਤੋਂ ਚਲਦਾ ਹੈ। ਜਿਨ੍ਹਾਂ ਸਮਾਜਾਂ ਵਿਚ ਪਰਿਵਾਰ ਮਾਤਰ ਸਥਾਨੀ ਜਾਂ ਮਾਤਰ ਸੱਤਾ ਤੇ ਆਧਾਰਿਤ ਹੁੰਦੇ ਹਨ ਉਹਨਾਂ ਵਿਚ ਵੰਸ ਮਾਂ ਦੇ ਨਾਂ ਤੇ ਚਲਦਾ ਹੈ। ਉਹਨਾਂ ਨੂੰ ਮਾਤਰਵੰਸ਼ੀ ਕਿਹਾ ਜਾਂਦਾ ਹੈ।

**(iii) ਦੋਹਰਾ ਵੰਸ (Double Duolined or Bilined)**

ਜਦੋਂ ਵੰਸ ਮਾਂ ਬਾਪ ਦੋਹਾਂ ਦੀਆਂ ਧਿਰਾਂ ਵੱਲੋਂ ਗਿਣਿਆ ਜਾਂਦਾ ਹੋਵੇ ਤਾਂ ਉਸ ਨੂੰ ਦੋਹਰਾਂ ਵੰਸ਼ ਜਾਂ ਦੋ ਵੰਸ਼ ਕਿਹਾ ਜਾਂਦਾ ਹੈ ਜਿਵੇਂ ਕਿ ਇਕ ਪਾਸੇ ਤੇ ਚੱਲ ਸੰਪਤੀ ਅਤੇ ਦੂਜੇ ਪਾਸੇ ਤੋਂ ਅਚੱਲ ਸੰਪਤੀ ਆਉਂਦੀ ਹੈ।

**(iv) ਪਰਸਪਰ ਸਗੋਤੀ (Cognatic Bilateral)**

ਜਦੋਂ ਵੰਸ ਮਾਪਿਆਂ ਦੇ ਦੋਹਾਂ ਤਰਫਾਂ ਦੇ ਸੰਬੰਧਾਂ ਦੇ ਸੰਚਾਰਨ ਰਾਹੀਂ ਹੁੰਦਾ ਹੈ ਤਾਂ ਉਸ ਵਿਚ ਕੋਈ ਇਕ ਰੇਖੀ ਵੰਸ਼ ਨਹੀਂ ਬਣਦਾ ਬਲਕਿ ਸਗੋਤੀ (cognative) ਸਮੂਹ ਬਣਦਾ ਹੈ। ਤਾਂ ਇਸਨੂੰ ਪਰਸਪਰ ਭਾਵ ਦੋ ਤਰਫਾ ਸਗੋਤੀ ਕਿਹਾ ਜਾਂਦਾ ਹੈ।

**(v) ਸਮਾਨਾਤਰ ਵੰਸ**

ਇਹ ਲਿੰਗ ਤੇ ਆਧਾਰਿਤ ਹੁੰਦੀਆਂ ਹਨ ਪਿਉ ਤੋਂ ਚੀਜਾਂ ਪੁਤਰ ਨੂੰ ਮਿਲਦੀਆਂ ਹਨ ਅਤੇ ਮਾਂ ਤੋਂ ਧੀ ਨੂੰ।

**(vi) ਵਿਰੋਧੀ ਜਾਂ ਬਦਲਾਉ ਵੰਸ (Cross or Alternative Type Descent)**

ਇਸ ਤਰ੍ਹਾਂ ਦੇ ਵੰਸ ਵਿਚ ਉਲਟਾ ਹੁੰਦਾ ਹੈ ਪਿਤਾ ਤੋਂ ਸੰਪਤੀ ਧੀ ਨੂੰ ਮਿਲਦੀ ਹੈ ਅਤੇ ਮਾਂ ਤੋਂ ਬੇਟੇ ਨੂੰ। ਆਮ ਤੌਰ ਤੇ ਵੰਸ ਸਮੂਹ (Lineage) ਪਿਤਰ ਵੰਸੀ ਜਾਂ ਮਾਤਰ ਵੰਸੀ ਹੀ ਹੁੰਦੇ ਹਨ ਬਾਕੀ ਦੀਆਂ ਕਿਸਮਾਂ ਤਾਂ ਬਹੁਤ ਘੱਟ ਵੇਖਣ ਨੂੰ ਮਿਲਦੀਆਂ ਹਨ। ਪਿਤਰ ਵੰਸੀ ਸਮੂਹ ਨੂੰ ਔਨੈਟਿਕ ਕਿਹਾ ਜਾਂਦਾ ਹੈ ਇਸ ਵੰਸ ਸਮੂਹ ਵਿਚ ਆਦਮੀ ਅਤੇ ਆਦਮੀ ਰਾਹੀਂ ਉਨ੍ਹਾਂ ਦੀ ਸੰਤਾਨ ਦੇ ਸਭ ਵਿਅਕਤੀ ਸ਼ਾਮਲ ਹੁੰਦੇ ਹਨ ਅਤੇ ਮਾਤਰ ਵੰਸੀ ਸਮੂਹ ਨੂੰ ਕੋਬਨੇਟਿਕ ਕਿਹਾ ਜਾਂਦਾ ਹੈ। ਇਸ ਵੰਸ਼ ਸਮੂਹ ਵਿਚ ਇਕ ਇਸਤਰੀ ਅਤੇ ਉਸਦੀ ਇਸਤਰੀ ਸੰਤਾਨ ਸ਼ਾਮਲ ਹੁੰਦੀ ਹੈ।

**8.5.2.2 ਗੱਠਜੋੜ ਦਾ ਸਿਧਾਂਤ (Alliance)**

ਸਾਕਾਦਾਰੀ ਪ੍ਰਬੰਧ ਵਿਚ ਗੱਠਜੋੜ ਤੋਂ ਭਾਵ ਵਿਆਹ ਦੇ ਨਿਯਮਾਂ ਅਤੇ ਨਮੂਨਿਆਂ ਦੇ ਸ਼ਾਮਿਲ ਹੋਣ ਤੋਂ ਹੈ। ਜਦੋਂ ਕੋਈ ਵੀ ਸਮਾਜ ਵਿਗਿਆਨੀ ਵਿਆਹ ਦੇ ਪੱਖ ਤੋਂ ਸਾਕਾਦਾਰੀ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਗੱਠਜੋੜ ਦੇ ਸਿਧਾਂਤ ਨਾਲ ਜਾਣਿਆ ਜਾਂਦਾ ਹੈ। ਵਿਆਹ ਸਾਕਾਦਾਰੀ ਦਾ ਦੂਸਰਾ ਮਹੱਤਵਪੂਰਨ ਪਹਿਲੂ ਹੈ। ਇਹ ਇਕ ਸਰਵਵਿਆਪਕ ਸੰਸਥਾ ਹੈ ਜੋ ਇਕ ਵਿਅਕਤੀ ਨੂੰ ਦੂਜੇ ਵਿਅਕਤੀ ਨਾਲ ਇਕ ਸਮੂਹ ਨੂੰ ਦੂਜੇ ਸਮੂਹ ਨਾਲ ਅਤੇ ਇਕ ਖਾਨਦਾਨ ਨੂੰ ਦੂਜੇ ਖਾਨਦਾਨ ਨਾਲ ਜੋੜਦੀ ਹੈ। ਜਿਸ ਵਿਚੋਂ ਸਾਕਾਦਾਰੀ ਵਿਵਸਥਾ ਉਪਜਦੀ ਹੈ। ਵਿਆਹ ਦੀ ਸੰਸਥਾ ਦੇ ਵੀ ਕੁਝ ਨਿਯਮ ਜਾਂ ਕਾਇਦੇ ਕਾਨੂੰਨ ਹਨ ਜਿਹਨਾਂ ਨੂੰ ਹਰੇਕ ਵਿਅਕਤੀ ਨੂੰ ਮੰਨਣਾ ਪੈਂਦਾ ਹੈ। ਸਭ ਤੋਂ ਪਹਿਲਾਂ ਤਾਂ ਇਹ ਪਰਿਵਾਰਕ ਕਾਮ ਪਾਬੰਦੀਆਂ (Incent Taboos) ਲਗਾਉਂਦੀ ਹੈ ਭਾਵ ਮਾਪਿਆਂ ਦੇ ਔਲਾਦ ਨਾਲ ਅਤੇ ਔਲਾਦ ਦੇ ਆਪਸ ਵਿਚ ਕਾਮੁਕ ਸੰਬੰਧ ਵਰਜਿਤ ਹੁੰਦੇ ਹਨ। ਦੂਜੇ ਇਹ ਬਾਹਰੀ ਵਿਆਹ (exogamy) ਭਾਵ ਗੋਤ ਤੋਂ ਬਾਹਰ ਵਿਆਹ ਦੀ ਇਜਾਜਤ ਦਿੰਦਾ ਹੈ ਪਰ ਜਾਤ ਦੇ ਅੰਦਰ ਭਾਵ ਅੰਤਰ ਵਿਆਹ (endogamy) ਦੀ ਇਜਾਜਤ ਹੁੰਦੀ ਹੈ।

**8.6 ਸਾਕਾਦਾਰੀ ਪ੍ਰਥਾਵਾਂ** (Kinship Usages)

ਹਰੇਕ ਵਿਅਕਤੀ ਆਪਣੇ ਰਿਸ਼ਤੇਦਾਰਾਂ ਨਾਲ ਦੋ ਪੱਖਾਂ ਤੋਂ ਸੰਬੰਧਿਤ ਹੁੰਦਾ ਹੈ ਇਕ ਮਾਤਾ ਵੱਲੋਂ ਦੂਸਰਾ ਪਿਤਾ ਵੱਲੋਂ। ਸੋ ਸਾਰੇ ਸਮਾਜਾਂ ਵਿਚ ਸਾਕਾਦਾਰੀ ਦੋ ਪੱਖੀ ਮੰਨੀ ਜਾਂਦੀ ਹੈ। ਇਹਨਾਂ ਸੰਬੰਧਾਂ ਜਾਂ ਰਿਸ਼ਤਿਆਂ ਨੂੰ ਨਿਭਾਉਂਦੇ ਹੋਏ ਉਹ ਹਰੇਕ ਰਿਸ਼ਤੇਦਾਰ ਨਾਲ ਅਲੱਗ ਵਰਤਾਉ ਕਰਦਾ ਹੈ ਜਾਂ ਫਿਰ ਇਹ ਕਹਿ ਲਵੋ ਕਿ ਸਮਾਜ ਵੱਲੋਂ ਹੀ ਕੁਝ ਇਸ ਤਰ੍ਹਾਂ ਦੇ ਨਿਯਮ ਜਾਂ ਪ੍ਰਮਾਪ (norms) ਬਣਾਏ ਜਾਂਦੇ ਹਨ ਜੋ ਵੱਖੋ-ਵੱਖ ਰਿਸ਼ਤੇਦਾਰਾਂ ਦੇ ਵਿਵਹਾਰ ਨੂੰ ਨਿਯਮਿਤ ਕਰਦੇ ਹਨ। ਇਹਨਾਂ ਨਿਯਮਾਂ ਜਾਂ ਪ੍ਰਮਾਪਾਂ ਨੂੰ ਹੀ ਅਸੀਂ ਸਾਕਾਦਾਰੀ ਪ੍ਰਥਾਵਾਂ ਕਹਿੰਦੇ ਹਾਂ। ਇਹ ਨਿਯਮ ਸਾਰੇ ਸਮਾਜਾਂ ਵਿਚ ਇਕੋ ਜਿਹੇ ਨਹੀਂ ਹੁੰਦੇ ਬਲਕਿ ਕੁਝ ਕੁ ਨਿਯਮ ਹੀ ਅਜਿਹੇ ਹੁੰਦੇ ਹਨ ਜੋ ਸਾਰੇ ਸਮਾਜਾਂ ਵਿਚ ਪ੍ਰਚਲਿਤ ਹੁੰਦੇ ਹਨ ਜਿਵੇਂ ਵੱਡਿਆਂ ਦਾ ਸਤਿਕਾਰ ਕਰਨਾ। ਪ੍ਰੰਤੂ ਕੁਝ ਪ੍ਰਥਾਵਾਂ ਜਾਂ ਨਿਯਮ ਆਪਣੀ-ਆਪਣੀ ਸੰਸਕ੍ਰਿਤੀ ਮੁਤਾਬਿਕ ਬਣਾਏ ਜਾਂਦੇ ਹਨ। ਇਹ ਨਿਯਮ ਵਿਅਕਤੀਆਂ ਦੇ ਦੂਜਿਆਂ ਪ੍ਰਤੀ ਵਿਵਹਾਰ ਨੂੰ ਨਿਯਮਤ ਕਰਦੇ ਹਨ ਜੇਕਰ ਉਹ ਨਿਯਮ ਜਾਂ ਪ੍ਰਥਾਵਾਂ ਨਾ ਬਣਾਈਆਂ ਜਾਣ ਤਾਂ ਸਾਕਾਦਾਰੀ ਵਿਵਸਥਾ ਵਿਚ ਵਿਘਟਨ ਪੈਦਾ ਹੋ ਸਕਦੀ ਹੈ ਕਿਉਂਕਿ ਰਿਸ਼ਤਿਆਂ ਵਿਚ ਤਨਾਅ ਅਤੇ ਸੰਘਰਸ਼ ਪੈਦਾ ਹੋ ਜਾਵੇਗਾ ਜਿਸ ਨਾਲ ਵਿਵਸਥਾ ਨੂੰ ਨਿਯਮਿਤ ਕਰਨਾ ਮੁਸ਼ਕਿਲ ਹੋ ਜਾਵੇਗਾ। ਆਓ ਇਹਨਾਂ ਨਿਯਮਾਂ ਜਾਂ ਪ੍ਰਥਾਵਾਂ ਬਾਰੇ ਗਿਆਨ ਹਾਸਿਲ ਕਰੀਏ।

**(ੳ) ਪਰਿਵਰਜਨਾਂ (Avoidances)**

ਇਹ ਨਿਯਮ ਸਾਰੇ ਸਮਾਜਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਪਾਇਆ ਜਾਂਦਾ ਹੈ। ਇਹ ਸਾਕਾਦਾਰੀ ਵਿਵਸਥਾ ਦਾ ਬਹੁਤ ਮਹੱਤਵ ਪੂਰਨ ਨਿਯਮ ਹੈ ਜਿਸਦੇ ਅਧੀਨ ਦੋ ਰਿਸ਼ਤੇਦਾਰਾਂ ਨੂੰ ਆਪਸ ਵਿਚ ਇਕ ਦੂਜੇ ਨੂੰ ਛੂਹਣ ਤੋਂ ਮਨਾਈ ਕੀਤੀ ਜਾਂਦੀ ਹੈ ਜਿਵੇਂ ਸਾਡੇ ਸਮਾਜ ਵਿਚ ਨੂੰਹ ਅਤੇ ਸੌਹਰੇ ਵਿਚ ਸੱਸ ਅਤੇ ਜਵਾਈ ਵਿਚ ਇਕ ਖਾਸ ਕਿਸਮ ਦੀ ਦੂਰੀ ਰੱਖੀ ਜਾਂਦੀ ਹੈ ਕਈ ਕਬੀਲਿਆਂ ਵਿਚ ਤਾਂ ਇਹਨਾਂ ਨੂੰ ਇਕ ਦੂਜੇ ਨੂੰ ਦੇਖਣ

ਦੀ ਵੀ ਮਨਾਹੀ ਹੁੰਦੀ ਹੈ। ਇਹ ਪ੍ਰਥਾ ਇਹਨਾਂ ਰਿਸ਼ਤੇਦਾਰਾਂ ਵਿਚ ਇੱਜਤ ਮਾਣ ਵਿਅਕਤ ਕਰਨ ਦਾ ਹੀ ਇਕ ਜਰੀਆ ਹੈ।

**( ਅ) ਠੱਠਾ ਮਖੌਲ ਵਾਲੇ ਸੰਬੰਧ (Joking Relationship)**

ਇਹ ਪ੍ਰਥਾ ਪ੍ਰਵਰਜਨਾਂ ਭਾਵ ਮਨਾਹੀਆਂ ਦੇ ਬਿਲਕੁਲ ਉਲਟ ਹੈ। ਜਿੱਥੇ ਸਾਕ ਸੰਬੰਧੀ ਕਿਸੇ ਨੂੰ ਸਤਿਕਾਰ ਦੇਣ ਲਈ ਕੁਝ ਪ੍ਰਹੇਜ (restriants) ਤੇ ਦੂਰੀਆਂ ਬਣਾਈ ਰੱਖਦੇ ਹਨ ਉੱਥੇ ਠੱਠੇ ਮਖੌਲ ਦੇ ਸੰਬੰਧਾਂ ਰਾਹੀਂ ਇਕ ਦੂਜੇ ਦੇ ਨੇੜੇ ਆਉਂਦੇ ਹਨ। ਸਾਕਾਦਾਰੀ ਵਿਵਸਥਾ ਵਿਚ ਦੋ ਵਿਅਕਤੀਆਂ ਨੂੰ ਆਪਸ ਵਿਚ ਮਸਕਰੀ, ਹਾਸੀ-ਮਜਾਕ, ਕਰਨ ਦੀ ਆਗਿਆ ਹੁੰਦੀ ਹੈ ਉਹ ਇਕ ਦੂਜੇ ਦਾ ਬੁਰਾ ਨਹੀਂ ਮਨਾਉਂਦੇ ਜਿਵੇਂ ਕਿ ਦਿਉਰ-ਭਾਬੀ, ਜੀਜਾ-ਸਾਲੀ ਦਾ ਸੰਬੰਧ। ਇਹ ਰਿਸ਼ਤੇ ਤਾਂ ਬਰਾਬਰੀ ਵਾਲੇ ਹਨ ਪ੍ਰੰਤੂ ਕੁਝ ਰਿਸ਼ਤੇ ਅਜਿਹੇ ਹੁੰਦੇ ਹਨ ਸਿਰਫ ਇਕ ਵਿਅਕਤੀ ਨੂੰ ਮਖੌਲ ਕਰਨ ਦੀ ਇਜਾਜਤ ਹੁੰਦੀ ਹੈ ਪ੍ਰੰਤੂ ਦੂਸਰੇ ਨੂੰ ਸਿਰਫ ਹੱਸ ਕੇ ਸਹਿਣ ਦੀ। ਕਈ ਵਾਰ ਇਹ ਠੱਠਾ ਮਖੌਲ ਜੁਬਾਨ ਨਾਲ ਹੁੰਦਾ ਹੈ ਪ੍ਰੰਤੂ ਕਈ ਵਾਰ ਛੇੜਖਾਨੀ ਵੀ ਕੀਤੀ ਜਾਂਦੀ ਹੈ ਜਿਸਨੂੰ ਸਮਾਜ ਵੱਲੋਂ ਪ੍ਰਵਾਨ ਕੀਤਾ ਜਾਂਦਾ ਹੈ।

**(ੲ) ਬੱਚੇ ਦੇ ਨਾਮ ਤੇ ਨਾਂ ਰੱਖਣ ਦੀ ਪ੍ਰਥਾ (Tekononomy)**

ਇਸ ਪ੍ਰਥਾ ਅਨੁਸਾਰ ਰਿਸ਼ਤੇਦਾਰਾਂ ਨੂੰ ਉਹਨਾਂ ਦਾ ਨਾਂ ਲੈ ਕੇ ਭਾਵ ਸਿੱਧਾ ਨਹੀਂ ਬੁਲਾਇਆ ਜਾਂਦਾ ਸਗੋਂ ਕਿਸੇ ਹੋਰ ਸੰਬੰਧੀ ਦੇ ਮਾਧਿਅਮ ਦੁਆਰਾ ਬੁਲਾਇਆ ਜਾਂਦਾ ਹੈ। ਆਮ ਤੌਰ ਤੇ ਜਿਵੇਂ ਔਰਤਾਂ ਆਪਣੇ ਪਤੀ ਦਾ ਨਾਂ ਲੈ ਕੇ ਨਹੀਂ ਸੀ ਬੁਲਾਉਦੀਆਂ ਸਗੋਂ ਉਹ ਆਪਣੇ ਬੱਚਿਆਂ ਨੂੰ ਮਾਧਿਅਮ ਬਣਾਕੇ ਮੁਖਾਤਿਬ ਹੁੰਦੀਆਂ ਸਨ। ਜੇਕਰ ਉਹਨਾਂ ਦੇ ਬੱਚੇ ਦਾ ਨਾਂ ਦੇਵ ਹੈ ਤਾਂ ਉਹ 'ਦੇਵ ਦਾ ਪਿਤਾ ਜੀ' ਕਹਿ ਕੇ ਬੁਲਾਉਂਦੀਆਂ ਹਨ।

**(ਸ) ਅੰਵਕੁਲੇਟ (Avunculate)**

ਮਾਤਾ ਪ੍ਰਧਾਨ ਸਮਾਜਾਂ ਵਿਚ ਸਾਕਾਦਾਰੀ ਦੀ ਇਹ ਪ੍ਰਥਾ ਵੇਖਣ ਨੂੰ ਮਿਲਦੀ ਹੈ। ਜਿੱਥੇ ਮਾਮਾ ਭਾਵ ਮਾਤਾ ਦੇ ਭਾਈ ਦੇ ਰਿਸ਼ਤੇ ਨੂੰ ਵਿਸ਼ੇਸ਼ ਮਹੱਤਤਾ ਮਿਲਦੀ ਹੈ। ਮਾਮੇ ਦੇ ਆਪਣੇ ਭਾਣਜੇ ਭਾਣਜੀਆਂ ਭਾਵ ਭੈਣ ਦੇ ਬਚਿਆਂ ਨਾਲ ਪ੍ਰਸਪਰ ਸੰਬੰਧਾਂ ਦੀ ਇਕ ਵਿਸ਼ੇਸ਼ ਰੀਤ ਨੂੰ ਅੰਵਕੁਲੇਟ ਕਿਹਾ ਜਾਂਦਾ ਹੈ। ਇਸ ਰੀਤ ਅਨੁਸਾਰ ਉਸ ਪਰਿਵਾਰ ਵਿਚ ਮਾਮੇ ਦੀ ਵਿਸ਼ੇਸ਼ ਸਥਿਤੀ ਹੁੰਦੀ ਹੈ ਅਤੇ ਉਹ ਇਕ ਕਿਸਮ ਨਾਲ ਉਸ ਪਰਿਵਾਰ ਦੇ ਮੁਖੀਆ ਦੀ ਤਰ੍ਹਾਂ ਹੁੰਦਾ ਹੈ ਅਤੇ ਉਸਨੂੰ ਆਪਣੀ ਭੈਣ ਦੇ ਬੱਚਿਆਂ ਤੇ ਪੂਰਨ ਅਧਿਕਾਰ ਹੁੰਦਾ ਹੈ ਬੱਚਿਆਂ ਦਾ ਵੀ ਇਹ ਫਰਜ ਹੁੰਦਾ ਹੈ ਕਿ ਉਹ ਮਾਮੇ ਦੀ ਇੱਜਤ ਆਪਣੇ ਪਿਤਾ ਤੋਂ ਵੀ ਵਧੇਰੇ ਕਰਦੇ ਹਨ। ਕਈ ਥਾਂ ਤੇ ਮਾਮੇ ਦੀ ਜਾਇਦਾਦ ਤੇ ਵੀ ਭਾਣਜੇ ਦਾ ਹੱਕ ਹੁੰਦਾ ਹੈ।

**(ਹ) ਏਮੀਟੇਟ (Amitate)**

ਜਿਵੇਂ ਅੰਵਕੁਲੇਟ ਪ੍ਰਥਾ ਵਿਚ ਮਾਮੇ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ ਉਸੀ ਤਰੀਕੇ ਨਾਲ ਕਈ ਕਬੀਲਿਆਂ ਦੀ ਸਾਕਾਦਾਰੀ ਵਿਵਸਥਾ ਵਿਚ ਏਮੀਟੇਟ ਪ੍ਰਥਾ ਦਾ ਮਹੱਤਵ ਹੈ। ਇਸ ਪ੍ਰਥਾ ਵਿਚ ਪਿਤਾ ਦੀ ਭੈਣ ਭਾਵ ਭੂਆ ਨੂੰ ਸਰਵੁੱਚ ਸਥਾਨ ਤੇ ਮਹੱਤਤਾ ਦਿੱਤੀ ਜਾਂਦੀ ਹੈ। ਬੱਚਿਆਂ ਦੀ ਮਾਂ ਨਾਲੋਂ ਭੂਆ ਨੂੰ ਵੱਧ ਸਤਿਕਾਰ ਮਿਲਦਾ ਹੈ ਅਤੇ ਬਚਿਆਂ ਪ੍ਰਤੀ ਫੈਸਲੇ ਜਿਵੇਂ ਵਿਆਹ ਦਾ ਫੈਸਲਾ ਵੀ ਭੂਆ ਹੀ ਕਰਦੀ ਹੈ।

**(ਕ) ਕੋਵੇਡ (Couvade)**

ਇਹ ਪ੍ਰਥਾ ਖਾਸੀ ਅਤੇ ਟੋਡਾ ਨਾਮੀ ਕਬੀਲਿਆਂ ਵਿਚ ਵੇਖਣ ਨੂੰ ਮਿਲਦੀ ਹੈ। ਇਸ ਪ੍ਰਥਾ ਅਨੁਸਾਰ ਜਿਸ ਵਿਅਕਤੀ ਦੀ ਪਤਨੀ ਨੂੰ ਬੱਚਾ ਹੋਣ ਵਾਲਾ ਹੁੰਦਾ ਹੈ ਉਹ ਵਿਅਕਤੀ ਕਿਸੇ ਬਿਮਾਰੀ ਦਾ ਬਹਾਨਾ ਬਣਾ ਕੇ ਮੰਜੇ ਚ ਪੈ ਜਾਂਦਾ ਹੈ ਅਤੇ ਆਪਣੀ ਪਤਨੀ ਦੀ ਤਰ੍ਹਾਂ ਹੀ ਬਹੁਤ ਸਾਰੀਆਂ ਪਰਿਵਰਜਨਾਂ ਦਾ ਪਾਲਣ ਕਰਦਾ ਹੈ। ਉਹ ਕੋਈ ਕੰਮ ਕਾਜ ਨਹੀਂ ਕਰਦਾ ਅਤੇ ਬਿਮਾਰਾਂ ਵਾਲਾ ਖਾਣਾ ਖਾਂਦਾ ਹੈ ਇਸ ਰੀਤ ਨੂੰ ਕੋਵੇਡ ਕਿਹਾ ਜਾਂਦਾ ਹੈ।

ਸਾਕਾਦਾਰੀ ਪ੍ਰਬੰਧ ਵਿਚ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਪਰਿਵਰਜਨਾਂ ਦੀ ਪਾਲਣਾ ਕੀਤੀ ਜਾਂਦੀ ਹੈ। ਇਹਨਾਂ ਨਿਯਮਾਂ ਦੀ ਪਾਲਣਾ ਨਾਲ ਰਿਸ਼ਤੇਦਾਰਾਂ ਦੇ ਸੰਬੰਧਾਂ ਵਿਚਕਾਰ ਪ੍ਰਸਪਰ ਇੱਜਤ ਮਾਨ ਬਣਿਆ ਰਹਿੰਦਾ ਹੈ। ਕਈ ਕਬੀਲਿਆਂ ਵਿਚ ਤਾਂ ਇਹ ਨਿਯਮ ਬਹੁਤ ਕਠੋਰ ਹੁੰਦੇ ਹਨ ਅਤੇ ਉਹਨਾਂ ਦੀ ਉਲੰਘਣਾ ਕਰਨ ਤੇ ਸਜਾ ਵੀ ਦਿੱਤੀ ਜਾਂਦੀ ਹੈ।

## ਆਪਣਾ ਗਿਆਨ ਪਰਖੋ

(i) ਸਾਕਾਦਾਰੀ ਤੋਂ ਕੀ ਭਾਵ ਹੈ ?

---------------------------------------------------------------------------------------------------

---------------------------------------------------------------------------------------------------

---------------------------------------------------------------------------------------------------

(ii) ਰਕਤ ਸੰਬੰਧੀ ਸਾਕਾਦਾਰੀ ਨੂੰ ਸਮਝਾਓ।

---

---

---

(iii) ਸਾਕਾਦਾਰੀ ਪ੍ਰਥਾਵਾਂ ਕੀ ਹੁੰਦੀਆਂ ਹਨ ?

---

---

---

(iv) ਗਠਜੋੜ ਦਾ ਸਿਧਾਂਤ ਕੀ ਹੈ ?

---

---

---

**8.7 ਸਾਕਾਦਾਰੀ ਸ਼ਬਦਾਵਲੀ (Kinship Nomenclature)**

ਸਾਕਾਦਾਰੀ ਵਿਵਸਥਾ ਵਿਚ ਸਾਕਾਦਾਰੀ ਸ਼ਬਦਾਵਲੀ ਦਾ ਬਹੁਤ ਅਹਿਮ ਰੋਲ ਹੈ। ਸਾਕਾਦਾਰੀ ਸ਼ਬਦਾਵਲੀ ਇਸ ਪ੍ਰਣਾਲੀ ਨੂੰ ਸਮੁੱਚੇ ਰੂਪ ਵਿਚ ਸਮਝਣ, ਇਸਦਾ ਵਿਸ਼ਲੇਸ਼ਣ ਕਰਨ ਅਤੇ ਇਸ ਦੀ ਖੋਜ ਕਰਨ ਲਈ ਉਚਿਤ ਵਿਧੀ ਪ੍ਰਦਾਨ ਕਰਦੀ ਹੈ। ਇਸਨੂੰ ਸਿਰਫ਼ ਭਾਸ਼ਾ ਦਾ ਮਾਮਲਾ ਸਮਝਣਾ ਠੀਕ ਨਹੀਂ ਕਿਉਂਕਿ ਇਸ ਸ਼ਬਦਾਵਲੀ ਦੀਆਂ ਵਿਸ਼ੇਸ਼ਤਾਈਆਂ ਨੂੰ ਸਮਾਜਿਕ ਕਾਰਣ ਨਿਸ਼ਚਿਤ ਕਰਦੇ ਹਨ। ਸਾਕਾਦਾਰੀ ਸ਼ਬਦਾਵਲੀ ਦੀ ਮਦਦ ਨਾਲ ਕਿਸੇ ਵੀ ਵਿਅਕਤੀ ਅਤੇ ਉਸਦੇ ਰਿਸ਼ਤੇਦਾਰਾਂ ਵਿਚਕਾਰ ਸੰਬੰਧਾਂ ਨੂੰ ਸਮਝਿਆ ਜਾ ਸਕਦਾ ਹੈ।

ਸਾਕਾਦਾਰੀ ਸ਼ਬਦਾਵਲੀ ਉਹਨਾਂ ਸ਼ਬਦਾਂ ਜਾਂ ਨਾਵਾਂ ਨੂੰ ਕਿਹਾ ਜਾਂਦਾ ਹੈ ਜੋ ਭਿੰਨ-ਭਿੰਨ ਪ੍ਰਕਾਰ ਦੇ ਰਿਸ਼ਤੇਦਾਰੀ ਸੰਬੰਧਾਂ ਨੂੰ ਸਪਸ਼ਟ ਰੂਪ ਵਿਚ ਵਿਅਕਤ ਕਰਨ ਦੇ ਲਈ ਹਰੇਕ ਸਮਾਜ ਵਿਚ ਵਰਤੇ ਜਾਂਦੇ ਹਨ। ਸਾਕਾਦਾਰੀ ਸ਼ਬਦਾਵਲੀ ਮਹੱਤਵਪੂਰਨ ਹੈ ਅਤੇ ਵਿਵਾਦ ਪੂਰਨ ਵੀ ਕਿਉਂਕਿ ਇਸ ਵਿਚ ਵਰਤੇ ਜਾਂਦੇ ਸ਼ਬਦ ਸਿਰਫ਼ ਸ਼ਬਦ ਹੀ ਨਹੀਂ ਰਹਿ ਜਾਂਦੇ ਬਲਕਿ ਨਾਲ ਜੁੜਿਆ ਹੋਇਆ ਇਕ ਵਰਤੋਂ ਵਿਵਹਾਰ ਦਾ ਪ੍ਰਬੰਧ ਵੀ ਹੁੰਦਾ ਹੈ। ਇਸ ਸ਼ਬਦਾਵਲੀ ਦੀ ਮੁੱਖ ਸਮੱਸਿਆ ਇਹ ਹੈ ਕਿ ਇਹ ਸ਼ਬਦ ਮਨੋਵਿਗਿਆਨਕ ਅਤੇ ਸਮਾਜਿਕ ਤੱਥਾਂ ਦਾ ਰੂਪ ਅਖਤਿਆਰ ਕਰ ਲੈਂਦੇ ਹਨ ਅਤੇ ਸ਼ਬਦਾਵਲੀ ਦੇ ਵਿਸ਼ੇਸ਼ ਲੱਛਣ ਸਮਾਜਿਕ ਸੰਗਠਨ ਦੇ ਵਿਸ਼ੇਸ਼ ਪੱਖਾਂ ਦੇ ਸਿੱਟੇ ਵਜੋਂ ਉਤਪੰਨ ਹੁੰਦੇ ਹਨ। ਪਰ ਇੱਥੇ ਅਸੀਂ ਇਸ ਵਿਵਾਦ ਵਿਚ ਨਾ ਪੈਂਦੇ ਹੋਏ ਇਸ ਸ਼ਬਦਾਵਲੀ ਦੀਆਂ ਦੋ ਪ੍ਰਮੁੱਖ ਕਿਸਮਾਂ ਦਾ ਹੀ ਜਿਕਰ ਕਰਦੇ ਹਾਂ :

(ੳ) ਵਰਗਾਤਮਕ ਸ਼ਬਦਾਵਲੀ (Classificatory Terminology)

(ਅ) ਵਰਣਾਤਮਕ ਸ਼ਬਦਾਵਲੀ (Descriptive Terminology)

**(ੳ) ਵਰਗਾਤਮਕ ਸ਼ਬਦਾਵਲੀ (Classificatory Terminology)**

ਇਸ ਤਰ੍ਹਾਂ ਦੀ ਸ਼ਬਦਾਵਲੀ ਵਿਚ ਵਿਭਿੰਨ ਰਿਸ਼ਤੇਦਾਰਾਂ ਨੂੰ ਇਕ ਸ਼੍ਰੇਣੀ ਵਿਚ ਸ਼ਾਮਿਲ ਕਰਕੇ ਉਹਨਾਂ ਲਈ ਇਕੋ ਸ਼ਬਦ ਦਾ ਇਸਤੇਮਾਲ ਕੀਤਾ ਜਾਦਾ ਹੈ ਜਿਸ ਨੂੰ ਵਰਗਾਤਮਕ ਸ਼ਬਦਾਵਲੀ ਕਿਹਾ ਜਾਂਦਾ ਹੈ ਜਿਵੇਂ ਉਤਰੀ ਅਮਰੀਕਾ ਦੇ ਵਾਸੀ ਇਰੋਕੁਆਸ ਮਾਂ ਦੀਆਂ ਭੈਣਾਂ ਭਾਵ ਮਾਸੀਆਂ ਨੂੰ ਵੀ ਮਾਵਾਂ ਹੀ ਕਹਿੰਦੇ ਹਨ ਅਤੇ ਇਸੇ ਤਰ੍ਹਾਂ ਅੰਗਰੇਜੀ ਭਾਸ਼ਾ ਦਾ ਸ਼ਬਦ ਅੰਕਲ (Uncle) ਪਿਤਾ ਦੇ ਭਾਈਆਂ ਚਾਚੇ ਹੋਣ ਜਾਂ ਤਾਏ ਮਾਮੇ ਫੁਫੜ ਲਈ ਇਸਤੇਮਾਲ ਕੀਤਾ ਜਾਂਦਾ ਹੈ ਇਸ ਤੋਂ ਭਾਵ ਹੈ ਕਿ ਉਹਨਾਂ ਸਭ ਨੂੰ ਇਕ ਹੀ ਸ਼੍ਰੇਣੀ ਵਿਚ ਵਰਗੀਕ੍ਰਿਤ ਕਰ ਦਿੱਤਾ ਜਾਂਦਾ ਹੈ। ਇਸੇ ਲਈ ਇਸ ਕਿਸਮ ਦੀ ਸਾਕਾਦਾਰੀ ਸ਼ਬਦਾਵਲੀ ਨੂੰ ਵਰਗਾਤਮ ਸ਼ਬਦਾਵਲੀ ਕਿਹਾ ਜਾਂਦਾ ਹੈ। ਇਸਦੇ ਹੋਰ ਉਦਾਹਰਣ ਅੰਗਰੇਜੀ ਸ਼ਬਦ ਕਜਨ (Cousin) ਦਾ ਪ੍ਰਯੋਗ ਅਤੇ ਸੇਮਾ ਨਾਗਾ ਕਬੀਲੇ ਵਿਚ ਮਾਤਾ, ਚਾਚੀ, ਮਾਸੀ, ਭੂਆ ਆਦਿ ਲਈ 'ਅਜਾ' ਸ਼ਬਦ ਦਾ ਪ੍ਰਯੋਗ ਆਦਿ।

**(ਅ) ਵਰਣਾਤਮਕ ਸ਼ਬਦਾਵਲੀ (Descriptive Terminology)**

ਜਦੋਂ ਸਾਕਾਦਾਰੀ ਵਿਵਸਥਾ ਵਿਚ ਹਰੇਕ ਰਿਸ਼ਤੇਦਾਰ ਨੂੰ ਵਖਰੇ-ਵਖਰੇ ਸ਼ਬਦ ਨਾਲ ਸੰਬੋਧਨ ਕੀਤਾ ਜਾਂਦਾ ਹੈ ਤਾਂ ਉਸਨੂੰ ਵਰਣਾਤਮਕ ਸ਼ਬਦਾਵਲੀ ਦਾ ਨਾਂ ਦਿੱਤਾ ਜਾਂਦਾ ਹੈ ਜਿਵੇਂ ਪਿਤਾ ਦੇ ਭਾਈਆਂ ਲਈ ਚਾਚੇ, ਤਾਏ ਦੇ ਸ਼ਬਦ ਦੀ ਵਰਤੋਂ ਮਾਂ ਦੇ ਭਾਈ ਲਈ ਮਾਮਾ ਸ਼ਬਦ ਭੈਣਾਂ ਲਈ ਮਾਸੀ ਅਤੇ ਭੂਆ ਸ਼ਬਦਾਵਲੀ ਦਾ ਪ੍ਰਯੋਗ ਆਦਿ ਇਹਨਾਂ ਸ਼ਬਦਾਂ ਤੋਂ ਕਿਸੇ ਵੀ ਵਿਅਕਤੀ ਨਾਲ ਖਾਸ ਰਿਸ਼ਤੇ ਦਾ ਬੋਧ ਹੁੰਦਾ ਹੈ ਜਿਵੇਂ

ਚਾਚਾ ਸ਼ਬਦ ਕਹਿਣ ਤੇ ਪਤਾ ਚਲਦਾ ਹੈ ਕਿ ਉਹ ਪਿਤਾ ਦਾ ਛੋਟਾ ਭਰਾ ਹੈ। ਇਸ ਸ਼ਬਦਾਵਲੀ ਦੀ ਵਰਤੋਂ ਸਾਰੇ ਸਾਕ ਸੰਬੰਧੀਆਂ ਲਈ ਕੀਤੀ ਜਾਂਦੀ ਹੈ। ਵੱਖ-ਵੱਖ ਸਮਾਜ ਵਿਗਿਆਨੀਆਂ ਨੇ ਆਪਣੇ ਆਪਣੇ ਨਜਰੀਏ ਨਾਲ ਸਾਕਾਦਾਰੀ ਸ਼ਬਦਾਵਲੀ ਨੂੰ ਸਮਝਾਉਣ ਦਾ ਯਤਨ ਕੀਤਾ ਹੈ ਅਤੇ ਉਹਨਾਂ ਵਿਚ ਇਸ ਦੇ ਸੁਭਾਅ, ਕੰਮ ਅਤੇ ਮਹੱਤਤਾ ਨੂੰ ਲੈ ਕੇ ਮੱਤਭੇਦ ਪਾਏ ਜਾਂਦੇ ਹਨ ਪ੍ਰੰਤੂ ਫਿਰ ਵੀ ਸਾਰੇ ਇਸ ਗੱਲ ਤੇ ਸਹਿਮਤ ਹਨ ਕਿ ਸਾਕਾਦਾਰੀ ਪ੍ਰਬੰਧ ਨੂੰ ਸਮਝਣ ਲਈ ਸੰਬੰਧਤ ਸ਼ਬਦਾਵਲੀ ਦਾ ਅਧਿਐਨ ਬਹੁਤ ਜ਼ਰੂਰੀ ਹੈ।

**8.8 ਸਾਰ**

ਉਪਰੋਕਤ ਚਰਚਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸਾਕਾਦਾਰੀ ਵਿਵਸਥਾ ਇਕ ਸਰਵ ਵਿਆਪਕ ਪਰਪੰਚ ਹੈ ਅਤੇ ਇਹ ਰਕਤ ਜਾਂ ਵਿਆਹ ਦੁਆਰਾ ਸਥਾਪਿਤ ਅਤੇ ਵਿਕਸਿਤ ਸਮਾਜਿਕ ਸੰਬੰਧਾਂ ਦੀ ਵਿਵਸਥਾ ਹੈ। ਜਦੋਂ ਕੁਝ ਵਿਅਕਤੀਆਂ ਵਿਚ ਅਸਲੀ ਜਾਂ ਫਰਜੀ ਖੂਨ ਜਾਂ ਵਿਆਹ ਦਾ ਰਿਸ਼ਤਾ ਹੁੰਦਾ ਹੈ ਜਿਸਨੂੰ ਸਮਾਜ ਪ੍ਰਵਾਨਗੀ ਦਿੰਦਾ ਹੈ ਤਾਂ ਇਹ ਵਿਅਕਤੀ ਰਿਸ਼ਤੇਦਾਰ ਜਾਂ ਸਾਕ ਸੰਬੰਧੀ ਬਣ ਜਾਂਦੇ ਹਨ। ਸਾਕਾਦਾਰੀ ਪ੍ਰਣਾਲੀ ਦੋ ਕਿਸਮ ਦੀ ਹੁੰਦੀ ਹੈ ਕੁਲੈਟਰਲ ਅਤੇ ਯੂਨੀਲੇਟਰਲ। ਦੂਜੀ ਕਿਸਮ ਦੀ ਸਕਾਦਾਰੀ ਵਿਵਹਾਰਕ ਸਾਕਾਦਾਰੀ ਹੈ ਜਿਹੜੀ ਵਿਆਹ ਤੋਂ ਉਤਪਨ ਹੋਏ ਸੰਬੰਧਾਂ ਤੇ ਆਧਾਰਿਤ ਹੈ। ਸਾਕਾਦਾਰੀ ਪ੍ਰਣਾਲੀ ਨੂੰ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ ਜਿਸ ਵਿਚ ਰਿਸ਼ਤਿਆਂ ਦੀ ਨੇੜਤਾ ਅਤੇ ਦੂਰੀ ਨੂੰ ਮਦੇਨਜਰ ਰਖਿਆ ਜਾਂਦਾ ਹੈ। ਹਰੇਕ ਸਾਕਾਦਾਰੀ ਪ੍ਰਬੰਧ ਦੇ ਕੁਝ ਆਪਣੇ ਨਿਯਮ ਪ੍ਰਮਾਪ ਅਤੇ ਪ੍ਰਥਾਵਾਂ ਹੁੰਦੀਆਂ ਹਨ ਜੋ ਇਹਨਾਂ ਰਿਸ਼ਤਿਆਂ ਅਤੇ ਸੰਬੰਧਾਂ ਦੀ ਜਟਿਲ ਵਿਵਸਥਾ ਨੂੰ ਨਿਯਮਿਤ ਕਰਨ ਲਈ ਸਹਾਈ ਹੁੰਦੀਆਂ ਹਨ। ਜਿਸ ਤਰ੍ਹਾਂ ਕੁਝ ਪਰਿਵਰਜਨਾਂ, ਠੱਠੇ-ਮਖੌਲ, ਅੰਟਕੁਲੇਟ, ਕੋਵੇਡ ਆਦਿ। ਇਸ ਪ੍ਰਬੰਧ ਜਾਂ ਪ੍ਰਣਾਲੀ ਨੂੰ ਸਮੁੱਚੇ ਰੂਪ ਵਿਚ ਸਮਝਣ ਲਈ ਅਤੇ ਇਸਦਾ ਵਿਸ਼ਲੇਸ਼ਣ ਕਰਨ ਲਈ ਸਾਕਾਦਾਰੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਜਾਂਦਾ ਹੈ ਇਹ ਸ਼ਬਦਾਵਲੀ ਵਰਗਾਤਮਕ ਵੀ ਹੋ ਸਕਦੀ ਹੈ ਅਤੇ ਵਰਣਾਤਮਕ ਵੀ ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਸਾਕਾਦਾਰੀ ਪ੍ਰਬੰਧ ਨੂੰ ਸਮਝਣ ਲਈ ਸਬੰਧਤ ਸ਼ਬਦਾਵਲੀ ਦਾ ਅਧਿਐਨ ਬਹੁਤ ਜ਼ਰੂਰੀ ਹੈ।

ਸਾਕਾਦਾਰੀ ਵਿਵਸਥਾ ਦੇ ਅਧਿਐਨ ਲਈ ਸ਼ਬਦਾਵਲੀ ਤੋਂ ਇਲਾਵਾ ਕੁਝ ਹੋਰ ਵੀ ਮੁੱਖ ਸ਼ਬਦ ਹਨ ਜਿਹਨਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਹ ਪ੍ਰਚਲਤ ਸ਼ਬਦ ਹੇਠ ਲਿਖੇ ਹਨ :

**8.9 ਮੁੱਖ ਸ਼ਬਦ**

**ਵੰਸ ਸਮੂਹ** :

ਸਾਕਾਦਾਰੀ ਵਿਵਸਥਾ ਦੀ ਸਭ ਤੋਂ ਛੋਟੀ ਇਕਾਈ ਜੋ ਮਾਤਾ ਜਾਂ ਪਿਤਾ ਦੀ ਤਰਫੋਂ ਤਿੰਨ ਪੁਸਤਾਂ ਨੂੰ ਮਿਲਾਕੇ ਬਣਦੀ ਹੈ।

**ਪਿਤਰਵੰਸ ਜਾਂ ਅਗਰਨੈਟਿਕ ਵੰਸ ਸਮੂਹ** :

ਇਸ ਸਮੂਹ ਵਿਚ ਪਿਤਾ ਦੀ ਧਿਰ ਦੇ ਵਿਅਕਤੀ ਭਾਵ ਦਾਦਕੇ ਸ਼ਾਮਿਲ ਹੁੰਦੇ ਹਨ।

**ਮਾਤਰ ਵੰਸ਼ ਜਾਂ ਕੋਬਾਨੇਟਿਕ ਵੰਸ ਸਮੂਹ** :

ਇਕ ਇਸਤਰੀ ਅਤੇ ਇਕ ਇਸਤਰੀ ਦੁਆਰਾ ਉਸਦੀ ਸੰਤਾਨ ਸ਼ਾਮਿਲ ਹੁੰਦੇ ਹਨ।

**ਐਫੀਨਲ** :

ਵਿਆਹ ਦੁਆਰਾ ਸਥਾਪਿਤ ਸੰਬੰਧਾਂ ਨੂੰ ਐਫੀਨਲ ਕਿਹਾ ਜਾਂਦਾ ਹੈ।

**ਸਗੋਤਰ ਸਾਕਾਦਾਰੀ** :

ਰਕਤ ਦੇ ਰਿਸ਼ਤੇ ਦੁਆਰਾ ਉਤਪੰਨ ਹੋਏ ਸੰਬੰਧਾਂ ਵਾਲੇ ਸਾਕ ਸੰਬੰਧੀਆਂ ਨੂੰ ਸਗੋਤਰ ਕਿਹਾ ਜਾਂਦਾ ਹੈ।

**ਕਲੈਨ ਜਾਂ ਗੋਤ** :

ਮਾਤਾ ਜਾਂ ਪਿਤਾ ਕਿਸੇ ਦੀ ਤਰਫੋਂ ਇਕ ਵੰਸ ਦੇ ਸਭ ਸਾਕ ਸੰਬੰਧੀਆਂ ਨੂੰ ਜੋੜਕੇ ਅਤੇ ਇਸ ਸਮੂਹ ਵਿਚ ਇਕ ਹੀ ਪੂਰਵਜ ਦੀਆਂ ਸਭ ਸੰਤਾਨਾਂ ਸ਼ਾਮਲ ਕਰ ਲੈਣ ਨਾਲ ਗੋਤ ਬਣਦਾ ਹੈ।

**ਮੋਇਟੀ** :

ਜਦੋਂ ਕਲੈਨ ਬਹੁਤ ਵੱਡਾ ਹੋ ਜਾਂਦਾ ਹੈ ਤਾਂ ਇਹ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ ਅਤੇ ਹਰੇਕ ਹਿੱਸੇ ਨੂੰ ਮੋਇਟੀ ਕਿਹਾ ਜਾਂਦਾ ਹੈ।

**ਫਰੈਟਰੀ** :

ਜਦੋਂ ਮੋਇਟੀ ਅੱਗੇ ਦੋ ਹਿੱਸਿਆਂ ਵਿਚ ਵੰਡੀ ਜਾਂਦੀ ਹੈ ਤਾਂ ਹਰੇਕ ਹਿੱਸੇ ਨੂੰ ਫਰੈਟਰੀ ਕਿਹਾ ਜਾਂਦਾ ਹੈ।

## 8.10 ਅਭਿਆਸ ਲਈ ਪ੍ਰਸ਼ਨ

1. ਸਾਕਾਦਾਰੀ ਵਿਵਸਥਾ ਤੋਂ ਕੀ ਭਾਵ ਹੈ? ਇਹ ਕਿੰਨੇ ਕਿਸਮ ਦੀ ਹੁੰਦੀ ਹੈ।
2. ਸਾਕਾਦਾਰੀ ਪ੍ਰਣਾਲੀ ਨੂੰ ਬਿਆਨ ਕਰਦੇ ਹੋਏ ਇਸਦੇ ਅਧਿਐਨ ਲਈ ਪੇਸ਼ ਸਿਧਾਂਤਾਂ ਦਾ ਵਰਨਣ ਕਰੋ।
3. ਸਾਕਾਦਾਰੀ ਪ੍ਰਬੰਧ ਤੋਂ ਤੁਸੀਂ ਕੀ ਸਮਝਦੇ ਹੋ ? ਸਾਕਾਦਾਰੀ ਪ੍ਰਥਾਵਾਂ ਤੇ ਰੋਸ਼ਨੀ ਪਾਓ।

### ਸੰਖੇਪ ਸਵਾਲ (ਬਿਆਨ ਕਰੋ)

(ੳ) ਸਾਕਾਦਾਰੀ
(ਅ) ਸਗੋਤਰ ਸਾਕਾਦਾਰੀ
(ੲ) ਵਿਵਾਹਕ ਸਾਕਾਦਾਰੀ
(ਸ) ਵੰਸ ਕ੍ਰਮ
(ਹ) ਪਰਿਵਰਜਨਾਂ
(ਕ) ਅੰਵਕੁਲੇਟ
(ਖ) ਏਮੀਟੇਟ
(ਗ) ਕੁਵੇਡ
(ਘ) ਸਾਕਾਦਾਰੀ ਸ਼ਬਦਾਵਲੀ

## 8.11 ਉਪਯੋਗੀ ਪੁਸਤਕਾਂ


Fox Robin : *Kinship and Marriage;* London : 1977.

Goody, Jack : *Kinship;* Penguin, 1967.

Kapadia K.M. : *Hindu Kinship;* Bombay; 1957. *Marriage and Family in India*; Bombay; 1958.

Ghurye, G.S. : *Some Kinship usage in Indo-Argun Literature.* Journal of an thropolical society of Bombay; 1946.

Kaur, Shavinderjit : *Samaj Vigyan de Mool Sankalp;* Publication Bureau, Pbi. Uni. Patiala, 1987.

ਪਾਠ ਨੰ : **2.5**

ਲੇਖਕਾ : ਡਾ. ਪਲਵਿੰਦਰ ਸਿੰਘ

# ਧਰਮ ਅਤੇ ਇਸਦੇ ਕਾਰਜ

ਰੂਪ ਰੇਖਾ


9.0 ਉਦੇਸ਼

9.1 ਜਾਣ ਪਛਾਣ

9.2 ਧਰਮ ਦਾ ਅਰਥ

9.3 ਧਰਮ ਦੀਆਂ ਪਰਿਭਾਸ਼ਾਵਾਂ

9.4 ਧਰਮ ਦੀ ਉਤਪੱਤੀ

9.5 ਵੱਖ ਵੱਖ ਸਮਾਜ ਵਿਗਿਆਨੀਆਂ ਦੇ ਧਰਮ ਬਾਰੇ ਵਿਚਾਰ

9.5.1 ਐਡਵਰਡ ਬਰਨੈਟ ਟਾਇਲਰ

9.5.2 ਇਮਾਇਲ ਦੁਰਖੀਮ

9.5.3 ਕਿਰਿਆਤਮਕ ਸਿਧਾਂਤਕਾਰਾਂ ਦੇ ਵਿਚਾਰ

9.6 ਧਰਮ ਦੇ ਕੰਮ

9.6.1 ਧਰਮ ਅਤੇ ਏਕੀਕਰਣ

9.6.2 ਧਰਮ ਦੁੱਖਾਂ ਦਾ ਦਾਰੂ

9.6.3 ਧਰਮ ਅਤੇ ਸਮਾਜਿਕ ਨਿਯੰਤਰਣ

9.6.4 ਧਰਮ ਅਤੇ ਆਰਥਿਕ ਜ਼ਿੰਦਗੀ

9.6.5 ਧਰਮ ਅਤੇ ਸਮਾਜ ਸੇਵਾ

9.7 ਸਾਰ

9.8 ਅਭਿਆਸ ਲਈ ਪ੍ਰਸ਼ਨ

9.9 ਪੁਸਤਕ ਸੂਚੀ


## 9.0 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਯੋਗ ਹੋਵੋਗੇ ਕਿ :

* ਧਰਮ ਦਾ ਅਰਥ ਦੱਸ ਸਕੋ ਅਤੇ ਇਸਦੀਆਂ ਪਰਿਭਾਸ਼ਾਵਾਂ ਤੇ ਰੋਸ਼ਨੀ ਪਾ ਸਕੋਂ।
* ਵੱਖ-ਵੱਖ ਵਿਗਿਆਨੀਆਂ ਦੇ ਧਰਮ ਬਾਰੇ ਵਿਚਾਰਾਂ ਨੂੰ ਬਿਆਨ ਕਰ ਸਕੋਂ।
* ਧਰਮ ਦੀ ਉਤਪੱਤੀ ਬਾਰੇ ਚਰਚਾ ਕਰ ਸਕੋਂ।
* ਧਰਮ ਦੇ ਕੰਮਾਂ ਬਾਰੇ ਜਾਣਕਾਰੀ ਦੇ ਸਕੋਂ।

## 9.1 ਜਾਣ ਪਛਾਣ :

ਧਰਮ ਨੂੰ ਸਮਾਜ ਵਿਚ ਸਰਵਵਿਆਪਕਤਾ ਅਤੇ ਕੱਟਰੀਅਤਾ ਪ੍ਰਾਪਤ ਹੈ। ਧਰਮ ਜੰਮਣ ਵਾਲੇ ਅਤੇ ਮਰ ਚੁੱਕੇ ਇਨਸਾਨ ਨਾਲ ਵੀ ਜੁੜਿਆ ਰਹਿੰਦਾ ਹੈ। ਉਦਾਹਰਣ ਵਜੋਂ ਜਦੋਂ ਜੀਵ ਅਜੇ ਮਾਂ ਦੇ ਗਰਭ ਵਿਚ ਹੀ ਹੁੰਦਾ ਹੈ ਤਾਂ ਉਸਦੀ ਧਰਮ ਨਾਲ ਸਾਂਝ ਸ਼ੁਰੂ

ਹੋ ਜਾਂਦੀ ਹੈ। ਜੰਮਣ ਵੇਲੇ ਨਾਲ ਜੁੜੀਆਂ ਰਸਮਾਂ ਇਸ ਦੀ ਪੁਸ਼ਟੀ ਕਰਦੀਆਂ ਹਨ। ਆਦਮੀ ਦੇ ਸਰੀਰਨਾਸ਼ਕ ਤੋਂ ਬਾਅਦ ਵੀ ਉਸ ਨਾਲ ਜੁੜੇ ਧਾਰਮਿਕ ਰੀਤੀ-ਰਿਵਾਜ ਚਲਦੇ ਰਹਿੰਦੇ ਹਨ। ਸੋ ਇਹ ਗੱਲ ਸਾਫ ਹੈ ਕਿ ਧਰਮ ਦੀਆਂ ਜੜ੍ਹਾਂ ਆਦਮੀ ਦੇ ਜੀਵਨ ਅਤੇ ਸਾਡੇ ਸਮਾਜ ਵਿਚ ਬਹੁਤ ਡੂੰਘੀਆਂ ਹਨ। ਧਰਮ ਜ਼ਿੰਦਗੀ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰਦਾ ਹੈ। ਆਦਮੀ ਆਪਣਾ ਕੋਈ ਵੀ ਕਾਰ-ਵਿਹਾਰ ਕਰਦੇ ਸਮੇਂ ਚੇਤ ਜਾਂ ਅਚੇਤ ਰੂਪ ਵਿਚ ਆਪਣੇ ਧਾਰਮਿਕ ਫਰਜ਼ਾਂ ਨੂੰ ਵੀ ਨਿਭਾਉਂਦਾ ਹੈ। ਆਦਮੀ ਦੇ ਘਰੇਲੂ ਤੇ ਸਭਿਆਚਾਰਕ ਜੀਵਨ ਵਿਚ ਧਰਮ ਘਰ ਕਰ ਚੁੱਕਾ ਹੈ। ਉਸਦੇ ਘਰ ਦਾ ਵਾਤਾਵਰਣ ਤਾਂ ਧਾਰਮਿਕ ਰੀਤੀ-ਰਿਵਾਜ਼ਾਂ, ਨਾਲ ਓਤ-ਪੋਤ ਹੁੰਦਾ ਹੀ ਹੈ। ਜਦੋਂ ਜੀਵ ਸੰਸਾਰ ਵਿਚ ਆਉਂਦਾ ਹੈ ਤਾਂ ਉਹ ਧਾਰਮਿਕ ਰੀਤੀ-ਰਿਵਾਜ, ਧਾਰਮਿਕ ਨਿਯਮ ਅਤੇ ਅਕੀਦੇ ਆਪਣੇ ਪਰਿਵਾਰ ਵਿਚ ਰਹਿੰਦੇ ਹੋਏ ਸਿੱਖ ਲੈਂਦਾ ਹੈ। ਇਹ ਸਭ ਉਸ ਦੀ ਜ਼ਿੰਦਗੀ ਦਾ ਹਿੱਸਾ ਬਣ ਜਾਂਦੇ ਹਨ। ਵਿਅਕਤੀ ਸਮਾਜ ਵਿਚ ਰਹਿੰਦੇ ਹੋਏ ਆਪਣਾ ਧਾਰਮਿਕ ਕਾਰ-ਵਿਹਾਰ (ਪੂਜਾ, ਪਾਠ, ਧਾਰਮਿਕ ਰਸਮ ਆਦਿ) ਕਰਦਾ ਹੋਇਆ ਜੋ ਤਜਰਬਾ ਅਤੇ ਅਨੁਭਵ ਹਾਸਲ ਕਰਦਾ ਹੈ, ਉਹ ਉਸ ਨੂੰ ਸੇਧ ਵੀ ਦਿੰਦਾ ਹੈ ਅਤੇ ਸਫਲ ਧਾਰਮਿਕ ਮਨੁੱਖ ਬਣਨ ਵਿੱਚ ਸਹਾਇਤਾ ਵੀ ਕਰਦਾ ਹੈ।

## 9.2 ਧਰਮ ਦਾ ਅਰਥ :

ਧਰਮ ਇਸ ਤਰ੍ਹਾਂ ਵੱਡੇ ਘੇਰੇ ਦਾ ਨਾਮ ਹੈ। ਕਿਉਂਕਿ ਧਰਮ ਮਨੌਤ ਤੋਂ ਸ਼ੁਰੂ ਹੁੰਦਾ ਹੈ ਪਰੰਤੂ ਅਜਿਹੇ ਮਾਰਗ ਤਕ ਪਹੁੰਚ ਜਾਂਦਾ ਹੈ ਜਿਸ ਉਪਰ ਮਨੁੱਖ ਜਾਂ ਦੁਨੀਆਂ ਨੂੰ ਚੱਲਣਾ ਹੀ ਪੈਂਦਾ ਹੈ। ਇਸ ਲਈ ਮਨੁੱਖੀ ਵਿਵਹਾਰ ਨਾਲ ਜੁੜੇ ਹੋਏ ਸਾਰੇ ਸਰੋਕਾਰ ਧਰਮ ਦੇ ਘੇਰੇ ਵਿੱਚ ਆ ਜਾਂਦੇ ਹਨ। ਹੁਣ ਧਰਮ ਇਨ੍ਹਾਂ ਸਰਬ-ਵਿਆਪੀ ਅਤੇ ਸਥਾਈ ਬਣ ਚੁੱਕਾ ਹੈ ਕਿ ਅਜਿਹਾ ਕੋਈ ਵੀ ਮਨੁੱਖੀ ਸਮਾਜ ਨਹੀਂ ਜਿਥੇ ਕਿਸੇ ਨਾ ਕਿਸੇ ਰੂਪ ਵਿਚ ਧਰਮ ਨਾ ਹੋਵੇ। ਜੇ ਅਸੀਂ ਮਨੁੱਖੀ ਸਮਾਜ ਨੂੰ ਅਤੇ ਇਸ ਵਿਚ ਕੰਮ ਕਰ ਰਹੀਆਂ ਅਲੱਗ ਅਲੱਗ ਸੰਸਥਾਵਾਂ ਨੂੰ ਅਤੇ ਉਹਨਾਂ ਦੀ ਕਾਰਜ-ਕੁਸ਼ਲਤਾ ਨੂੰ ਸਮਝਣਾ ਚਾਹੁੰਦੇ ਹਾਂ ਤਾਂ ਧਰਮ ਨੂੰ ਸਮਝਣਾ ਪਵੇਗਾ। ਪ੍ਰਾਚੀਨ ਲੋਕਾਂ ਦੇ ਵਿਸ਼ਵਾਸ ਅਤੇ ਪ੍ਰਥਾਵਾਂ ਸਭ ਧਰਮ ਦੇ ਅੰਗ ਹੀ ਸਨ। ਜਿਵੇਂ ਇਸੇ ਮਸਲੇ ਤੇ ਹੋਈਆਂ ਖੋਜਾਂ ਦੱਸਦੀਆਂ ਹਨ ਕਿ ਆਧੁਨਿਕ ਆਦਮੀ ਦੇ ਵਡੇਰੂਆਂ, ਨੀਏਂਦਰਥਾਲ (Neanderthal man) ਦਾ ਵੀ ਕੋਈ ਨਾ ਕੋਈ ਧਰਮ ਜ਼ਰੂਰ ਸੀ, ਕਿਉਂਕਿ ਜੋ ਇਸ ਦਾ ਸਬੂਤ ਮਿਲਦਾ ਹੈ ਕਿ ਉਹ ਮੁਰਦੇ ਨੂੰ ਇਕ ਖਾਸ ਨਿਸ਼ਚਿਤ ਅਵਸਥਾ ਵਿਚ ਦਬਾਉਂਦੇ ਸਨ ਅਤੇ ਉਹਨਾਂ ਦੇ ਨਾਲ ਸਾਰੇ ਹਥਿਆਰ ਰੱਖ ਦਿੰਦੇ ਸਨ।

ਸਮਨਰ ਅਤੇ ਕੈਲਰ ਨੇ ਤਾਂ ਇਥੋਂ ਤਕ ਕਿਹਾ ਕਿ ਦੂਜੀਆਂ ਹੋਰ ਸੰਸਥਾਵਾਂ ਵਾਂਗ ਧਰਮ ਅਜਿਹਾ ਸਾਧਨ ਹੈ ਜਿਥੇ ਮਨੁੱਖ ਆਪਣੇ ਆਪ ਨੂੰ ਵਾਤਾਵਰਣ ਅਨੁਸਾਰ ਢਾਲਦਾ ਹੈ।

## 9.3 ਪਰਿਭਾਸ਼ਾਵਾਂ :

ਧਰਮ ਦੇ ਸਰੂਪ ਬਾਰੇ ਅਲੱਗ ਅਲੱਗ ਵਿਚਾਰਵਾਨਾਂ ਵਿਚ ਸਹਿਮਤੀ ਨਹੀਂ ਹੈ। ਸਮਾਜ ਵਿਗਿਆਨੀ ਧਰਮ ਨੂੰ ਆਪਣੇ ਦ੍ਰਿਸ਼ਟੀਕੋਣ ਤੋਂ ਵੇਖਦੇ ਹਨ ਅਤੇ ਮਾਨਵ-ਵਿਗਿਆਨੀ ਆਪਣੇ ਨੁਕਤਾ-ਨਿਗਾਹ ਤੋਂ। ਇਸ ਕਰਕੇ ਧਰਮ ਨੂੰ ਹਰ ਵਿਗਿਆਨੀ ਨੇ ਆਪਣੇ ਆਪਣੇ ਢੰਗ ਨਾਲ ਪ੍ਰੀਭਾਸ਼ਤ ਕੀਤਾ ਹੈ। ਇਹ ਗੱਲ ਹੇਠ ਲਿਖੀਆਂ ਪ੍ਰੀਭਾਸ਼ਾਵਾਂ ਤੋਂ ਸਪੱਸ਼ਟ ਹੋ ਜਾਂਦੀ ਹੈ।

**ਸਮਨਰ ਅਤੇ ਕੈਲਰ ਅਨੁਸਾਰ** ""ਮੁੱਢਲੇ ਸਮਿਆਂ ਤੋਂ ਲੈ ਕੇ ਹੁਣ ਤੱਕ ਇਤਿਹਾਸ ਵਿਚ ਧਰਮ ਬਿਲਕੁਲ ਹੀ ਨੈਤਿਕਤਾ ਦਾ ਮਾਮਲਾ ਨਹੀਂ ਰਿਹਾ, ਪ੍ਰੰਤੂ ਇਹ ਰੀਤੀਆਂ, ਧਾਰਮਿਕ ਪੂਜਾ, ਕਰਮਕਾਂਡ ਅਤੇ ਰਸਮ ਦਾ ਮਾਮਲਾ ਰਿਹਾ ਹੈ। ਉਨ੍ਹਾਂ ਅੱਗੇ ਚਲਕੇ ਧਰਮ ਨੂੰ ਉੱਦਮ ਯੁੱਧ ਅਤੇ ਵਿਨਿਯਮਨ ਨਾਲ ਸੰਬੰਧਤ ਆਤਮ-ਪੋਸ਼ਣ ਦੀ ਵਿਧੀ ਕਿਹਾ।""

**ਰੂਥ ਬੈਨੀਡਿਕੇਟ** ਅਨੁਸਾਰ ਜੇ ਧਰਮ ਅਧਿਆਤਮਿਕ ਦਿਖਾਈ ਦੇ ਰਿਹਾ ਹੈ ਅਤੇ ਸਦਗੁਣ, ਨੈਤਿਕਤਾ ਅਤੇ ਚੰਗੇਰੇ ਜੀਵਨ ਦਾ ਸੋਮਾ ਮਹਿਸੂਸ ਹੋ ਰਿਹਾ ਹੈ, ਇਹ ਇਸ ਕਾਰਣ ਹੈ ਕਿ ਇਸ ਨੇ ਇਹ ਗੁਣ ਉਨ੍ਹਾਂ ਸੰਕਲਪਾਂ ਪਾਸੋਂ ਲੈ ਲਏ ਜੋ ਸਮਾਜ ਵਿਚ ਪ੍ਰਚਲਤ ਸਨ ਅਤੇ ਇਸ ਨੇ ਸਮਾਜਿਕ ਜੀਵਨ ਦੀ ਪ੍ਰਕ੍ਰਿਆ ਦੌਰਾਨ ਵਿਕਸਿਤ ਕੀਤੇ ਸਨ। ਉਹ ਅੱਗੇ ਜਾ ਕੇ ਲਿਖਦੇ ਹਨ ਕਿ ਧਰਮ ਨੂੰ ਆਦਰਸ਼ ਉਦੇਸ਼ਾਂ ਦਾ ਅਨੁਸਾਰੀ ਨਹੀਂ ਸਮਝਣਾ ਚਾਹੀਦਾ.......ਅਧਿਆਤਮਿਕਤਾ ਅਤੇ ਸਦਗੁਣ ਦੇ ਸਮਾਜਿਕ ਕੀਮਤਾਂ ਹਨ ਜਿਨ੍ਹਾਂ ਨੂੰ ਸਮਾਜਿਕ ਪ੍ਰਕ੍ਰਿਆ ਦੌਰਾਨ ਲੱਭਿਆ ਗਿਆ। ਮਨੁੱਖੀ ਇਤਿਹਾਸ ਵਿਚ ਇਹ ਧਰਮ ਦੀ ਕੀਮਤ ਦੀ ਉਸੇ ਤਰ੍ਹਾਂ ਸਿਰਜਨਾ ਕਰਦੇ ਹਨ ਜਿਵੇਂ ਇਕ ਮੋਤੀ ਸਿੱਪ ਕੀੜੇ ਦੀ ਕੀਮਤ ਦਰਸਾਉਂਦਾ ਹੈ ਤਾਂ ਹੀ ਸਿੱਪ ਕੀੜੇ ਦੇ ਜੀਵਨ ਵਿਚ ਮੋਤੀ ਦਾ ਬਣਨਾ ਇਕ ਗੌਣ ਉਪਜ ਹੈ ਅਤੇ ਇਸ ਤੋਂ ਸਾਨੂੰ ਮੱਛੀ ਦੇ ਵਿਕਾਸ ਬਾਰੇ ਕੋਈ ਵੀ ਸੂਹ ਨਹੀਂ ਮਿਲਦੀ।

**ਹੈਰੀ ਐਲਮਰ ਬਾਰਨਜ਼** ਆਪਣੀ ਕਿਤਾਬ "ਸੋਸ਼ਲ ਇਨਸਟੀਚਿਉਸ਼ਨ" (Social Institutions) ਵਿਚ ਲਿਖਦੇ ਹਨ

ਕਿ ਸਮਾਜਿਕ ਸ਼ਿਸਟਾਚਾਰ ਅਤੇ ਨਿਆਇ ਨਾਲ ਧਰਮ ਨੂੰ ਇਕਸੁਰ ਕਰਨ ਲਈ ਧਰਮ ਦਾ ਵਧੇਰੇ ਆਦਰਸ਼ਕ ਸੰਕਲਪ ਹੋਂਦ ਵਿਚ ਆਇਆ। ਇਹ ਆਦਰਸ਼ਕ ਸੰਕਲਪ ਭੂਤ ਦੇ ਅਤੇ ਹੁਣ ਦੇ ਸੰਗਠਿਤ ਧਰਮ ਦੀ ਪ੍ਰਕ੍ਰਿਤੀ ਅਤੇ ਸਥੂਲ ਪ੍ਰਗਟਾ ਨਾਲ ਮਸਾਂ ਹੀ ਮੇਲ ਖਾਂਦਾ ਹੈ।

ਜਰਮਨ ਦੇ ਪ੍ਰਸਿੱਧ ਸੰਸਕ੍ਰਿਤੀ-ਇਤਿਹਾਸਕਾਰ ਜੂਲੀਅਸ ਲਿਪਰਟ ਅਨੁਸਾਰ, ""ਧਰਮ ਜੀਵਨ ਦੇ ਸੰਘਰਸ਼ ਲਈ ਅਤਿ ਜ਼ਰੂਰੀ ਹੈ ਅਤੇ ਇਸ ਦਾ ਮਹੱਤਵ ਮੌਤ ਤੋਂ ਪਿਛੋਂ ਵੀ ਘਟਦਾ ਨਹੀਂ।""

**ਜੇਮਜ਼ ਜੀ ਫਰੇਜ਼ਰ** ਨੇ ਆਪਣੀ ਰਚਨਾ "ਦੀ ਗੋਲਡਨ ਬਾਊ" (The Golden Bough) ਵਿਚ ਪ੍ਰਾਚੀਨਤਾ ਅਤੇ ਲੋਕ ਸਮਾਜਾਂ ਦੇ ਧਾਰਮਿਕ ਵਿਸ਼ਵਾਸਾਂ ਅਤੇ ਰੀਤੀਆਂ ਨੂੰ ਇਕੱਤਰ ਕੀਤਾ, ਧਰਮ ਨੂੰ ਅਜਿਹਾ ਵਿਸ਼ਵਾਸ ਮੰਨਿਆ ਹੈ ਜੋ ਸ਼ਕਤੀ ਵਿਚ ਮਨੁੱਖ ਨਾਲੋਂ ਸ੍ਰੇਸ਼ਟ ਹੈ। ਅਜਿਹੀ ਸ਼ਕਤੀ ਜਿਹੜੀ ਪ੍ਰਕ੍ਰਿਤੀ ਅਤੇ ਮਨੁੱਖੀ ਜੀਵਨ ਦਾ ਨਿਰਦੇਸ਼ਨ ਅਤੇ ਕੰਟਰੋਲ ਕਰਦੀ ਹੈ।

ਦੁਰਖੀਮ ਨੇ ਆਪਣੀ ਕਿਤਾਬ "ਦੀ ਐਲੀਮੈਂਟਰੀ ਫਾਰਮਜ਼ ਆਫ਼ ਦੀ ਰਿਲੀਜੀਅਸ ਲਾਇਫ"" ਵਿਚ ਧਰਮ ਦੀ ਪ੍ਰੀਭਾਸ਼ਾ ਕਰਦਿਆਂ ਕਿਹਾ ਕਿ ਧਰਮ ਪਵਿੱਤਰ ਵਸਤਾਂ ਨਾਲ ਸੰਬੰਧਿਤ ਵਿਸ਼ਵਾਸਾਂ ਅਤੇ ਰੀਤੀਆਂ ਦੀ ਇਕ ਏਕੀਕ੍ਰਿਤ ਪ੍ਰਣਾਲੀ ਹੈ, ਅਰਥਾਤ ਅਜਿਹੀਆਂ ਵਸਤਾਂ ਜਿਨ੍ਹਾਂ ਨੂੰ ਇਕ ਪਾਸੇ ਰੱਖਿਆ ਗਿਆ ਅਤੇ ਜਿਨ੍ਹਾਂ ਉਪਰ ਮਨਾਹੀ ਲਾਈ ਹੁੰਦੀ ਹੈ।

ਉਪਰੋਕਤ ਦਰਸਾਈਆਂ ਗਈਆਂ ਪ੍ਰੀਭਾਸ਼ਾਵਾਂ ਵੀ ਧਰਮ ਦੇ ਸਾਰੇ ਪੱਖਾਂ ਬਾਰੇ ਪੂਰਨ-ਚਾਨਣਾ ਨਹੀਂ ਪਾਉਂਦੀਆਂ ਕਿਉਂਕਿ ਧਰਮ ਸਿਧਾਂਤਕ ਤੌਰ ਤੇ, ਅਭਿਆਸਕ ਤੌਰ ਤੇ ਜਥੇਬੰਦਕ ਤੌਰ ਤੇ ਬਹੁਤ ਰੂਪਾਂਤਰਿਤ ਹੈ ਅਤੇ ਧਾਰਮਿਕ ਭਾਵਨਾਵਾਂ ਇੰਨੀਆਂ ਵਿਅਕਤੀਗਤ ਹੁੰਦੀਆਂ ਹਨ ਕਿ ਇਹਨਾਂ ਨੂੰ ਵਾਸਤਵਿਕ ਰੂਪ ਵਿਚ ਵਰਨਣ ਕਰਨਾ ਬਹੁਤ ਮੁਸ਼ਕਲ ਹੁੰਦਾ ਹੈ।

ਹਿੰਦੂ ਧਰਮ ਅਨੁਸਾਰ, ਅਲੌਕਿਕ ਹੋਂਦਾਂ (ਦੇਵੀ, ਦੇਵਤੇ ਅਤੇ ਫਰਿਸ਼ਤੇ) ਹੁੰਦੀਆਂ ਹਨ। ਅਲੋਕਿਕ ਥਾਵਾਂ (ਸਵਰਗ ਅਤੇ ਨਰਕ) ਹੁੰਦੀਆਂ ਹਨ, ਅਲੌਕਿਕ ਸ਼ਕਤੀਆਂ ਹੁੰਦੀਆਂ ਹਨ ਜਿਵੇਂ ਪਵਿੱਤਰ ਆਤਮਾ। ਹਿੰਦੂ ਧਰਮ ਦਾ ਕਾਰਜ ਅਤੇ ਅਸਰ ਦਾ ਕਾਨੂੰਨ ਹੈ "ਕਰਮ" ਜਿਸ ਅਨੁਸਾਰ ਇਸ ਜਨਮ ਵਿਚ ਬੰਦਾ ਜੋ ਕੰਮ ਕਰਦਾ ਹੈ ਉਸ ਦਾ ਨਤੀਜਾ ਭੁਗਤਣ ਲਈ ਉਹ ਅਗਲਾ ਜਨਮ ਲੈਂਦਾ ਹੈ। ਭਾਵੇਂ ਕਿ ਵਿਗਿਆਨ ਇਸ ਗੱਲ ਬਾਰੇ ਕੁਝ ਨਹੀਂ ਕਹਿੰਦਾ। ਵਿਗਿਆਨ ਇਹ ਗੱਲ ਸਿਧ ਨਹੀਂ ਕਰ ਸਕਦਾ ਕਿ ਅਲੌਕਿਕ ਸ਼ਕਤੀਆਂ, ਵਿਸ਼ਵਾਸ ਆਦਿ ਹੋਂਦ ਵਿਚ ਹਨ ਜਾਂ ਹੋਂਦ ਵਿਚ ਨਹੀਂ ਹਨ। ਅਲੌਕਿਕ ਹੋਂਦ ਜਾਂ ਵਸਤਾਂ ਜ਼ਰੂਰੀ ਨਹੀਂ ਕਿ ਸੰਸਾਰ ਤੋਂ ਉਪਰ ਦੀ ਚੀਜ਼ ਹੋਣ, ਇਹ ਭੌਤਿਕ ਵਸਤਾਂ ਜਾਂ ਆਦਮੀ ਵੀ ਹੋ ਸਕਦੇ ਹਨ ਜੋ ਕਿ ਇਸ ਦੁਨੀਆਂ ਦਾ ਅੰਗ ਹਨ ਜਿਵੇਂ ਕਿ ਕੱਟੜ-ਇਸਾਈ ਮੱਤ ਇਸ ਦੁਨੀਆਂ ਦਾ ਹਿੱਸਾ ਸੀ, ਪਰ ਫਿਰ ਵੀ ਉਹ ਅਲੌਕਿਕ ਹੋਂਦ ਹੈ, ਇਥੋਂ ਤੱਕ ਕਿ ਲੋਕ ਉਸ ਨੂੰ ਰੱਬ ਦਾ ਪੁੱਤਰ ਹੋਣ ਬਾਰੇ ਸੋਚਦੇ ਹਨ ਪਰ ਜੇ ਉਸ ਬਾਰੇ ਲੋਕਾਂ ਦਾ ਵਿਸ਼ਵਾਸ ਹੈ ਇਹ ਅਨੁਭਵ ਸਿੱਧ ਜਾਂ ਪ੍ਰਯੋਗ ਸਿੱਧ ਨਹੀਂ ਹੈ। ਪਰ ਧਾਰਮਿਕ ਵਿਸ਼ਵਾਸਾਂ ਦਾ ਸੰਸਥਾਈਕਰਣ ਹੋ ਜਾਂਦਾ ਹੈ ਤਾਂ ਹੋਰ ਸੰਸਥਾਵਾਂ ਵਾਂਗ ਇਹਨਾਂ ਨੂੰ ਵੀ ਸਮਰਥਨ ਮਿਲ ਜਾਂਦਾ ਹੈ। ਕਿਸੇ ਧਰਮ ਵਿਚ ਜੋ ਵਿਸ਼ਵਾਸ ਕੱਟੜਤਾ ਧਾਰਨ ਕਰ ਲੈਂਦੇ ਹਨ ਉਨ੍ਹਾਂ ਨੂੰ ਡੌਗਮਾਜ਼ ਕਿਹਾ ਜਾਂਦਾ ਹੈ।

### 9.4 ਧਰਮ ਦੀ ਉਤੱਪਤੀ :

ਧਰਮ ਦੇ ਜਨਮ ਦੀ ਖੋਜ ਕਰਨਾ ਬਹੁਤ ਹੀ ਮੁਸ਼ਕਲ ਕੰਮ ਹੋਵੇਗਾ, ਇਥੇ ਇਹ ਕਹਿ ਦੇਣਾ ਹੀ ਸੰਭਵ ਹੋਵੇਗਾ ਕਿ ਧਰਮ ਦੀ ਉਤਪਤੀ ਆਦਮੀ ਦੇ ਨਾਲ ਹੀ ਹੋਈ। ਸਾਰੇ ਸਮਾਜਾਂ ਦੇ ਸਾਰੇ ਸਮੂਹਾਂ ਵਿਚ ਧਰਮ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹੁੰਦਾ ਹੈ। ਧਰਮ ਦੀ ਉਤਪਤੀ ਬਾਰੇ ਆਰ.ਆਰ.ਮੈਰਿਟ ਇਸ ਤਰ੍ਹਾਂ ਲਿਖਦਾ ਹੈ, ਕਿ ਇਹ ਨਿਯਮ ਕਿ ਹਰ ਚੀਜ਼ ਦੀ ਸ਼ੁਰੂਆਤ ਹੋਣੀ ਚਾਹੀਦੀ ਹੈ ਮਨੁੱਖਤਾ ਦੀ ਕਿਸੇ ਵੀ ਮੁੱਖ ਸੰਸਥਾ ਤੇ ਲਾਗੂ ਹੁੰਦਾ ਵਿਖਾਈ ਨਹੀਂ ਦਿੰਦਾ ਜਿਵੇਂ ਪ੍ਰੀਵਾਰ, ਕਬੀਲਾ ਅਤੇ ਰਾਜ, ਸਰਕਾਰ ਅਤੇ ਕਾਨੂੰਨ, ਨੈਤਿਕਤਾ, ਉੱਚ ਕਲਾ ਅਤੇ ਅਖੀਰ ਵਿਚ ਸਭ ਤੋਂ ਉੱਤਮ ਧਰਮ ਦੇ ਹਰ ਕੇਸ ਵਿਚ ਜੇ ਅਸੀਂ ਹੁਣ ਤੋਂ ਪਿਛਾਂਹ ਵੱਲ ਝਾਤੀ ਮਾਰਦੇ ਹਾਂ ਤਾਂ ਉਹਨਾਂ ਦੇ ਨਿਸ਼ਾਨ ਉਸ ਸਮੇਂ ਤੱਕ ਹੀ ਕਾਇਮ ਰਹਿੰਦੇ ਹਨ ਜਦੋਂ ਤੱਕ ਆਦਮੀ, ਉਹ ਉਦੋਂ ਹੀ ਅਲੋਪ ਹੋ ਜਾਂਦੇ ਹਨ ਜਦੋਂ ਆਦਮੀ ਲੁੱਪਤ ਹੋ ਜਾਂਦਾ ਹੈ।

ਜਦੋਂ ਮਨੁੱਖ ਦੀ ਉਤਪਤੀ ਹੋਈ ਉਸ ਦੀ ਸਭ ਤੋਂ ਪਹਿਲੀ ਜ਼ਰੂਰਤ ਇਹ ਸੀ ਕਿ ਉਹ ਆਪਣੇ ਆਪ ਨੂੰ ਜਿਉਂਦਾ ਕਿਵੇਂ ਰੱਖ ਸਕੇ। ਜਿਉਂਦੇ ਰਹਿਣ ਲਈ ਭੋਜਨ, ਗਰਮੀ ਸਰਦੀ ਤੋਂ ਬਚਾਉ ਅਤੇ ਹੋਰ ਕੁਦਰਤੀ ਆਫਤਾਂ ਤੋਂ ਰੱਖਵਾਲੀ ਆਦਿ। ਇਹਨਾਂ ਕੁਦਰਤੀ ਆਫ਼ਤਾਂ ਅਤੇ ਬਨਸਪਤੀ ਦੀ ਹੋਂਦ ਬਾਰੇ ਸੋਚ ਨੇ ਵੀ ਧਰਮ ਦੀ ਉਤਪਤੀ ਵਿਚ ਹਿੱਸਾ ਪਾਇਆ ਹੋਵੇਗਾ। ਪੁਰਾਣੀਆਂ ਚੀਜ਼ਾਂ ਦਾ ਅਧਿਐਨ ਇਕ ਧਾਰਮਿਕ ਰਸਮ ਬਾਰੇ ਦਸਦਾ ਹੈ ਜਿਸ ਨੂੰ ਸ਼ਿਕਾਰ ਰਸਮ ਕਿਹਾ ਜਾਂਦਾ ਹੈ ਇਸ ਵਿਚ ਆਦਿ ਮਨੁੱਖ ਆਪਣੇ

ਭੋਜਨ ਦੀ ਪ੍ਰਾਪਤੀ ਲਈ ਜਾਨਵਰਾਂ ਨੂੰ ਮਾਰਨ ਲਈ ਜਾਦੂ ਦੀ ਵਰਤੋਂ ਕਰਦਾ ਸੀ। ਬਿਜਲੀ ਦੀ ਗਰਜ ਅਤੇ ਚਮਕ ਪਵਿੱਤਰ ਪਹਾੜ ਅਤੇ ਜਾਨਵਰ ਅਤੇ ਹੋਰ ਅਜਿਹੀਆਂ ਅਵਸਥਾਵਾਂ ਜੋ ਕਿ ਪ੍ਰਾਚੀਨ ਆਦਮੀ ਦੇ ਅਸਮਾਨ ਦੇ ਦੇਵਤਾ ਵਿਚ ਵਿਸ਼ਵਾਸ ਲਈ ਪ੍ਰਤੀਕ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਤਕਨੀਕ ਅਤੇ ਸਭਿਆਚਾਰਕ ਤਬਦੀਲੀਆਂ ਦੇ ਨਾਲ ਨਾਲ ਹਰ ਸਮਾਜ ਵਿਚ ਲੋਕਾਂ ਦੇ ਧਰਮ ਬਾਰੇ ਦ੍ਰਿਸ਼ਟੀਕੋਣ ਵਿਚ ਵੀ ਫ਼ਰਕ ਆਇਆ ਹੈ। ਪਰ ਅਜੋਕੇ ਯੁੱਗ ਵਿਚ ਵੀ ਹਰ ਸਮਾਜ ਵਿਚ ਕੁਝ ਅਜਿਹੇ ਕਬੀਲੇ ਹਨ ਜੋ ਅਜੇ ਵੀ ਅਣਦੇਖੀਆਂ ਸ਼ਕਤੀਆਂ ਜਿਵੇਂ ਮਾਨਾਂ ਰੂਹਾਂ, ਅਤੇ ਦੇਵੀ-ਦੇਵਤਿਆਂ ਵਿਚ ਵਿਸ਼ਵਾਸ ਰੱਖਦੇ ਹਨ। ਕਈ ਕਬੀਲੇ ਟੈਬੂ ਵਿਚ ਵਿਸ਼ਵਾਸ ਰੱਖਦੇ ਸਨ। ਕਬੀਲੇ ਕੁਦਰਤੀ ਬਣਾਉਟੀ ਅਤੇ ਨਿਰਜੀਵ ਚੀਜ਼ਾਂ ਵਿਚ ਕਿਸੇ ਰੂਹ ਦੇ ਪ੍ਰਵੇਸ਼ ਨੂੰ ਮੰਨਣ ਕਰਕੇ ਉਸ ਦੀ ਪੂਜਾ ਕਰਦੇ ਹਨ ਜਿਵੇਂ ਉਤਰੀ ਭਾਰਤ ਦੇ ਬੋਡੋਜ ਕਬੀਲੇ ਦੇ ਲੋਕ ਇਕ ਖਾਸ ਤਲਵਾਰ ਦਾ ਇਸ ਕਰਕੇ ਇਸਤੇਮਾਲ ਕਰਦੇ ਹਨ ਕਿ ਉਸ ਦਾ ਸੰਬੰਧ ਮਹਾਨ ਰਾਜਪੂਤ ਨਾਲ ਰਿਹਾ ਹੈ। ਬਹੁਤ ਸਾਰੇ ਕਬੀਲੇ ਜਿਵੇਂ ਦੱਖਣੀ ਅਮਰੀਕਨ ਭਾਰਤੀਆਂ ਦਾ ਅਜੂਬਵਾ ਕਬੀਲਾ, (ਆਸਟ੍ਰੇਲੀਆ) ਐਬੋਰਿਜਨ ਅਤੇ ਭਾਰਤ ਦੇ ਟੋਡਾ ਕਬੀਲੇ ਟੋਟਮ ਵਿਚ ਵਿਸ਼ਵਾਸ ਰੱਖਦੇ ਹਨ। ਇਸ ਤੋਂ ਇਲਾਵਾ ਇਹਨਾਂ ਲੋਕਾਂ ਦਾ ਜਾਦੂ ਵਿਚ, ਰੂਹਾਂ ਵਿਚ, ਪਿਤਰਾਂ ਦੀ ਪੂਜਾ ਵਿਚ ਵਿਸ਼ਵਾਸ ਹੈ।

ਅਠਾਰਵ੍ਹੀਂ ਸਦੀ ਦੇ ਬਰਤਾਨਵੀਂ ਦਰਸਨਦੇਵਤਾ ਡੇਵਿਦ ਹਿਊਮ ਨੇ ਆਪਣੀ ਪੁਸਤਕ, ""ਨੈਚੂਰਲ ਹਿਸਟਰੀ ਆਫ ਰਿਲੀਜ਼ਨ"" ਵਿਚ ਇਹ ਵਿਚਾਰ ਪੇਸ਼ ਕੀਤਾ ਹੈ ਕਿ ਕੁਦਰਤੀ ਸ਼ਕਤੀਆਂ ਦੇ ਭੈਅ ਨੂੰ ਦੇਵੀ ਦੇਵਤਿਆਂ ਵਿਚ ਪੇਸ਼ ਕੀਤਾ। ਇਸ ਵਿਚਾਰ ਦੇ ਪ੍ਰਸਿੱਧ ਹਾਮੀ ਰੋਮਨ ਦਾਰਸ਼ਨਿਕ ਅਤੇ ਕਵੀ ਲਿਊਕਰੈਟੀਅਸ ਦਾ ਵਿਚਾਰ ਸੀ ਕਿ ਦੇਵੀ ਦੇਵਤਿਆਂ ਵਿਚ ਵਿਸ਼ਵਾਸ ਭਰਮ ਤੇ ਆਧਾਰਤ ਸੀ ਅਤੇ ਉਸ ਦੇ ਡਰ ਤੋਂ ਹੀ ਇਸ ਦੀ ਉਤਪਤੀ ਹੋਈ। ਜਰਮਨ ਅੰਗਰੇਜ਼ ਵਿਦਵਾਨ ਫ੍ਰੈਡਿਕ ਮੈਕਸ ਮੂਲਰ ਅਨੁਸਾਰ, ਧਰਮ ਦਾ ਅਸਾਧਾਰਣ ਅਤੇ ਡਰਾਉਣੇ ਕੁਦਰਤੀ ਪ੍ਰਕਟਨ ਦੀ ਮੌਜੂਦਗੀ ਵਿਚ ਮਨੁੱਖ ਦੇ ਭੈਅ ਵਿਚ ਲੱਭਿਆ ਜਾ ਸਕਦਾ ਹੈ।

*9.5* **ਵੱਖ-ਵੱਖ ਸਮਾਜ ਵਿਗਿਆਨੀਆਂ ਦੇ ਧਰਮ ਬਾਰੇ ਵਿਚਾਰ** : ਵੱਖ ਵੱਖ ਸਮਾਜ ਵਿਗਿਆਨੀਆਂ ਨੇ ਧਰਮ ਨੂੰ ਆਪੋ ਆਪਣੇ ਤਰੀਕੇ ਨਾਲ ਬਿਆਨ ਕੀਤਾ ਹੈ ਇਹਨਾਂ ਵਿਚੋਂ ਕੁਝ ਕੁ ਦੇ ਵਿਚਾਰ ਅਸੀਂ ਇਥੇ ਪੇਸ਼ ਕਰ ਰਹੇ ਹਾਂ :

*9.5.1* **ਐਡਵਰਡ ਬਟਨੈਟ ਟਾਇਲਰ** (*1838-1917*) ਨੇ ਸਭਿਆਚਾਰ ਧਰਮ ਅਤੇ ਜਾਦੂ ਬਾਰੇ ਆਪਣੇ ਵਿਚਾਰ ਆਪਣੀ ਪੁਸਤਕ "ਪ੍ਰਿਮਿਟਿਵ ਕਲਚਰ" (Primitive Culture) ਵਿਚ ਸਪਸ਼ਟ ਕੀਤੇ ਹਨ ਜੋ ਦੋ ਭਾਗਾਂ ਵਿਚ *1871* ਵਿਚ ਪ੍ਰਕਾਸ਼ਿਤ ਹੋਈ। ਟਾਇਲਰ ਨੇ ਜੀਵਵਾਦ ਦਾ ਸਿਧਾਂਤ ਦਿੱਤਾ। ਇਸੇ ਹੀ ਸਿਧਾਂਤ ਨੂੰ ਪਹਿਲਾਂ (*1798-1857*) ਅਗਸਤ ਕੌਂਤ ਨੇ ਪੇਸ਼ ਕੀਤਾ ਅਤੇ ਪਿਛੋਂ ਜਾ ਕੇ ਉਨ੍ਹੀਵੀ ਸਦੀ ਦੇ ਮਾਨਵ-ਵਿਗਿਆਨੀ **ਸਰ ਜੋਨ ਲੁਬੌਕ** ਨੇ ਕੁਝ ਤਬਦੀਲੀ ਕਰਕੇ ਉਸ ਸਿਧਾਂਤ ਦਾ ਵਿਕਾਸ ਕੀਤਾ। ਉਸ ਨੇ ਆਪਣੀ ਪੁਸਤਕ "ਉਰਿਜਨ ਆਫ ਸਿਵਲਾਇਜੇਸ਼ਨ" ਵਿਚ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਆਦਿ ਮਨੁੱਖ ਕੁਦਰਤੀ ਪ੍ਰਕਟਨ ਨੂੰ ਜੀਵਨ ਦਿੰਦਾ ਹੈ ਅਤੇ ਉਸ ਵਿਚ ਮਨੁੱਖੀ ਵਿਅਕਤੀਤਵ ਦੇ ਗੁਣਾਂ ਦਾ ਆਲੇਖ ਕਰਦਾ ਹੈ। ਜਾਂ ਇਨ੍ਹਾਂ ਨੂੰ ਮਨੁੱਖੀ ਸ਼ਖਸੀਅਤਾਂ ਕਲਪਿਤ ਕਰਦਾ ਹੈ ਅਤੇ ਪਿਛੋਂ ਜਾ ਕੇ ਇਹ ਗੈਰ-ਕੁਦਰਤੀ ਸ਼ਕਤੀਆਂ ਬਣ ਗਈਆਂ, ਇਹਨਾਂ ਸ਼ਕਤੀਆਂ ਨਾਲ ਮਨੁੱਖੀ ਸੰਬੰਧਾਂ ਜਿਹੇ ਰਿਸ਼ਤੇ ਸਥਾਪਿਤ ਕੀਤੇ ਜਾਂਦੇ ਸਨ। ਆਦਿ ਮਨੁੱਖ ਨੇ ਆਪਣੇ ਗੁਜਰੇ ਹੋਏ ਵਡੇਰੂਆਂ ਨੂੰ ਵੀ ਬਹੁਤ ਸ਼ਕਤੀਆਂ ਪ੍ਰਦਾਨ ਕੀਤੀਆਂ। ਇਸ ਤਰ੍ਹਾਂ ਦੇ ਅਭਿਆਸ ਨਾਲ ਪ੍ਰੇਤ-ਪੂਜਾ ਦੀ ਪ੍ਰਥਾ ਸ਼ੁਰੂ ਹੋਈ। ਇਸੇ ਵਿਚਾਰ ਨੂੰ ਅੱਗੇ ਤੋਰਦਿਆਂ **ਸਪੈਂਸਰ** ਨੇ ਆਪਣੀ ਪੁਸਤਕ "ਪ੍ਰਿੰਸੀਪਲਜ ਆਫ ਸੋਸ਼ਿਆਲੋਜੀ" (Principles of Sociology) ਵਿਚ ਬਿਆਨ ਕੀਤਾ ਕਿ ਧਰਮ ਦੀ ਉਤਪਤੀ ਮੁੱਖ ਰੂਪ ਵਿਚ ਪ੍ਰੇਤ ਜਿਨ੍ਹਾਂ ਨੂੰ ਅਣਮਨੁੱਖੀ ਸ਼ਕਤੀਆਂ ਦਿੱਤੀਆਂ ਗਈਆਂ ਸਨ, ਉਹ ਸਮਾਜ ਵਿਚ ਮਨੁੱਖ ਦੇ ਕੰਮ-ਕਾਰ ਅਤੇ ਕੁਦਰਤੀ ਸ਼ਕਤੀਆਂ ਨੂੰ ਚਲਾਉਂਦੇ ਹਨ। ਇਸ ਲਈ ਮਨੁੱਖ ਦੁਆਰਾ ਉਨ੍ਹਾਂ ਦਾ ਸਤਿਕਾਰ ਕੀਤਾ ਜਾਂਦਾ ਹੈ।

ਟਾਇਲਰ ਦੇ ਜੀਵਵਾਦ ਸਿਧਾਂਤ ਅਨੁਸਾਰ, ਆਤਮਾਵਾਂ ਵਿਚ ਵਿਸ਼ਵਾਸ ਹੀ ਜੀਵਵਾਦ ਹੈ। ਟਾਇਲਰ ਅਨੁਸਾਰ ਆਤਮਾ ਇਨਸਾਨ ਦੇ ਜੀਵਨ ਦੀ ਇਕ ਵਿਵਸਥਾ (Animating Principle) ਹੈ। ਭਾਵ ਜਿਸ ਦੀ ਹੋਂਦ ਤੋਂ ਬਿਨਾਂ ਸ਼ਰੀਰ ਨਾਸ਼ ਹੋ ਜਾਂਦਾ ਹੈ। ਆਤਮਾ ਦੇ ਜੀਵਨਦਾਇਕ ਵਿਵਸਥਾ ਵਿਚ ਵਿਸ਼ਵਾਸ ਨੇ ਹੀ ਆਦਿ ਮਨੁੱਖ ਨੂੰ ਇਹ ਮੰਨਣ ਲਈ ਮਜ਼ਬੂਰ ਕੀਤਾ ਕਿ ਜਾਨਵਰ ਪੌਦੇ ਅਤੇ ਨਿਰਜੀਵ ਵਸਤਾਂ ਜਿਵੇਂ ਪੱਥਰ ਅਤੇ ਪਹਾੜ ਵਿਚ ਵੀ ਰੂਹ ਦਾ ਵਜੂਦ ਹੈ। ਉਨ੍ਹਾਂ ਵੇਖਿਆ ਕਿ ਜਾਨਵਰ ਅਤੇ ਪੌਦੇ ਆਦਮੀਆਂ ਦੀ ਤਰ੍ਹਾਂ ਜਿਉਂਦੇ ਹਨ ਅਤੇ ਮਰਦੇ ਹਨ ਅਤੇ ਮਨੁੱਖਾਂ ਦੀ ਤਰ੍ਹਾਂ ਸੁਪਨਿਆਂ ਵਿਚ ਵਿਖਾਈ ਦਿੰਦੇ ਹਨ। ਟਾਇਲਰ ਦੇ ਜੀਵਵਾਦ ਦੇ ਸਿਧਾਂਤ ਅਨੁਸਾਰ ਆਦਿ ਮਨੁੱਖ ਨੇ ਪਹਿਲਾਂ ਵਿਸ਼ਵਾਸ ਕਰਨਾ ਸ਼ੁਰੂ ਕੀਤਾ ਕਿ ਉਹ ਇਕ ਨਹੀਂ ਸਗੋਂ ਦੋ ਹੈ ਕਿ ਉਸ ਦੀ ਆਤਮਾ ਹੈ ਜਾਂ ਡਬੱਲ ਹੈ। ਜਦੋਂ ਉਹ ਸੁਪਨੇ ਲੈਂਦਾ ਕਿ ਉਹ ਦੂਰ ਦੂਰ ਯਾਤਰਾ ਕਰ ਚੁੱਕਾ ਹੁੰਦਾ, ਉਹ ਵਿਸ਼ਵਾਸ ਕਰਦਾ ਕਿ ਉਹ ਸੱਚਮੁਚ ਉਥੇ ਸੀ, ਪਰ ਅਸਲ ਵਿਚ ਉਹ ਉਥੇ ਨਹੀਂ ਗਿਆ ਹੁੰਦਾ। ਉਹ ਮੰਨਦਾ ਕਿ ਉਸਦੇ ਦੋ ਵਜੂਦ ਹਨ ਇਕ ਉਸਦਾ ਸਰੀਰ ਜੋ ਜ਼ਮੀਨ

ਤੇ ਹੁੰਦਾ ਹੈ ਜਾਗਦੇ ਸਮੇਂ ਉਹ ਅਜਿਹੀ ਅਵਸਥਾ ਵਿਚ ਹੀ ਪਾਉਂਦਾ ਹੈ। ਦੂਜਾ ਇਸ ਸਮੇਂ ਅਕਾਸ ਵਿਚ ਸਫਰ ਕਰ ਚੁੱਕਾ ਹੁੰਦਾ। ਇਸੇ ਤਰ੍ਹਾਂ ਜੋ ਉਹ ਆਪਣੇ ਸਾਥੀਆਂ ਵਿਚੋਂ ਇਕ ਨਾਲ ਗੱਲਾਂ ਕਰਦਾ ਵਿਖਾਈ ਦਿੰਦਾ ਜਿਸ ਨੂੰ ਉਹ ਜਾਣਦਾ ਸੱਚਮੁਚ ਦੂਰ ਹੈ, ਉਹ ਸਿੱਟਾ ਕੱਢਦਾ ਹੈ ਕਿ ਦੂਜਿਆਂ ਵਿਚ ਵੀ ਦੋ ਆਪੇ ਹੁੰਦੇ ਹਨ। ਅਜਿਹੇ ਅਭਿਆਸਾਂ ਦੀ ਦੁਹਰਾਈ ਨਾਲ ਉਹ ਹੌਲੀ ਹੌਲੀ ਇਸ ਖਿਆਲ ਤੇ ਪਹੁੰਚਦਾ ਕਿ ਸਾਡੇ ਵਿਚੋਂ ਹਰ ਇਕ ਕੋਲ ਡੱਬਲ ਹੈ, ਇਕ ਦੂਜਾ ਆਪਾ। ਇਸ ਸਿਧਾਂਤ ਅਨੁਸਾਰ ਇਹ ਹੇਠਾਂ ਤੋਂ ਉਪਰ ਵਲ ਵਿਕਾਸ ਹੈ, ਅਨੈਤਿਕ ਤੋਂ ਨੈਤਿਕ ਅਤੇ ਰੂਹਵਾਦ ਤੋਂ ਈਸ਼ਵਰਵਾਦ ਵਲ ਅਤੇ ਅਖੀਰ ਵਿਚ ਇਕ ਈਸ਼ਵਰਵਾਦ ਵਲ। ਇਹ ਆਦਮੀ ਦੀ ਬੁੱਧੀ ਦਾ ਵਿਕਾਸ ਹੈ। ਜੀਵਵਾਦ ਤਰਕ ਤੇ ਨਿਰਭਰ ਕਰਦਾ ਹੈ। ਟਾਇਲਰ ਅਨੁਸਾਰ, ਪਹਿਲਾਂ ਲਗਾਤਾਰਤਾ ਦਾ ਸਿਧਾਂਤ ਉਤਪੰਨ ਹੋਇਆ, ਫਿਰ ਸਾਕਾਰ ਰੂਪ ਅਤੇ ਬਾਅਦ ਵਿਚ ਕਬਜ਼ੇ ਦਾ ਸਿਧਾਂਤ। ਲਗਾਤਾਰਤਾ ਦਾ ਸਿਧਾਂਤ ਜ਼ਿੰਦਗੀ ਤੋਂ ਬਾਅਦ ਵਿਚ ਵਿਸ਼ਵਾਸ ਕਰਦਾ ਹੈ। ਸਾਕਾਰ ਰੂਪ ਅਤੇ ਕਬਜ਼ੇ ਦਾ ਸਿਧਾਂਤ ਵਿਸ਼ਵਾਸ ਕਰਦਾ ਹੈ ਕਿ ਆਤਮਾਵਾਂ ਅਤੇ ਰੂਹਾਂ ਦੁਨੀਆਂ ਦੇ ਆਲੇ ਦੁਆਲੇ ਉਡ ਜਾਣ ਲਈ ਆਜ਼ਾਦ ਹਨ। ਇਸ ਅਨੁਸਾਰ ਇਹ ਦੂਸਰੇ ਸਰੀਰਾਂ ਜਾਂ ਵਸਤਾਂ ਵਿਚ ਦਾਖਿਲ ਹੋ ਸਕਦੀਆਂ ਹਨ। ਸਾਕਾਰ ਰੂਪ ਅਤੇ ਕਬਜ਼ੇ ਵਿਚ ਵਿਸ਼ਵਾਸ ਨੇ ਫੈਟਿਸਿਜ਼ਮ ਦੇ ਸਿਧਾਂਤ ਨੂੰ ਜਨਮ ਦਿੱਤਾ।

ਰੂਹਾਂ ਫਿਰ ਉਨੱਤੀ ਕਰਕੇ ਦੇਵਤਿਆਂ ਦੀ ਪਦਵੀ ਹਾਸਿਲ ਕਰਦੀਆਂ ਹਨ। ਇਹ ਬਹੁਦੇਵਵਾਦ ਦੀ ਅਵਸਥਾ ਹੁੰਦੀ ਹੈ। ਜਦੋਂ ਬਹੁਤ ਸਾਰੇ ਅਲੱਗ ਅਲੱਗ ਦੇਵਤਾ ਹੋ ਜਾਂਦੇ ਹਨ, ਉਹਨਾਂ ਨੂੰ ਮਹੱਤਤਾ ਦਾ ਇਕੋ ਜਿਹਾ ਦਰਜਾ ਨਹੀਂ ਦਿੱਤਾ ਜਾ ਸਕਦਾ। ਇਹ ਸ਼ਰੇਣੀ ਵੰਡ ਅਲੋਪ ਹੋ ਜਾਂਦੀ ਹੈ। ਇਕ ਦੇਵਤਾ ਬਣ ਜਾਂਦਾ ਹੈ। ਇਹ ਇਕ ਈਸ਼ਵਰਵਾਦ ਦਾ ਪੜਾਅ ਹੈ।

ਪ੍ਰਸਿੱਧ ਬਰਤਾਨਵੀ ਮਾਨਵ ਵਿਗਿਆਨੀ **ਰਾਬਰਟ ਰੈਨਲਫ਼ ਮੈਰਟ** ਅਨੁਸਾਰ ਅਵਿਅਤਿਕ ਸ਼ਕਤੀ ਦਾ ਵਿਚਾਰ ਆਤਮਾ ਨਾਲੋਂ ਬਹੁਤ ਸਰਲ ਸੰਕਲਪ ਹੈ। ਇਸ ਲਈ ਇਸ ਨੂੰ ਦੂਜੇ ਨਾਲੋਂ ਵਧੇਰੇ ਪ੍ਰਾਚੀਨ ਅਤੇ ਪਹਿਲਾਂ ਦਾ ਮੰਨਣਾ ਚਾਹੀਦਾ ਹੈ। ਇਹ ਅਵਿਤਕਤਿਕ ਸ਼ਕਤੀ ਨੂੰ "ਮਾਨਾ" (Mana) ਕਿਹਾ ਗਿਆ ਹੈ। ਇਹ ਸ਼ਬਦ "ਮਾਨਾ" ਇੰਡੋਨੇਸ਼ੀਅਲ ਸ਼ਬਦ "ਮੈਨੰਗ" ਜਾਂ ਮਲੇਨੇਸ਼ੀਆਈ ਲੋਕਾਂ ਦੇ ਧਰਮ ਦੇ ਦੋ ਅੰਗ ਹਨ। ਜਿਥੋਂ ਤੱਕ ਵਿਸ਼ਵਾਸ ਦਾ ਸੰਬੰਧ ਹੈ, ਉਨ੍ਹਾਂ ਦੀ ਮਾਨਤਾ ਹੈ ਕਿ ਚਾਰੇ ਪਾਸੇ ਕੋਈ ਗੈਬੀ ਸ਼ਕਤੀ ਜੋ ਅਦ੍ਰਿਸ਼ਟ ਖੰਡਾ 'ਚੋਂ ਆਉਂਦੀ ਹੈ, ਪਸਰੀ ਹੋਈ ਹੈ। ਜਿਥੋਂ ਤੱਕ ਉਨ੍ਹਾਂ ਦੀ ਉਪਾਸਨਾ ਦਾ ਸੰਬੰਧ ਹੈ ਉਸ ਦਾ ਪ੍ਰਯੋਗ ਇਹ ਹੈ ਕਿ ਉਸ ਗੈਬੀ ਸ਼ਕਤੀ ਨੂੰ ਆਪਣੇ ਲਾਭ ਹਿੱਤ ਵਰਤਿਆ ਜਾਵੇ। ਧਰਮ ਪੁਰਖ ਦਾ ਜਾਂ ਕਿਸੇ ਐਸੇ ਪੁਰਖ ਦਾ ਜੋ ਕਿਤੇ ਉੱਚੀ ਥਾਂ ਤੇ ਦਰਬਾਰ ਲਗਾ ਕੇ ਬੈਠਦਾ ਹੈ, ਅਜਿਹਾ ਸਿਧਾਂਤ ਉਨ੍ਹਾਂ ਦੋ ਧਰਮਾਂ ਵਿਚ ਬਿਲਕੁਲ ਨਹੀਂ ਹੈ।

ਉਨ੍ਹੀਵੀਂ ਸਦੀ ਦੇ ਮਾਨਵ ਵਿਗਿਆਨੀਆਂ ਨੇ ਜਾਦੂ ਨੂੰ ਪੁਰਾਤਨ ਧਰਮ ਅਤੇ ਧਰਮ ਨੂੰ ਸਭਿਆਚਾਰਕ ਸਮਾਜ ਦਾ ਧਰਮ ਮੰਨਿਆ। ਟਾਇਲਰ ਜਾਦੂ ਨੂੰ Manstrus flarrgo ਕਹਿੰਦਾ ਹੈ। ਫਰੇਜ਼ਰ ਇਸ ਨੂੰ ਸੂਡੋ-ਸਾਇੰਸ ਅਤੇ ਦੁਰਖਾਈਮ ਇਸ ਨੂੰ thoroughly anti-religious ਕਹਿੰਦਾ ਹੈ। ਜਦੋਂ ਕਿ ਲੇਵੀ-ਸਤਰਾਸ ਅਨੁਸਾਰ, ਜਾਦੂ pre-logical mentality ਦੀ ਉਪਜ ਹੈ। ਮੈਕਾਈਵਰ ਤੇ ਪੇਜ ਜਾਦੂ-ਟੂਣੇ ਨੂੰ ਸੂਡੋ ਸਾਇੰਸ (pseudo science) ਉਪਰ ਆਧਾਰਤ ਕਲਾ ਵਜੋਂ ਵੀ ਸਵੀਕਾਰਦੇ ਹਨ। ਮੈਲਨੋਵਸਕੀ ਅਨੁਸਾਰ, ਆਦਮੀ ਕੁਦਰਤੀ ਵਸਤਾਂ ਤੇ ਕਾਬੂ ਨਹੀਂ ਰੱਖ ਸਕਦਾ ਇਸ ਲਈ ਜਾਦੂ ਨਿਯੰਤਰਣ ਦਾ ਏਜੰਟ ਸੀ। ਜਾਦੂ ਅਤੇ ਧਰਮ ਦੋਵੇਂ ਮਿਥਿਹਾਸਕ ਰਸਮਾਂ ਤੇ ਆਧਾਰਿਤ ਸਨ ਅਤੇ ਰੋਕਾਂ ਦੁਆਰਾ ਘਿਰੇ ਹੋਏ ਸਨ। ਫ੍ਰੇਜ਼ਰ, ਧਰਮ ਦਾ ਉਤਭਵ ਜਾਦੂ ਵਿਚ ਲੱਭਦਾ ਹੈ। ਆਦਿ ਕਾਲੀਨ ਮਨੁੱਖੀ ਅਤੇ ਪ੍ਰਾਕ੍ਰਿਤਕ ਪਕਟਨ ਵਿਚ ਕਾਰਣ ਤੇ ਕਾਰਜ ਦੇ ਕ੍ਰਮ ਦਾ ਗਿਆਤਾ ਸੀ ਉਨ੍ਹਾਂ ਨੂੰ ਜਾਦੂ ਟੂਣਿਆਂ ਨਾਲ ਵਸ ਵਿਚ ਕਰਨ ਦਾ ਯਤਨ ਕਰਦਾ ਸੀ। ਫ੍ਰੇਜ਼ਰ ਨੇ ਕਿਹਾ ਕਿ ਜਾਦੂ ਦੁਆਰਾ ਲੋੜੀਂਦੇ ਸਿੱਟੇ ਪ੍ਰਾਪਤ ਕਰਨ ਦੀ ਅਸਫਲਤਾ ਨੇ ਆਦਿ ਕਾਲਿਨ ਵਿਚ ਮਨੁੱਖ ਵਿਚ ਵਿਅਕਤੀ ਕਿਰਤ, ਅਪ੍ਰਕ੍ਰਿਤਕ ਸ਼ਕਤੀਆਂ ਦੀ ਦਖਲ-ਅੰਦਾਜ਼ੀ ਦੀ ਲੋੜ ਨੂੰ ਮਹਿਸੂਸ ਕੀਤਾ।

*9.5.2* **ਦੁਰਖੀਮ** ਅਨੁਸਾਰ ਧਰਮ ਇਕ ਸਮਾਜਿਕ ਵਰਤਾਰਾ ਹੈ। ਦੁਰਖੀਮ ਨੇ ਇਹ ਧਾਰਨਾ ਆਸਟਰੇਲੀਆ ਦੇ ਆਦਿ ਵਾਸੀ (aborigines) ਦੇ ਧਰਮ ਦਾ ਡੂੰਘਾ ਅਧਿਐਨ ਕਰਨ ਮਗਰੋਂ ਬਣਾਈ। ਉਸ ਨੇ ਆਪਣੀ ਪੁਸਤਕ "ਐਲੀਮੈਂਟਰੀ ਫੋਰਮਜ਼ ਆਫ ਦੀ ਰਿਲੀਜੀਅਸ ਲਾਈਫ਼" (Elementary Forms of Religious Life) ਜੋ ਕਿ *1912* ਵਿਚ ਪ੍ਰਕਾਸ਼ਿਤ ਹੋਈ, ਵਿਚ ਧਰਮ ਦੀ ਸਮਾਜ ਵਿਚ ਕਾਰਜਾਤਮਿਕ ਭੂਮਿਕਾ ਬਾਰੇ ਵਰਣਨ ਕੀਤਾ। ਉਸ ਨੇ ਆਪਣੇ ਕੰਮ "ਡਿਵੀਜ਼ਨ ਆਫ ਲੇਬਰ" ਵਿਚ ਦੱਸ ਦਿੱਤਾ ਸੀ ਕਿ ਕੋਈ ਵੀ ਵਿਸ਼ਵਾਸ ਜੋ ਵਿਵੇਕ ਮਜੂਮਈ (collective conscience) ਦਾ ਹਿੱਸਾ ਬਣਦਾ ਹੈ ਉਹ ਧਾਰਮਿਕ ਚਰਿੱਤਰ ਧਾਰਨ ਕਰਨ ਵੱਲ ਰੁਚਿਤ ਹੁੰਦਾ ਹੈ। ਉਸ ਨੇ ਆਸਟਰੇਲੀਆ ਦੇ ਅਰੁਨਤਾ (Arunta) ਕਬੀਲੇ ਦੀ ਆਪ ਬਹੁਤ ਹੀ ਡੂੰਘੀ ਖੋਜ ਕੀਤੀ ਅਤੇ ਉਸਨੇ ਵੇਖਿਆ ਕਿ ਉਹ ਸਮਾਜਿਕ ਜਥੇਬੰਦੀ ਦੇ ਮੁੱਢਲੇ ਰੂਪ ਦੀ ਪ੍ਰਤੀਨਿਧਤਾ ਕਰਦੇ ਹਨ। ਉਹਨਾਂ

ਦਾ ਟੋਟਮ ਵਿਚ ਵਿਸ਼ਵਾਸ ਹੀ ਧਰਮ ਦਾ ਮੁੱਢਲਾ ਰੂਪ ਹੈ। ਦੁਰਖੀਮ ਅਨੁਸਾਰ, ਧਰਮ ਸਮਾਜ ਦਾ ਖੁਦ ਸਾਧਨ ਹੈ, ਵਿਚ ਪ੍ਰਮਾਤਮਾ ਨਿਜੀ ਕ੍ਰਿਤ ਸਮਾਜ ਹੀ ਹੈ ਜਿਸ ਦਾ ਉਦੇਸ਼ ਸਮਾਜ ਵਿਚ ਸਥਿਰਤਾ ਲਿਆਉਣ ਤੇ ਸਮਾਜ ਨੂੰ ਮਜ਼ਬੂਤ ਕਰਨਾ ਹੈ। ਇਸ ਸਿਧਾਂਤ ਅਨੁਸਾਰ ਸਾਰੇ ਸਮਾਜ ਸੰਸਾਰ ਨੂੰ ਦੋ ਹਿੱਸਿਆਂ ਵਿਚ ਵੰਡਦੇ ਹਨ। ਪਵਿੱਤਰ ਅਤੇ ਅਪਵਿੱਤਰ (sacred and profane) ਸਮਾਜਿਕ ਤੌਰ ਤੇ ਰਵਾਇਤੀ ਕਦਰਾਂ-ਕੀਮਤਾਂ ਤੇ ਰੀਤੀ-ਰਿਵਾਜਾਂ ਦਾ ਮੇਲ ਹੀ ਧਰਮ ਹੈ। ਧਾਰਮਿਕ ਵਿਸ਼ਵਾਸ, ਅਮਲ ਅਤੇ ਸਮੂਹ ਧਾਰਮਿਕ ਅਨੁਭਵ ਇਸ ਦਾ ਸੋਮਾ ਹਨ। ਰੱਬ ਤਾਂ ਸਿਰਫ ਪ੍ਰਤੀਕਾਤਮਿਕ ਪ੍ਰਗਟਾਵਾ ਹੈ। ਧਰਮ ਰੱਬ ਨਹੀਂ ਹੁੰਦਾ ਬਲਕਿ ਸਮਾਜ ਹੁੰਦਾ ਹੈ। ਜਦੋਂ ਪਵਿੱਤਰ ਚੀਜ਼ਾਂ ਨੂੰ ਅਤੇ ਧਾਰਮਿਕ ਵਿਸ਼ਵਾਸਾਂ ਨੂੰ ਕਿਸੇ ਸਮੁਦਾਇ ਵਿਚ ਨੈਤਿਕ ਆਧਾਰਾਂ ਤੇ ਜੋੜਦੇ ਹਨ ਤਾਂ ਚਰਚ ਦੀ ਉਤਪਤੀ ਹੁੰਦੀ ਹੈ। ਧਾਰਮਿਕ ਚੀਜ਼ਾਂ ਦੇਵੀ ਦੇਵਤੇ ਜਾਂ ਰੂਹਾਂ, ਚਟਾਨਾਂ, ਦਰੱਖਤ ਪੱਥਰ, ਲਕੜੀ ਦਾ ਟੁਕੜਾ ਹੀ ਨਹੀਂ ਕੋਈ ਵੀ ਚੀਜ਼ ਪਵਿੱਤਰ ਹੋ ਸਕਦੀ ਹੈ। ਪਵਿੱਤਰ ਚੀਜ਼ਾਂ ਸੰਕੇਤ ਹੁੰਦੀਆਂ ਹਨ, ਉਹ ਕਿਸੇ ਚੀਜ਼ ਦੀ ਪ੍ਰਤੀਨਿਧਤਾ ਕਰਦੀਆਂ ਹਨ। ਜੇ ਅਸੀਂ ਧਰਮ ਦੀ ਭੂਮਿਕਾ ਨੂੰ ਸਮਝਣਾ ਚਾਹੁੰਦੇ ਹਾਂ ਤਾਂ ਸਾਨੂੰ ਉਹਨਾਂ ਪਵਿੱਤਰ ਸੰਕੇਤਾਂ ਅਤੇ ਜਿਸ ਚੀਜ਼ ਦੀ ਉਹ ਪ੍ਰਤੀਨਿਧਤਾ ਕਰਦੇ ਹਨ, ਵਿਚਕਾਰ ਸੰਬੰਧ ਜ਼ਰੂਰ ਸਥਾਪਤ ਕਰਨਾ ਚਾਹੀਦਾ ਹੈ। ਪਵਿੱਤਰ ਚੀਜ਼ਾਂ ਦਾ ਸਤਿਕਾਰ ਕੀਤਾ ਜਾਂਦਾ ਹੈ। ਅਪਵਿੱਤਰ ਤੋਂ ਅਲੱਗ ਰੱਖਿਆ ਜਾਂਦਾ ਹੈ। ਇਹਨਾਂ ਵੱਲ ਅਨੇਕਾਂ ਪ੍ਰਕਾਰ ਦੀਆਂ ਮਨਾਹੀਆਂ ਲਗਾਈਆਂ ਜਾਂਦੀਆਂ ਹਨ। ਅਪਵਿੱਤਰ ਉਹ ਅਭਿਆਸ ਅਤੇ ਚੀਜ਼ਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਸਾਡੇ ਹਰ ਰੋਜ਼ ਦੇ ਵਿਵਹਾਰ ਵਿਚ ਲਿਆਇਆ ਜਾਂਦਾ ਹੈ। ਇਹਨਾਂ ਨੂੰ ਪਵਿੱਤਰ ਤੋਂ ਅਲੱਗ ਰੱਖਿਆ ਜਾਂਦਾ ਹੈ। ਪਰ ਇਸਦੇ ਬਾਵਜੂਦ ਪਵਿੱਤਰ ਅਤੇ ਅਪਵਿੱਤਰ ਵਿਚ ਬਹੁਤ ਨੇੜੇ ਦਾ ਸੰਬੰਧ ਹੁੰਦਾ ਹੈ।

*9.5.3* **ਧਰਮ ਦੇ ਕਿਰਿਆਤਮਕ ਸਿਧਾਂਤ ਨੂੰ ਮੰਨਣ ਵਾਲੇ ਵਿਦਵਾਨਾਂ (ਵਿਲੀਅਮ ਰਾਬਰਟਸਨ ਸਮਿਥ, ਐਮਾਈਲ ਦੁਰਖਾਈਮ, ਏ.ਆਰ. ਰੈਡਕਲਿਫ ਬਰਾਊਨ, ਮੈਕਸ ਵੈਬਰ ਅਤੇ ਬਰਾਨਿਸਲਾ ਮੈਲਿਨਓਸਕੀ)** ਅਨੁਸਾਰ, ਸਮਾਜ ਦੀਆਂ ਲੋੜਾਂ ਵਿਚ ਵਿਚਾਰਾਂ ਤੇ ਅਨੁਭਵਾਂ ਦਾ ਸੰਜੋਗ ਜਾਂ ਸੰਤੁਲਤਾ ਦੀ ਲੋੜ ਪਰਮੁੱਖ ਹੈ। ਸਮਾਜ ਆਪਣੀ ਹੋਂਦ ਲਈ ਆਪਣੇ ਮੈਂਬਰਾਂ ਦੇ ਮਨਾਂ ਵਿਚ ਕੁਝ ਭਾਵਨਾਵਾਂ ਤੇ ਆਧਾਰਤ ਹੁੰਦਾ ਹੈ, ਜਿਹਨਾਂ ਲਈ ਮਨੁੱਖ ਦਾ ਵਤੀਰਾ ਸਮਾਜ ਦੀਆਂ ਲੋੜਾਂ ਅਨੁਸਾਰ ਨਿਯਮਤ ਕੀਤਾ ਜਾਂਦਾ ਹੈ। ਲੋਕਾਂ ਦੀਆਂ ਭਾਵਨਾਵਾਂ ਬਾਰੇ ਦਲੀਲਾਂ ਨੂੰ ਵਿਗਿਆਨ ਵਰਨਣ ਨਹੀਂ ਸਮਝਿਆ ਜਾ ਸਕਦਾ। ਸਗੋਂ ਕੇਵਲ ਯੁਕਤੀਕਰਨ ਹੀ ਕਿਹਾ ਜਾ ਸਕਦਾ ਹੈ। ਸਮਾਜਿਕ ਜੋੜ ਪੈਦਾ ਕਰਨ ਵਿਚ ਜਜ਼ਬਾਤਾਂ ਦੀ ਯੋਗਤਾ ਇਹਨਾਂ ਨੂੰ ਸਮਾਜ ਦੇ ਮੈਂਬਰਾਂ ਦੁਆਰਾ ਸਮਝੇ ਜਾਣ ਤੇ ਨਿਰਭਰ ਨਹੀਂ ਹੁੰਦਾ। ਅਸਲ ਵਿਚ ਜਜ਼ਬਾਤ ਹੋਰ ਪ੍ਰਬਲ ਸਿੱਧ ਹੋਣਗੇ ਜੇ ਜਨ-ਸਾਧਾਰਨ ਉਹਨਾਂ ਨੂੰ ਵਿਗਿਆਨਕ ਰੂਪ ਵਿਚ ਨਾ ਸਮਝਦੇ ਹੋਣ। ਧਰਮ ਦੀ ਕਿਰਿਆ ਇਹ ਹੈ ਕਿ ਇਹ ਭਾਵਨਾਵਾਂ ਨੂੰ ਠੀਕ ਸਿੱਧ ਕਰਦਾ ਹੈ, ਤੇ ਉਹਨਾਂ ਦੀ ਸਹਾਇਤਾ ਕਰਦਾ ਹੈ, ਤੇ ਇਹਨਾਂ ਦੀ ਯੁਕਤੀਕਰਨ ਕਰਕੇ ਸਮਾਜ ਨੂੰ ਏਕਾ ਬਖਸ਼ਦਾ ਹੈ। ਕਈ ਵਿਦਵਾਨ ਇਹ ਮੰਨਦੇ ਹਨ ਕਿ ਧਰਮ ਸਮਾਜ ਦਾ ਇਕ ਹਿੱਸਾ ਹੈ। ਇਹ ਜੁਟ ਦੀ ਸਾਂਝੀ ਚੀਜ਼ ਹੈ। ਇਸ ਤੇ ਵਿਸ਼ਵਾਸ ਤੇ ਅਭਿਆਰ ਹਰ ਵਿਅਕਤੀ ਦੁਆਰਾ ਜੁੱਟ ਦੇ ਮੈਂਬਰ ਦੇ ਰੂਪ ਵਿਚ ਪ੍ਰਾਪਤ ਕੀਤੇ ਜਾਂਦੇ ਹਨ। ਲੋਕਾਂ ਦੇ ਰੱਬ ਨਾਲ ਸੰਬੰਧ ਤੇ ਆਪੋ ਵਿਚ ਸੰਬੰਧਾਂ ਦੇ ਸਮਾਨਅੰਤਰ ਹੁੰਦੇ ਹਨ। ਰੱਬ ਦੀ ਪੂਜਾ ਇਕ ਜਨਤਕ ਮਸਲਾ ਹੈ, ਸਮੁਦਾ ਇਸ ਦੀ ਮਦਦ ਕਰਦਾ ਹੈ ਤੇ ਇਹ ਸਮੁਦਾਇਕ ਕੰਮਾਂ ਲਈ ਹੀ ਕੀਤੀ ਜਾਂਦੀ ਹੈ। ਸਮੂਹਿਕ ਸੰਸਕਾਰਾਂ ਰਾਹੀਂ ਸਾਂਝੇ ਵਿਸ਼ਵਾਸ ਦਾ ਪ੍ਰਗਟਾਵਾ ਵਿਅਕਤੀ ਦੀ ਜੁੱਟ ਦੇ ਮਨੋਰਥਾਂ ਲਈ ਭਗਤੀ ਵਧਾਉਂਦਾ ਪ੍ਰਤੀਤ ਹੁੰਦਾ ਹੈ। ਇਹ ਨਿਜੀ ਹਿੱਤਾਂ ਤੋਂ ਉੱਪਰ ਉਠਕੇ, ਉਸ ਸਮੂਹ ਦੇ ਮਨੋਰਥ, ਪਰਮਾਪਾਂ ਦੀ ਪਾਲਣਾ ਕਰਨ ਦਾ ਇਰਾਦਾ ਪੱਕਾ ਕਰਦਾ ਹੈ। ਇਹ ਉਸਦੇ ਸਾਥੀਆਂ ਨਾਲ ਉਸਦੀ ਪਛਾਣ ਲਈ ਉਪਰਾਲਾ ਕਰਦਾ ਹੈ, ਤੇ ਹੋਰ ਕਬੀਲਿਆਂ ਸਮੁਦਾਵਾਂ ਜਾਂ ਕੌਮਾਂ ਨਾਲੋਂ ਉਸਦਾ ਵਖਰੇਵਾਂ ਵਧਾਉਂਦਾ ਹੈ।

### *9.6* ਧਰਮ ਦੇ ਕੰਮ :

ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਵਿਦਿਅਕਾਂ ਦੇ ਫੈਲਾਅ, ਵਿਗਿਆਨ ਅਤੇ ਤਕਨੀਕ ਵਿੱਚ ਤਰੱਕੀ, ਵਿਅਕਤੀਗਤ ਅਜ਼ਾਦੀ, ਸ਼ਹਿਰੀਕਰਨ, ਉਦਯੋਗੀਕਰਨ ਅਤੇ ਹੋਰ ਤਬਦੀਲੀਆਂ ਨਾਲ ਆਦਮੀ ਦਾ ਧਰਮ ਪ੍ਰਤਿ ਨਜ਼ਰੀਆ ਕਾਫੀ ਬਦਲ ਗਿਆ ਹੈ। ਬੇਸ਼ਕ ਧਾਰਮਿਕ ਕੱਟੜਤਾ ਦੀਆਂ ਲਹਿਰਾਂ ਅਜੇ ਵੀ ਸਮਾਜ ਵਿਚ ਮੌਜੂਦ ਹਨ, ਪਰ ਮੋਟੇ ਰੂਪ ਵਿਚ ਚਰਚ ਨੇ ਵੀ ਆਪਣੀ ਕੱਟੜਤਾ ਵਾਲਾ ਰਵੱਈਆ ਕਾਫੀ ਢਿਲਾ ਕਰ ਦਿੱਤਾ ਹੈ। ਧਰਮ ਦੀ ਭੂਮਿਕਾ ਅਤੇ ਰੂਪ-ਰੇਖਾ ਦੀ ਬਦਲੀ ਨਾਲ ਇਸਦੇ ਕੰਮਾਂ ਵਿਚ ਵੀ ਆਵੱਸ਼ ਤਬਦੀਲੀਆਂ ਆਈਆਂ ਹਨ। ਇਥੇ ਅਸੀਂ ਧਰਮ ਦੇ ਕੰਮਾਂ ਬਾਰੇ ਵਿਸਥਾਰ ਵਿਚ ਚਰਚਾ ਕਰਾਂਗੇ, ਜੋ ਹੇਠ ਲਿਖੇ ਹਨ :

#### *9.6.1* ਏਕੀਕਰਣ :

ਜੇ ਅਸੀਂ ਸਮਾਜ ਨੂੰ ਇਕੱਠਾ ਰੱਖਣਾ ਚਾਹੁੰਦੇ ਹਾਂ ਤਾਂ ਇਸ ਦੀਆਂ ਸਮਾਜਿਕ ਕਦਰਾਂ ਕੀਮਤਾਂ ਐਸੀਆਂ ਸਾਂਝੀਆਂ ਹੋਣ

ਜਿਨ੍ਹਾਂ ਨੂੰ ਸਭ ਮੰਨਣ ਅਤੇ ਜਿਨ੍ਹਾਂ ਨਾਲ ਸਭ ਬੱਝੇ ਮਹਿਸੂਸ ਕਰਨ। ਇਹ ਸਾਂਝੀਆਂ ਕਦਰਾਂ ਕੀਮਤਾਂ ਧਰਮ ਦੀ ਹੀ ਪੈਦਾਵਾਰ ਹੁੰਦੀਆਂ ਹਨ। ਜਿਵੇਂ ਭਾਰਤੀ ਸਮਾਜ ਵਿਚ ਇਹ ਸਮਾਜਿਕ ਕੀਮਤ ਹੈ ਕਿ ਪਤੀ ਪ੍ਰਮੇਸ਼ਵਰ ਹੁੰਦਾ ਹੈ, ਪਤਨੀ ਨੂੰ ਕੋਈ ਐਸਾ ਮਾੜਾ ਕੰਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਉਸਦਾ ਪਤੀ ਨਾਰਾਜ਼ ਹੋ ਜਾਵੇ। ਉਹ ਆਪਣੇ ਪਤੀ ਦੀ ਖੁਸ਼ੀ ਲਈ ਕੰਮ ਕਰਦੀ ਹੈ। ਇਸ ਕਰਕੇ ਹੀ ਭਾਰਤੀ ਸਮਾਜ ਵਿਚ ਤਲਾਕਾਂ ਦੀ ਦਰ ਬਹੁਤ ਹੀ ਘੱਟ ਹੈ ਕਿਉਂਕਿ ਜੇ ਪਤਨੀ ਵੀ ਆਪਣੇ ਆਪ ਨੂੰ ਪਤੀ ਦੇ ਬਰਾਬਰ ਸਮਝੇ ਤਾਂ ਉਹ ਬਰਾਬਰ ਦੀ ਆਜ਼ਾਦੀ, ਬਰਾਬਰ ਦੇ ਹੱਕਾਂ ਦੀ ਮੰਗ ਕਰੇਗੀ ਜਿਸ ਨਾਲ ਪਰਿਵਾਰਕ ਤਣਾਉ ਵਧੇਗਾ ਜੋ ਅਗੋਂ ਹੋਰ ਸਮੱਸਿਆਵਾਂ ਲਈ ਜ਼ਿੰਮੇਵਾਰ ਹੁੰਦਾ ਹੈ। ਪੱਛਮੀ ਦੇਸ਼ਾਂ ਵਿਚ ਇਹ ਕੀਮਤ ਆਪਣਾ ਪ੍ਰਭਾਵ ਗਵਾ ਚੁੱਕੀ ਹੈ। ਬੇਸ਼ਕ ਭਾਰਤ ਵਿਚ ਵੀ ਸਮਾਜਿਕ ਤਬਦੀਲੀ ਕਰਕੇ ਔਰਤ ਦੀ ਆਜ਼ਾਦੀ ਵਿਚ ਕਾਫੀ ਵਾਧਾ ਹੋਇਆ ਹੈ ਜਿਸਦਾ ਸਿੱਟਾ ਪਰਿਵਾਰਕ ਝਗੜੇ ਵੱਧ ਰਹੇ ਹਨ। ਇਸ ਸੰਦਰਭ ਵਿਚ ਇਸ ਦੇ ਨਾਂਹ ਪੱਖੀ ਵਤੀਰਾ ਵੀ ਹੈ ਕਿ ਔਰਤ ਹਮੇਸ਼ਾ ਆਦਮੀ ਦੀ ਗੁਲਾਮ ਹੀ ਬਣੀ ਰਹੀ ਅਤੇ ਆਦਮੀ ਜੋ ਜੀ ਆਵੇ ਉਸ ਉਪਰ ਜ਼ੁਲਮ ਢਾਹੁੰਦਾ ਰਹੇ। ਇਸ ਤੋਂ ਇਲਾਵਾ ਬੱਚਿਆਂ ਨੂੰ ਆਪਣੇ ਮਾਤਾ-ਪਿਤਾ ਦੀ ਆਗਿਆ ਦਾ ਪਾਲਣ ਕਰਨਾ ਚਾਹੀਦਾ ਹੈ। ਸਾਰੇ ਪਰਿਵਾਰਾਂ ਵਿੱਚ ਜਨਮ ਮਰਨ, ਖੁਸ਼ੀ ਗਮੀ ਵੇਲੇ ਧਾਰਮਿਕ ਰਸਮਾਂ ਸੰਪੂਰਨ ਕੀਤੀਆਂ ਜਾਂਦੀਆਂ ਹਨ ਜੋ ਪਰਿਵਾਰ ਨੂੰ ਇਕੱਠਾ ਰੱਖਦੀਆਂ ਹਨ।

ਸਾਰੇ ਧਰਮਾਂ ਦਾ ਇਹ ਪ੍ਰਮੁੱਖ ਸੰਦੇਸ਼ ਹੈ ਕਿ ਸਾਡਾ ਪ੍ਰਮਾਤਮਾ ਇੱਕ ਹੈ ਅਸੀਂ ਸਾਰੇ ਉਸਦੇ ਬੱਚੇ ਹਾਂ। ਜੇ ਸਾਡਾ ਪਿਤਾ ਇਕ ਹੈ ਤਾਂ ਅਸੀਂ ਸਾਰੇ ਭਰਾ ਭਰਾ ਹਾਂ। ਜਿਵੇਂ ਗੁਰਬਾਣੀ ਵਿਚ ਆਉਂਦਾ ਹੈ :

"ਏਕ ਪਿਤਾ ਏਕਸ ਕੇ ਹਮ ਬਾਰਕ"

"ਅਵਲ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ

ਏਕ ਨੂਰ ਤੇ ਸੱਭ ਜੱਗ ਉਪਜਿਆ ਕੌਣ ਭਲੇ ਕੌਣ ਮੰਦੇ।"

ਸੱਭ ਵਿਚ ਉਸ ਪ੍ਰਮਾਤਮਾ ਦਾ ਨੂਰ ਹੈ। ਸਾਡਾ ਸਭ ਦਾ ਸਰੋਤ ਉਹ ਪ੍ਰਮਾਤਮਾ ਹੈ। ਫਿਰ ਅਸੀਂ ਮੰਦਾ ਜਾਂ ਚੰਗਾ ਕਿਸਨੂੰ ਕਹੀਏ। ਜੇ ਅਜਿਹੀ ਭਾਵਨਾ ਸਮਾਜ ਵਿਚ ਘਰ ਕਰ ਜਾਵੇ ਤਾਂ ਸਮਾਜ ਵਿਚੋਂ ਸਭ ਲੜਾਈ, ਝਗੜੇ, ਤਣਾਉ ਖਲਾਅ ਖ਼ਤਮ ਹੋ ਸਕਦੇ ਹਨ। ਅਸੀਂ ਆਪਣੇ ਆਪ ਨੂੰ ਅਲੱਗ ਅਲੱਗ ਮਜ਼ਬਾਂ, ਜਾਤਾਂ, ਧਰਮਾਂ, ਨਸਲਾਂ, ਵਰਗਾਂ, ਇਲਾਕਿਆਂ ਅਤੇ ਵੱਖਰੇਵਿਆਂ ਵਿਚ ਵੰਡੀ ਫਿਰਦੇ ਹਾਂ। ਧਰਮ ਦਾ ਇਹ ਸਰਵ ਸਾਂਝਾ ਉਪਦੇਸ਼ ਸਾਨੂੰ ਇਕ ਦੂਜੇ ਦੇ ਨੇੜੇ ਲਿਆਉਂਦਾ ਹੈ। ਇਹ ਸੰਦੇਸ਼ ਸਾਰੇ ਸੰਸਾਰ ਨੂੰ ਇਕ ਪਰਿਵਾਰ ਵਿਚ ਬੰਨ੍ਹਣਾ ਚਾਹੁੰਦਾ ਹੈ। ਜੇ ਅਜਿਹਾ ਹੋ ਜਾਵੇ ਤਾਂ ਸਮਾਜਕ ਏਕਤਾ ਦੇ ਨਾਲ ਨਾਲ ਆਰਥਿਕ ਤਰੱਕੀ ਵੀ ਸਿਖਰਾਂ ਛੂਹ ਸਕਦੀ ਹੈ ਕਿਉਂਕਿ ਉਦੋਂ ਆਰਥਿਕ ਅਤੇ ਸਮਾਜਕ ਪਾੜੇ ਖਤਮ ਹੋ ਸਕਦੇ ਹਨ। ਇਸੇ ਤਰ੍ਹਾਂ ਜੂਡੇਇਜ਼ਮ, ਇਸਾਈਮਤ, ਸਿੱਖ ਧਰਮ ਅਤੇ ਹੋਰ ਧਰਮਾਂ ਦੇ ਜੋ ਧਾਰਮਿਕ ਆਦੇਸ਼ ਹਨ ਉਹ ਸਮਾਜ ਵਿੱਚ ਨੈਤਿਕ, ਧਾਰਮਿਕ ਕੀਮਤਾਂ ਅਤੇ ਪ੍ਰਤਿਮਾਨਾਂ ਨੂੰ ਵਿਚਰਨ ਵਿਚ ਭੂਮਿਕਾ ਨਿਭਾਉਂਦੇ ਹਨ ਜਿਵੇਂ ਕਿਸੇ ਦੀ ਕੋਈ ਚੀਜ਼ ਨਾ ਚੁਰਾਉਣਾ ਜਾਂ ਚੋਰੀ ਕਰਨਾ ਪਾਪ ਹੈ। ਇਹ ਇੱਕ ਨੈਤਿਕ ਨੇਮ ਵੀ ਹੈ। ਇਸ ਦੇ ਨਾਲ ਨਾਲ ਸਮਾਜਕ ਪ੍ਰਤਿਮਾਨ ਵੀ ਹੈ ਕਿ ਦੂਸਰਿਆਂ ਦੇ ਹੱਕ ਨੂੰ ਖੋਹਣਾ ਨਹੀਂ। ਭਾਵ ਦੂਸਰਿਆਂ ਦੇ ਹੱਕ ਦਾ ਆਦਰ-ਮਾਨ ਕਰਨਾ ਹੈ ਅਤੇ ਉਨ੍ਹਾਂ ਦੇ ਹੱਕ ਨੂੰ ਸਵੀਕਾਰਨਾ ਹੈ। ਝੂਠ ਨਾ ਬੋਲਣਾ, ਵੰਡ ਕੇ ਖਾਣਾ ਜੋ ਸਮਾਜ ਵਿਚ ਸਾਂਝੀ ਭਾਈਵਾਲਤਾ, ਏਕੇ ਤੇ ਸਮਾਨਤਾ ਦੀ ਗੱਲ ਕਰਦੇ ਹਨ। ਜ਼ੁਲਮ ਨਾ ਕਰਨਾ ਤੇ ਜ਼ੁਲਮ ਦਾ ਸਹਿਣਾ ਵੀ ਸਮਾਜ ਵਿਚ ਸ਼ਾਂਤੀ, ਸਹਿਨਸ਼ੀਲਤਾ ਤੇ ਬਰਾਬਰੀ ਲਿਆਉਣ ਵਿਚ ਸਹਾਈ ਹੁੰਦੇ ਹਨ।

ਜਪਾਨ ਦੇ ਪੇਂਡੂ ਖੇਤਰ ਵਿੱਚ ਧਰਮ ਨਾਲ ਸੰਬੰਧਤ ਕੁਝ ਅਜਿਹੇ ਅਭਿਆਸ ਹਨ ਜੋ ਸਮਾਜ ਨੂੰ ਇਕੱਠਾ ਰੱਖਣ ਵਿੱਚ ਸਹਾਈ ਹੁੰਦੇ ਹਨ ਜਿਵੇਂ -

(ੳ) ਖੇਤੀਬਾੜੀ ਅਤੇ ਹੋਰ ਦੇਵੀ ਦੇਵਤੇ (delities) ਨਾਲ ਸੰਬੰਧਤ ਮੌਸਮੀ (seasonal) ਮੇਲਿਆਂ ਦੀ ਲੜੀ ਜੋ ਗਵਾਂਢਪੁਣੇ ਦੇ ਆਧਾਰ ਤੇ ਮਨਾਏ ਜਾਂਦੇ ਹਨ।

(ਅ) ਪਿੱਤਰਾਂ ਦੀ ਪੂਜਾ ਜੋ ਸ਼ਾਕਾਹਾਰੀ ਦੇ ਆਧਾਰ ਤੇ ਕੀਤੀ ਜਾਂਦੀ ਹੈ।

ਉਹਨਾਂ ਦੀ ਧਾਰਮਿਕ ਜ਼ਿੰਦਗੀ ਦੇ ਇਹ ਦੋ ਪੱਖਾਂ ਦੀ ਮਹਤੱਤਾ ਇਸ ਤਰ੍ਹਾਂ ਹੈ ਕਿ ਸਮਾਜ ਵਿਚ ਸਮਾਜਿਕ ਕੀਮਤਾਂ ਦੀ ਵਸਤਾਂ ਜਿਵੇਂ ਚਾਵਲ, ਰੇਸ਼ਮ, ਹਵਾ, ਪਾਣੀ ਅਤੇ ਮਨੁੱਖੀ ਜ਼ਿੰਦਗੀ ਆਦਿ ਨੂੰ ਧਾਰਮਿਕ ਰਸਮਾਂ ਦੀ ਪ੍ਰਵਾਨਗੀ ਦਿੰਦੇ ਹਨ, ਇਹ ਸਮੂੰਹ ਖਾਸ ਕਰਕੇ ਲੋਕਲ ਸਮੂਹ ਅਤੇ ਸ਼ਾਕਾਹਾਰੀ ਸਮੂੰਹਾਂ ਵਿੱਚ ਸਮਾਜਿਕ ਰਿਸ਼ਤਿਆਂ ਨੂੰ ਮਜ਼ਬੂਤ ਕਰਦੇ ਹਨ, ਇਹ ਵਿਅਕਤੀ ਨੂੰ ਸਮੂੰਹ ਉਪਰ

ਨਿਰਭਰਤਾ ਰੱਖਣ ਅਤੇ ਸਮੂੰਹ ਪ੍ਰਤਿ ਆਪਣੇ ਫਰਜਾਂ ਦੀ ਪਾਲਣਾ ਕਰਨੀ ਅਤੇ ਮੂੰਹ ਦੇ ਮੈਂਬਰ ਦੇ ਤੌਰ ਤੇ ਸੁਰੱਖਿਆ ਦੀ ਭਾਵਨਾ ਅਤੇ ਸਮੂੰਹ ਦੇ ਮੈਂਬਰ ਦੇ ਤੌਰ ਤੇ ਉਸਦੇ ਅਧਿਕਾਰਾਂ ਬਾਰੇ ਜਾਗਰੂਕ ਕਰਵਾਉਂਦੇ ਹਨ।

ਆਮ ਇਹ ਕਿਹਾ ਜਾਂਦਾ ਹੈ ਕਿ ਜਿਸ ਸਮਾਜ ਵਿਚ ਦੋ ਜਾਂ ਦੋ ਤੋਂ ਜ਼ਿਆਦਾ ਧਰਮ ਪਾਏ ਜਾਣ ਉਥੇ ਹਮੇਸ਼ਾ ਸਮਾਜ ਵਿਚ ਖਿਚੋਤਾਣੀ ਬਣੀ ਰਹਿੰਦੀ ਹੈ ਪਰ ਇਹ ਕਥਨ ਪੂਰੀ ਤਰ੍ਹਾਂ ਵਾਜਬ ਨਹੀਂ। ਇਹ ਠੀਕ ਹੈ ਕਿ ਹਿੰਦੁਸਤਾਨ ਜੋ ਬਹੁ-ਧਰਮੀ ਦੇਸ਼ ਹੈ ਉਥੇ ਪਿਛਲੇ ਸਮੇਂ ਤੋਂ ਕਈ ਸਮੱਸਿਆਵਾਂ ਆ ਰਹੀਆਂ ਹਨ ਪਰ ਇਸਲਾਮਕ ਦੇਸ਼ਾਂ (ਪਾਕਿਸਤਾਨ, ਬੰਗਲਾ ਦੇਸ਼, ਕੁਵੈਤ ਅਤੇ ਹੋਰ) ਵਿਚ ਜਿਥੇ ਸਿਰਫ ਇਕੋ ਹੀ ਧਰਮ ਹੈ ਉਥੇ ਵੀ ਲੋਕ ਧਰਮ ਦੇ ਨਾਂ ਤੇ ਲੜੀ ਜਾਂਦੇ ਹਨ। ਪਾਕਿਸਤਾਨ ਵਿਚ ਅੱਜ ਕੱਲ ਲੋਕਲ ਅਤੇ ਰਿਫੀਊਜੀ ਮੁਸਲਮਾਨਾਂ (ਜੋ ਭਾਰਤ ਤੋਂ ਗਏ ਹਨ) ਵਿੱਚ ਦੰਗੇ ਹੋ ਰਹੇ ਹਨ। ਸ਼ੀਆ-ਸੁੰਨੀ ਵਿੱਚ ਫ਼ਸਾਦ ਹੋ ਰਹੇ ਹਨ। ਇਸਾਈਮਤ ਵਿਚ ਕੈਥੋਲਿਕ ਅਤੇ ਪ੍ਰੋਟੈਸਟੈਂਟ ਵਿਚ ਵਿਵਾਦ ਹੈ। ਅਸਲ ਵਿਚ ਹਕੀਕਤ ਇਹ ਹੈ ਕਿ ਸਭ ਧਰਮਾਂ ਦੇ ਗੁਰੂਆਂ, ਪੀਰਾਂ, ਪੈਗੰਬਰਾਂ ਦਾ ਇਕੋ ਹੀ ਉਪਦੇਸ਼ ਹੈ। ਇਕੋ ਹੀ ਸੰਦੇਸ਼ ਹੈ ਕਿ ਉਹ ਪਰਮ-ਪ੍ਰਮੇਸ਼ਵਰ ਹੀ ਸਭ ਦਾ ਪਿਤਾ ਹੈ। ਉਸ ਨਾਲ ਲਿਵ-ਲੀਨ ਹੋ ਕੇ ਅਸੀਂ ਮੁਕਤੀ ਹਾਸਿਲ ਕਰ ਸਕਦੇ ਹਾਂ। ਸਾਰੇ ਧਰਮ ਅਹਿੰਸਾ ਦਾ ਪ੍ਰਚਾਰ ਕਰਦੇ ਹਨ। ਸਾਂਝੀਵਾਲਤਾ ਦਾ ਪ੍ਰਚਾਰ ਕਰਦੇ ਹਨ ਅਸੀਂ ਆਤਮਿਕਤਾ ਨੂੰ ਤਿਲਾਂਜਲੀ ਦੇ ਕੇ ਸ਼ਰੀਅਤ ਜਾਂ ਕੱਟੜਤਾ ਦੇ ਗੁਲਾਮ ਹੋ ਜਾਂਦੇ ਹਾਂ ਤਾਂ ਸਮਾਜ ਵਿਚ ਤਣਾਉ ਦਾ ਆਉਣਾ ਸੁਭਾਵਕ ਹੈ।

ਸਿੱਖ ਧਰਮ ਸਮਾਜ ਵਿੱਚ ਏਕਤਾ ਦਾ ਕਿੰਨਾ ਮੁਦਈ ਹੈ ਇਹ ਗੁਰਬਾਣੀ ਪੜ੍ਹਿਆ ਆਪਣੇ ਆਪ ਪਤਾ ਲਗਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, "ਮੇਰਾ ਉਪਦੇਸ਼ ਚਹੁ ਵਹਨੋ ਕੋ ਸਾਂਝਾ" ਜਾਂ "ਸੱਭੇ ਸਾਂਝੀਵਾਲ ਸਦਾਇਨ" ਇਸੇ ਤਰ੍ਹਾਂ ਬਾਈਬਲ ਵਿਚ ਆਉਂਦਾ ਹੈ "ਗੋਡ ਇਜ਼ ਲਵ" ਭਾਵ ਜੇ ਅਸੀਂ ਪ੍ਰਮਾਤਮਾ ਦੀ ਸਿਰਜੀ ਦੁਨੀਆਂ ਨੂੰ ਪਿਆਰ ਕਰਦੇ ਹਾਂ ਤਾਂ ਅਸੀਂ ਪ੍ਰਮਾਤਮਾ ਨੂੰ ਪਿਆਰ ਕਰਦੇ ਹਾਂ। ਧਰਮ ਸਾਨੂੰ ਉਚੀ ਸੋਝੀ ਅਤੇ ਸਾਦੀ ਰਹਿਣੀ ਵਾਲਾ ਜੀਵਨ ਬਿਤਾਉਣ ਲਈ ਕਹਿੰਦਾ ਹੈ। ਜਿਸ ਤੋਂ ਭਾਵ ਸਾਡੀਆਂ ਖਾਹਸ਼ਾਂ ਇਛਾਵਾਂ ਘੱਟ ਤੋਂ ਘੱਟ ਹੋਣ ਅਸੀਂ ਆਪਣੇ ਮਨ ਤੇ ਕਾਬੂ ਰੱਖ ਸਕੀਏ ਜੋ ਸਾਰੇ ਪੁਆੜਿਆਂ ਦੀ ਜੜ੍ਹ ਹੈ ਤਾਂ ਹੀ ਗੁਰੂ ਨਾਨਕ ਸਾਹਿਬ ਨੇ ਕਿਹਾ ਸੀ:

"ਮਨ ਜੀਤੇ ਜਗ ਜੀਤ"

ਗੁਰੂ ਸਾਹਿਬ ਨੇ ਇਹ ਵੀ ਕਿਹਾ ਸੀ ਕਿ :

"ਨਾ ਕੋ ਬੈਰੀ ਨਾ ਕੋਈ ਬੇਗਾਨਾ ਸਗਲ ਸਗਾ ਹਮ ਕੋ ਬਨ ਆਈ"

ਕਿ ਸਾਰੀਆਂ ਦੁਨੀਆਂ ਦੇ ਜੀਵ ਹੀ ਸਾਡੇ ਆਪਣੇ ਹਨ ਸਾਡੇ ਲਈ ਨਾ ਕੋਈ ਸਾਡਾ ਦੁਸ਼ਮਣ ਹੈ ਨਾ ਕੋਈ ਓਪਰਾ ਹੈ ਕਿਉਂਕਿ ਸਾਰੇ ਜੀਵ ਇਕੋ ਪਰਮ-ਪਿਤਾ ਪ੍ਰਮਾਤਮਾ ਦੇ ਪੈਦਾ ਕੀਤੇ ਹੋਏ ਹਨ।

ਸਾਰੇ ਨਿਚੋੜ ਤੋਂ ਇਹ ਸਪਸ਼ਟ ਹੈ ਕਿ ਧਰਮ ਸਹੀ ਮਾਹਨਿਆਂ ਵਿਚ ਸਾਨੂੰ ਇਕੱਠਾ ਰੱਖਣ ਵਿੱਚ ਸਹਾਈ ਸਿੱਧ ਹੁੰਦਾ ਹੈ।

**9.6.2 ਦੁੱਖਾਂ ਦਾ ਦਾਰੂ** :

ਆਦਮੀ ਦੀ ਜ਼ਿੰਦਗੀ ਕਦੀ ਵੀ ਤਰਕਪੂਰਣ ਘੜੇ-ਘੜਾਏ ਢੰਗਾਂ ਨਾਲ ਨਹੀਂ ਚਲਦੀ। ਕਿਉਂਕਿ ਆਦਮੀ ਭਾਵਨਾਤਮਕ ਵੀ ਹੁੰਦਾ ਹੈ। ਧਰਮ ਉਸਦੇ ਦੁੱਖਾਂ ਵੇਲੇ ਉਸਦਾ ਦਾਰੂ ਬਣਦਾ ਹੈ। ਜਾਦੂ ਨੂੰ ਅਸੀਂ ਕਿੰਨਾ ਵੀ ਮਾੜਾ ਕਿਉਂ ਨਾ ਕਹੀਏ ਪਰ ਉਸਦੀ ਕੰਮਕਾਰੀ ਮਹਤੱਤਾ ਵੀ ਹੈ। ਪਹਿਲੇ ਸਮਿਆਂ ਵਿਚ ਜਾਦੂ ਵੀ ਸਮਾਜ ਵਿਚ ਇਕ ਖਾਸ ਭੂਮਿਕਾ ਹੁੰਦੀ ਸੀ। ਉਹ ਕੇਵਲ ਇਕ ਵਿਅਕਤੀ ਨੂੰ ਹੀ ਨਹੀਂ ਸਗੋਂ ਸਮੂੰਹ ਦੇ ਦੁੱਖਾਂ ਦਾ ਦਾਰੂ ਵੀ ਹੁੰਦਾ ਸੀ। ਉਦੋਂ ਇਲਾਜ ਜਾਦੂ ਨਾਲ ਕੀਤੇ ਜਾਂਦੇ ਸਨ। ਉਸ ਸਮੇਂ ਜਾਦੂ ਇਕ ਦਵਾਈ ਜਾਂ ਦਾਰੂ ਸੀ ਜੋ ਆਦਮੀ ਨੂੰ ਉਸਦੇ ਦੁੱਖਾਂ ਤੋਂ ਨਿਜਾਤ ਦਿਵਾਉਣ ਦੀ ਕੋਸ਼ਿਸ਼ ਕਰਦਾ ਸੀ। ਇਹ ਠੀਕ ਹੈ ਕਿ ਜਦੋਂ ਮੈਡੀਕਲ ਸਾਇੰਸ ਦੀ ਤਰੱਕੀ ਸ਼ੁਰੂ ਹੋਈ, ਜਾਦੂ ਦੀ ਮਹੱਤਤਾ ਸਮਾਜ ਵਿਚੋਂ ਘਟਦੀ ਗਈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਜਾਦੂ ਦੀ ਕੋਈ ਭੂਮਿਕਾ ਨਹੀਂ ਹੀ ਰਹੀ।

ਅਜੇ ਵੀ ਲੋਕ ਦੁੱਖਾਂ ਮੁਸੀਬਤਾਂ ਵੇਲੇ ਪ੍ਰਮਾਤਮਾ ਅੱਗੇ ਜਾਂ ਆਪਣੇ ਦੇਵੀ-ਦੇਵਤੇ ਜਾਂ ਈਸ਼ਟ ਅੱਗੇ ਪ੍ਰਾਥਨਾ ਕਰਦੇ ਹਨ ਤੇ ਉਨ੍ਹਾਂ ਨੂੰ ਭਾਰੀ ਰਾਹਤ ਮਿਲਦੀ ਹੈ। ਆਮ ਕਹਾਵਤ ਹੈ ਕਿ ਦਵਾ ਨਾਲੋਂ ਦੁਆ ਜ਼ਿਆਦਾ ਕੰਮ ਕਰਦੀ ਹੈ। ਰੱਬ 'ਚ ਭਰੋਸਾ ਰੱਖਣ ਵਾਲੇ ਵਿਅਕਤੀ ਕਈ ਵਾਰੀ ਦੁਆ ਅਤੇ ਪ੍ਰਾਥਣਾ ਦੇ ਸਹਾਰੇ ਹੀ ਵੱਡੀ ਤੋਂ ਵੱਡੀ ਬੀਮਾਰੀ ਤੋਂ ਨਿਜਾਤ ਪਾ ਲੈਂਦੇ ਹਨ। ਖਾਸ ਕਰ ਦੁੱਖਾਂ ਵਿਚ ਧਰਮ ਦੀ ਹੋਂਦ ਵਿਚ ਵਿਸ਼ਵਾਸ ਨਾਲ ਰਾਹਤ ਮਿਲਦੀ ਹੈ। ਅਜੇ ਵੀ ਸਾਡੇ ਭਾਰਤੀ ਸਮਾਜ ਵਿਚ ਅਜਿਹੇ ਬਹੁਤ ਮੌਲਵੀ, ਜਾਦੂਗਰ,

ਮੰਨਤਾਂ ਵਾਲੀਆਂ ਜਗ੍ਹਾ, ਪੀਥ ਜਾਂ ਹੋਰ ਥਾਵਾਂ ਹਨ ਜਿਥੇ ਗੰਭੀਰ ਬਿਮਾਰੀਆਂ ਵਾਲੇ ਹਸਪਤਾਲ ਤੋਂ ਨਿਰਾਸ਼ ਹੋ ਕੇ ਜਾਂਦੇ ਹਨ ਅਤੇ ਠੀਕ ਹੋ ਕੇ ਆਉਂਦੇ ਹਨ। ਕਿਉਂਕਿ ਉਨ੍ਹਾਂ ਲੋਕਾਂ ਦਾ ਵਿਸ਼ਵਾਸ ਹੈ ਕਿ ਇਹ ਅਲੌਕਿਕ ਤਾਕਤਾਂ ਕਿਸੇ ਵੀ ਬੀਮਾਰ ਨੂੰ ਠੀਕ ਕਰਨ ਦੀ ਸਮਰੱਥਾ ਰੱਖਦੀਆਂ ਹਨ ਅਤੇ ਉਹ ਉਨ੍ਹਾਂ ਦੇ ਸਪਰਸ਼ ਜਾਂ ਛੋਹ ਨਾਲ ਹੀ ਨੌਂ-ਬਰ ਨੌਂ ਹੋ ਜਾਂਦੇ ਹਨ। ਬਿਮਾਰੀਆਂ ਤੋਂ ਇਲਾਵਾ ਵੀ ਆਦਮੀ ਸਮਾਜ ਵਿਚ ਰਹਿੰਦੇ ਹੋਏ ਹਜ਼ਾਰ ਕਿਸਮ ਦੀਆਂ ਨਿਰਾਸ਼ਾਵਾਂ, ਮਜ਼ਬੂਰੀਆਂ ਅਤੇ ਮੁਸੀਬਤਾਂ ਦਾ ਟਾਕਰਾ ਕਰਦਾ ਹੈ। ਕਈ ਵਾਰੀ ਉਹ ਗਰੀਬੀ ਹੱਥੋਂ ਤੰਗ ਹੁੰਦਾ ਹੈ। ਕਈ ਵਾਰੀ ਉਹ ਬੇਰੁਜ਼ਗਾਰੀ ਹੱਥੋਂ ਤੰਗ ਹੈ, ਕਿਸੇ ਨੂੰ ਪੈਸਾ ਦੇਣ ਦਾ ਫ਼ਿਕਰ ਹੈ, ਕਿਸੇ ਦੇ ਬੱਚੇ ਦੀ ਮੌਤ ਹੋ ਜਾਂਦੀ ਹੈ। ਹਰ ਕੋਈ ਕਿਸੇ ਨਾ ਕਿਸੇ ਮੁਸੀਬਤ ਵਿੱਚ ਫਸਿਆ ਹੋਇਆ ਹੈ। ਅਜਿਹੀ ਮੁਸੀਬਤ ਵੇਲੇ ਰੱਬ ਵਿਚ ਵਿਸ਼ਵਾਸ ਵਾਲੇ ਬੰਦੇ ਘੱਟ ਡੋਲਦੇ ਹਨ, ਉਹ ਦੁੱਖੀ ਨਹੀਂ ਹੁੰਦੇ। ਕਿਉਂਕਿ ਉਨ੍ਹਾਂ ਲਈ ਦੁੱਖ-ਸੁੱਖ ਇਕ ਸਮਾਨ ਹੁੰਦੇ ਹਨ। ਇਹ ਗੁਰਮੁੱਖ ਦੀ ਅਵਸਥਾ ਹੁੰਦੀ ਹੈ। ਜਿਨ੍ਹਾਂ ਲਈ ਇਹ ਚੀਜ਼ਾਂ ਕੋਈ ਮਾਹਨੇ ਨਹੀਂ ਰੱਖਦੀਆਂ।

### 9.6.3 ਸਮਾਜਕ ਨਿਯੰਤਰਣ :

ਹਰ ਆਦਮੀ ਆਜ਼ਾਦੀ ਚਾਹੁੰਦਾ ਹੈ। ਉਹ ਹਰ ਵੇਲੇ, ਹਰ ਸਮੇਂ, ਹਰ ਜਗ੍ਹਾ ਆਜ਼ਾਦ ਘੁੰਮਣਾ ਚਾਹੁੰਦਾ ਹੈ। ਉਹ ਹਰ ਵੇਲੇ ਆਪਣੇ ਮੁਫਾਦ ਚਾਹੁੰਦਾ ਹੈ। ਆਪਣੇ ਫਾਇਦੇ ਲਈ, ਆਪਣੀ ਆਜ਼ਾਦੀ ਲਈ ਉਹ ਦੂਸਰਿਆਂ ਦੇ ਨੁਕਸਾਨ ਕਰਨ ਤੋਂ ਕਦੇ ਨਹੀਂ ਝਿਜਕਦਾ। ਉਹ ਦੂਜਿਆਂ ਦੀ ਆਜ਼ਾਦੀ ਵਿਚ ਰੋੜਾ ਬਣਦਾ ਹੈ। ਪਾਰਸਨਜ਼ ਦਾ ਵਿਚਾਰ ਸੀ ਕਿ ਅਜਿਹੇ ਝੁਕਾਵਾਂ ਨੂੰ ਜੰਮਦਿਆਂ ਹੀ ਕੁੱਚਲ ਦੇਣਾ ਚਾਹੀਦਾ ਹੈ। ਅਸੀਂ ਸਮਾਜਕ ਨਿਯੰਤਰਣ ਵਾਲੇ ਪਾਠ ਵਿੱਚ ਪੜ੍ਹਿਆ ਹੈ ਕਿ ਸਭ ਦੀ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਅਤੇ ਸਮਾਜ ਦੀ ਸਥਿਰਤਾ ਲਈ ਬਹੁਤ ਸਾਰੇ ਨਿਯੰਤਰਣ ਹਨ ਜੋ ਆਦਮੀ ਤੇ ਲਾਏ ਜਾਂਦੇ ਹਨ। ਇਹ ਨਿਯੰਤਰਣ ਏਜੰਸੀਆਂ ਹਨ ਪਰਿਵਾਰ, ਗਵਾਂਢ, ਖੇਡ ਮੈਦਾਨ, ਸਕੂਲ, ਕਾਲਜ, ਕਾਨੂੰਨ, ਰੀਤੀ-ਰਿਵਾਜ਼, ਮਨੋਰੰਜਨ-ਸਥਾਨ, ਪੁਲਿਸ ਫੌਜ, ਪ੍ਰਤਿਮਾਸ ਅਤੇ ਧਰਮ ਆਦਿ। ਸੋ ਧਰਮ ਵੀ ਸਮਾਜਕ ਨਿਯੰਤਰਣ ਦੀ ਬਹੁਤ ਵੱਡੀ ਏਜੰਸੀ ਹੈ। ਧਰਮ ਸੰਗਠਨ ਸਿਰਫ ਆਪਣੇ ਸਮੂੰਹ ਤੇ ਮੈਂਬਰਾਂ ਨੂੰ ਨੈਤਿਕ ਕਦਰਾਂ-ਕੀਮਤਾਂ ਤੋਂ ਜਾਣੂ ਹੀ ਨਹੀਂ ਕਰਵਾਉਂਦੇ ਸਗੋਂ ਉਨ੍ਹਾਂ ਤੇ ਲਾਗੂ ਵੀ ਕਰਦੇ ਹਨ। ਕਿਸੇ ਧਾਰਮਿਕ ਸੰਗਠਨ ਦਾ ਆਪਣੇ ਮੈਂਬਰਾਂ ਤੇ ਨਿਯੰਤਰਣ ਸਮਾਜ ਦੀ ਕਾਰਜਕੁਸ਼ਲਤਾ ਲਈ ਬਹੁਤ ਮਹੱਤਵ ਰੱਖਦਾ ਹੈ। ਜਿਵੇਂ ਅਸੀਂ ਕਿਸੇ ਪੀਰ-ਪੈਗੰਬਰ ਜਾਂ ਧਾਰਮਿਕ ਜਗ੍ਹਾ ਤੇ ਕੋਈ ਭੈੜਾ-ਖੋਟਾ ਕੰਮ ਨਹੀਂ ਕਰਦੇ ਤਾਂ ਕਿ ਉਸ ਪੈਗੰਬਰ ਦੀ ਕਰੋਪੀ ਦਾ ਸ਼ਿਕਾਰ ਨਾ ਹੋਣਾ ਪਵੇ ਜਾਂ ਮੰਦੇ ਕੰਮਾਂ ਕਰਕੇ ਨਰਕਾਂ ਦਾ ਡਰ ਬਣਿਆ ਰਹਿੰਦਾ ਹੈ। ਅਸੀਂ ਆਪਣੇ ਧਰਮ ਵੱਲੋਂ ਲਾਈਆਂ ਬੰਦਸ਼ਾਂ ਨੂੰ ਨਹੀਂ ਤੋੜਦੇ ਤਾਂ ਕਿ ਰਹਿਤ-ਮਰਿਆਦਾ ਭੰਗ ਹੋਣ ਤੇ ਰੱਬੀ ਸਜ਼ਾ ਦਾ ਡਰ ਬਣਿਆ ਰਹਿੰਦਾ ਹੈ। ਕਈ ਵਾਰ ਅਜਿਹਾ ਹਕੀਕਤ ਵਿੱਚ ਹੁੰਦਾ ਹੈ ਕਿ ਜਿਸ ਨੇ ਧਾਰਮਿਕ ਅਸੂਲਾਂ ਦੀ ਬੇਅਦਬੀ ਕੀਤੀ ਉਸਨੂੰ ਦੁੱਖ ਉਠਾਉਣੇ ਪਏ। ਇਹ ਉਦਾਹਰਣ ਲੋਕਾਂ ਲਈ ਸਬਕ ਬਣ ਜਾਂਦੀ ਹੈ। ਉਹ ਇਸ ਡਰੋਂ ਕੋਈ ਮਾੜਾ ਕੰਮ ਨਹੀਂ ਕਰਦੇ ਕਿ ਜੇ ਅਸੀਂ ਅਜਿਹਾ ਕੀਤਾ ਤਾਂ ਸਾਡੇ ਨਾਲ ਵੀ ਅਜਿਹਾ ਹੀ ਸਲੂਕ ਹੋਵੇਗਾ। ਕਿਉਂਕਿ ਧਰਮ ਅਤੇ ਧਰਮ ਦਾ ਡਰ ਸਾਡੇ ਮਨਾਂ ਵਿੱਚ ਘਰ ਕਰ ਚੁੱਕਾ ਹੈ ਇਸੇ ਲਈ ਜਰਮਨੀ ਦੇ ਮਹਾਨ ਚਿੰਤਨ ਮਾਰਕਸ ਨੇ ਧਰਮ ਨੂੰ "ਲੋਕਾਂ ਦੀ ਅਫੀਮ" ਕਿਹਾ ਸੀ ਕਿ ਜਿਵੇਂ ਅਫੀਮ ਦਾ ਨਸ਼ਾ ਇਕ ਵਾਰ ਲੋਕਾਂ ਨੂੰ ਲੱਗ ਜਾਵੇ ਤਾਂ ਇਹ ਛੱਡਿਆ ਨਹੀਂ ਜਾਂਦਾ। ਇਸ ਤਰ੍ਹਾਂ ਆਦਮੀ ਜੋ ਰੱਬ ਦੀ ਹੋਂਦ ਵਿੱਚ ਵਿਸ਼ਵਾਸ ਰੱਖਦਾ ਹੈ ਉਹ ਧਰਮ ਡਰ-ਭੈਅ, ਸੰਤੁਸ਼ਟੀ ਤੋਂ ਨਿਜ਼ਾਤ ਨਹੀਂ ਪਾ ਸਕਦਾ।

ਇਸੇ ਤਰ੍ਹਾਂ ਹੈਰੀ ਐਮ. ਜੌਨਸਨ ਲਿਖਦਾ ਹੈ ਕਿ ਜਦੋਂ ਕਿਸੇ ਬੰਦੇ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਨੇੜੇ ਦੇ ਸਮੇਂ ਸੰਬੰਧੀ, ਦੁੱਖ ਵਿਚ ਡੁੱਬੇ ਹੁੰਦੇ ਹਨ। ਉਹਨਾਂ ਨੂੰ ਜ਼ਿੰਦਗੀ ਐਵੇਂ ਓਪਰੀ ਜਿਹੀ ਲੱਗਦੀ ਹੈ ਕਿ ਬੰਦੇ ਦਾ ਕੋਈ ਪਤਾ ਹੀ ਨਹੀਂ ਕਦੋਂ ਚਲਾ ਜਾਵੇ। ਉਹ ਉਦਾਸ ਹੋ ਜਾਂਦੇ ਹਨ ਅਤੇ ਕੰਮ ਕਰਨਾ ਛੱਡ ਜਾਂਦੇ ਹਨ ਜਿਸ ਨਾਲ ਸਮਾਜ ਦੀ ਸਥਿਰਤਾ ਅਤੇ ਚਾਲ ਵਿਚ ਫਰਕ ਪੈਂਦਾ ਹੈ ਪਰ ਉਸਦਾ ਧਰਮ ਨੂੰ ਭਾਣਾ ਮੰਨਣ ਲਈ ਕਹਿੰਦਾ ਹੈ ਅਤੇ ਭਾਣਾ, ਮੰਨਣ ਦਾ ਬੱਲ ਬਖਸ਼ਦਾ ਹੈ ਤੇ ਉਹ ਗਮਗੀਨ ਵਿਅਕਤੀ ਦੁਬਾਰਾ ਤੋਂ ਸਮਾਜ ਵਿੱਚ ਕੰਮ ਕਰਨ ਲੱਗਦਾ ਹੈ।

### 9.6.4 ਧਰਮ ਅਤੇ ਆਰਥਿਕ ਜ਼ਿੰਦਗੀ :

ਮੈਕਸ ਵੈਬਰ ਦਾ ਖਿਆਲ ਸੀ ਕਿ ਧਰਮ ਨਾਲ ਸਾਡੀ ਆਰਥਿਕ ਜ਼ਿੰਦਗੀ ਦਾ ਵੀ ਬਹੁਤ ਗੂੜ੍ਹਾ ਸੰਬੰਧ ਹੈ ਜਿਵੇਂ ਕਿ ਸਾਡੇ ਸਾਹਮਣੇ ਹੈ ਕਿ ਪ੍ਰੋਟੈਸਟੈਂਟ ਧਰਮ ਪਦਾਰਥਵਾਦ ਵੱਲ ਜ਼ਿਆਦਾ ਖੁਲ੍ਹਦਿਲੀ ਰੱਖਦਾ ਹੈ ਕਿਸੇ ਲਈ ਪੱਛਮੀ ਮੁਲਕਾਂ ਵਿਚੋਂ ਉਹ ਮੁਲਕ ਜ਼ਿਆਦਾ ਅਮੀਰ ਹਨ ਜਿਥੇ ਪ੍ਰੋਟੈਸਟੈਂਟ ਧਰਮ ਦੇ ਅਨੁਆਈ ਸਨ। ਜਿੱਥੇ ਕੈਥੋਲਿਕ ਧਰਮ ਨੂੰ ਮੰਨਣ ਵਾਲੇ ਸਨ ਉਹ ਉਹਨਾਂ ਦੇ ਮੁਕਾਬਲੇ ਗਰੀਬ ਹਨ।

ਇਸ ਤੋਂ ਇਲਾਵਾ ਵੱਖ ਵੱਖ ਧਰਮਾਂ ਅਤੇ ਧਾਰਮਿਕ ਸੰਗਠਨਾਂ ਨੇ ਬਹੁਤ ਵੱਡੀ ਗਿਣਤੀ ਵਿਚ ਲਿਟਰੇਚਰ ਲਿਖਿਆ। ਮੰਦਰ, ਮਸਜਿਦ, ਗੁਰਦਵਾਰਿਆਂ, ਚਰਚਾਂ ਵਿੱਚ ਕਲਾ ਦਾ ਨਿਰਮਾਣ ਹੋਇਆ ਜਿਸ ਨਾਲ ਕਲਾ ਅਤੇ ਸਾਹਿਤ ਦੇ ਖੇਤਰ ਵਿਚ ਵਾਧਾ ਵੀ ਹੋਇਆ ਜਿਸਦੀ ਇਤਿਹਾਸਕ ਤੇ ਕਲਾਤਮਕ ਪੱਧਰ ਤੋਂ ਵੀ ਕਾਫੀ ਮਹਤੱਤਾ ਹੈ।

ਫਿਰ ਸਭ ਧਰਮਾਂ ਨੇ ਆਪਣੇ ਸਾਹਿਤ ਰਾਹੀਂ ਭਰਾਤਰੀ-ਭਾਈਚਾਰੇ ਦਾ ਪ੍ਰਚਾਰ ਵੀ ਕੀਤਾ ਜਿਸ ਨਾਲ ਸਮਾਜ ਵਿੱਚ ਏਕਤਾ ਆਉਂਦੀ ਹੈ। ਪਰ ਬਹੁਤ ਵਾਰੀ ਧਰਮ ਦੇ ਇਸ ਕੰਮ ਨਾਲ ਜਾਂ ਦੁਰਵਰਤੋਂ ਨਾਲ ਸਮਾਜ ਵਿੱਚ ਅਸਥਿਰਤਾ ਵੀ ਆਉਂਦੀ ਹੈ।

### 9.6.5 ਸਮਾਜ ਸੇਵਾ :

ਧਰਮ ਉਪਰੋਕਤ ਕੰਮਾਂ ਤੋਂ ਇਲਾਵਾ ਕਈ ਪੱਖਾਂ ਤੋਂ ਸਮਾਜ ਦੀ ਸੇਵਾ ਵੀ ਕਰਦਾ ਹੈ। ਹਰ ਧਰਮ ਅਤੇ ਧਾਰਮਿਕ ਸੰਗਠਨਾਂ ਨੇ ਭਾਰਤ ਵਿੱਚ ਵੀ ਅਤੇ ਵਿਦੇਸ਼ਾਂ ਵਿੱਚ ਬਹੁਤ ਸਾਰੀਆਂ ਵਿਦਿਅਕ ਸੰਸਥਾਵਾਂ ਖੋਲ੍ਹੀਆਂ ਹਨ। ਖਾਸ ਕਰ, ਇਸਾਈਆਂ ਨੇ ਮਿਸ਼ਨਰੀ ਸਕੂਲ-ਕਾਲਜ ਖੋਲ੍ਹੇ ਹੋਏ ਹਨ। ਜਿਸ ਨਾਲ ਸਾਡੇ ਸਮਾਜ ਵਿੱਚ ਵਿਦਿਆ ਦਾ ਪ੍ਰਚਾਰ-ਪ੍ਰਸਾਰ ਵੀ ਹੁੰਦਾ ਹੈ। ਹਰ ਗਰੀਬ ਅਮੀਰ ਦੇ ਬੱਚੇ ਪੜ੍ਹ ਲਿਖ ਸਕਦੇ ਹਨ, ਲੋਕਾਂ ਨੂੰ ਰੁਜ਼ਗਾਰ ਵੀ ਮਿਲਦਾ ਹੈ। ਵਿਗਿਆਨ ਅਤੇ ਸਾਹਿਤ ਦੇ ਖੇਤਰ ਵਿੱਚ ਤਰੱਕੀ ਹੁੰਦੀ ਹੈ। ਇਸੇ ਤਰ੍ਹਾਂ ਹਰ ਧਾਰਮਿਕ ਸੰਗਠਨ ਨੇ ਬਹੁਤ ਸਾਰੇ ਹਸਪਤਾਲ ਖੋਲ੍ਹੇ ਹਨ ਜਿਨ੍ਹਾਂ ਦੀ ਭਾਰਤ ਵਰਗੇ ਵੱਧ ਵਸੋਂ ਵਾਲੇ ਗਰੀਬ ਦੇਸ਼ ਵਿੱਚ ਬਹੁਤ ਮਹੱਤਤਾ ਹੈ। ਕਿਉਂਕਿ ਹੋਰ ਦੇਸ਼ਾਂ ਦੇ ਮੁਕਾਬਲੇ ਸਾਡੇ ਕੋਲ ਪ੍ਰਤਿ *1000* ਜੀਆਂ ਡਾਕਟਰ ਬਹੁਤ ਘੱਟ ਹਨ ਅਤੇ ਬਹੁਤ ਸਾਰੇ ਕਾਰਨਾਂ ਕਰਕੇ ਸਾਡੇ ਲੋਕ ਅਨੇਕਾਂ ਬਿਮਾਰੀਆਂ ਨਾਲ ਪੀੜਤ ਹਨ। ਇਨ੍ਹਾਂ ਹਸਪਤਾਲਾਂ ਵਿੱਚ ਪ੍ਰਾਈਵੇਟ ਹਸਪਤਾਲਾਂ ਦੀ ਬਜਾਏ ਖਰਚ ਵੀ ਘੱਟ ਆਉਂਦਾ ਹੈ, ਨਾਲੇ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ। ਕਈ ਧਾਰਮਿਕ ਸੰਸਥਾਵਾਂ ਨੇ ਅਨਾਥ ਆਸ਼ਰਮ, ਸਰਾਵਾਂ, ਲੰਗਰ ਅਤੇ ਹੋਰ ਲੋਕ ਭਲਾਈ ਲਈ ਸੰਸਥਾਵਾਂ ਖੋਲ੍ਹੀਆਂ ਹੋਈਆਂ ਹਨ ਜਿਨ੍ਹਾਂ ਦੀ ਸਮਾਜ ਨੂੰ ਬਹੁਤ ਵੱਡੀ ਦੇਣ ਹੈ।

### 9.7 ਸਾਰ :

ਉਪਰੋਕਤ ਵਰਣਨ ਤੋਂ ਸਾਫ ਹੈ ਕਿ ਜੇ ਧਰਮ ਨੂੰ ਆਦਮੀ ਆਪਣੇ ਮੁਫਾਦ ਲਈ ਅਤੇ ਸੰਕੀਰਣ ਰਾਜਨੀਤੀ ਲਈ ਨਾ ਵਰਤੇ ਤਾਂ ਧਰਮ ਸਮਾਜ ਦੀ ਸਥਿਰਤਾ ਅਤੇ ਵਿਕਾਸ ਵਿੱਚ ਬਹੁਤ ਭੂਮਿਕਾ ਨਿਭਾ ਸਕਦਾ ਹੈ। ਪਰ ਜੇ ਲੋਕ ਧਰਮ ਨੂੰ ਤੰਗ ਦ੍ਰਿਸ਼ਟੀ ਤੋਂ ਵਰਤਣਾ ਸ਼ੁਰੂ ਕਰ ਦੇਣ ਤਾਂ ਇਹ ਸਮਾਜ ਲਈ ਤਬਾਹੀ ਦਾ ਕੰਮ ਵੀ ਕਰ ਸਕਦਾ ਹੈ।

### 9.8 ਅਭਿਆਸ ਲਈ ਪ੍ਰਸ਼ਨ :

1. ਧਰਮ ਅਤੇ ਧਾਰਮਿਕ ਸੰਸਥਾਵਾਂ ਤੋਂ ਕੀ ਭਾਵ ਹੈ?
2. ਧਰਮ ਦੀ ਉਤਪਤੀ ਕਿਵੇਂ ਹੋਈ? ਵਿਸਥਾਰ ਪੂਰਵਕ ਲਿਖੋ?
3. ਧਰਮ ਦੇ ਕੰਮਾਂ ਉਪਰ ਚਾਨਣਾ ਪਾਓ।
4. ਧਰਮ ਦਾ ਸਾਡੀ ਜ਼ਿੰਦਗੀ ਵਿੱਚ ਕੀ ਰੋਲ ਹੈ? ਵਿਸਥਾਰ ਪੂਰਵਕ ਲਿਖੋ।

**ਸੰਖੇਪ ਸਵਾਲ (ਬਿਆਨ ਕਰੋ)**

(ੳ) ਫੈਟੀਸਿਜ਼ਮ

(ਅ) ਡੌਗਮਾਜ਼

(ੲ) ਐਨੀਮਿਜ਼ਮ

ਪਾਠ ਨੰ. 2.6 ਲੇਖਿਕਾ : ਡਾ. ਹਰਿੰਦਰ ਕੌਰ

# ਸਮਾਜਿਕ ਨਿਯੰਤਰਣ
# (Social Control)

**ਬਣਤਰ**

10.0 ਉਦੇਸ਼
10.1 ਜਾਣ-ਪਛਾਣ
10.2 ਸਮਾਜਿਕ ਨਿਯੰਤਰਣ ਦੀਆਂ ਪਰਿਭਾਸ਼ਾਵਾਂ
10.3 ਸਮਾਜਿਕ ਨਿਯੰਤਰਣ ਦੀ ਮਹੱਤਤਾ
10.3.1 ਪੁਰਾਣੀ ਵਿਵਸਥਾ ਕਾਇਮ ਰੱਖਣਾ
10.3.2 ਸਮਾਜਿਕ ਏਕਤਾ ਬਣਾਈ ਰੱਖਣ ਵਿਚ ਸਹਾਈ
10.3.3 ਸਮਾਜੀਕਰਣ ਵਿਚ ਸਹਾਇਕ
10.3.4 ਸਹਿਯੋਗ ਦੀ ਭਾਵਨਾ ਪੈਦਾ ਕਰਨਾ
10.3.5 ਨਿੱਜੀ ਵਿਵਹਾਰ ਨੂੰ ਕਾਬੂ ਕਰਨਾ
10.3.6 ਸਭਿਆਚਾਰਕ ਕੁਜੋੜ ਨੂੰ ਰੋਕਣਾ
10.3.7 ਦਿਸ਼ਾ ਪ੍ਰਦਾਨ ਕਰਨਾ
10.4 ਸਮਾਜਿਕ ਨਿਯੰਤਰਣ ਦੀਆਂ ਕਿਸਮਾਂ
10.4.1 ਲੂਬਰ ਬਰਨਾਰਡ ਅਨੁਸਾਰ ਸਮਾਜਿਕ ਨਿਯੰਤਰਣ ਦੀਆਂ ਕਿਸਮਾਂ
10.4.1.1 ਚੇਤੰਨ ਸਮਾਜਿਕ ਨਿਯੰਤਰਣ
10.4.1.2 ਅਚੇਤੰਨ ਸਮਾਜਿਕ ਨਿਯੰਤਰਣ
10.4.2 ਕਾਰਲ ਮੈਨਹੀਮ ਅਨੁਸਾਰ ਸਮਾਜਿਕ ਨਿਯੰਤਰਣ ਦੀਆਂ ਕਿਸਮਾਂ
10.4.2.1 ਪ੍ਰਤੱਖ ਸਮਾਜਿਕ ਨਿਯੰਤਰਣ
10.4.2.2 ਅਪ੍ਰਤੱਖ ਸਮਾਜਿਕ ਨਿਯੰਤਰਣ
10.4.3 ਕਿੰਬਲ ਯੰਗ ਅਨੁਸਾਰ ਸਮਾਜਿਕ ਨਿਯੰਤਰਣ ਦੀਆਂ ਕਿਸਮਾਂ
10.4.3.1 ਸਾਕਾਰਾਤਮਕ ਸਮਾਜਿਕ ਨਿਯੰਤਰਣ
10.4.3.2 ਨਾਕਾਰਾਤਮਕ ਸਮਾਜਿਕ ਨਿਯੰਤਰਣ
10.4.4 ਸਮਾਜਿਕ ਨਿਯੰਤਰਣ ਦੀ ਆਮ ਵੰਡ
10.4.4.1 ਰਸਮੀ ਸਮਾਜਿਕ ਨਿਯੰਤਰਣ
10.4.4.2 ਗੈਰ-ਰਸਮੀ ਸਮਾਜਿਕ ਨਿਯੰਤਰਣ
10.5 ਸਮਾਜਿਕ ਨਿਯੰਤਰਣ ਦੇ ਸਾਧਨ
10.5.1 ਪਰਿਵਾਰ
10.5.2 ਖੇਡ ਸਮੂਹ
10.5.3 ਲੋਕ ਰੀਤਾਂ
10.5.4 ਧਰਮ
10.5.5 ਲੋਕ ਮੱਤ
10.5.6 ਵਿਸ਼ਵਾਸ
10.5.7 ਸਮਾਜਿਕ ਸੁਝਾਓ

10.5.8 ਨੇਤਾਗਿਰੀ
10.5.9 ਕਲਾ
10.5.10 ਫੈਸ਼ਨ
10.5.11 ਕਾਨੂੰਨ
10.6 ਸਾਰ
10.7 ਮੁੱਖ ਸ਼ਬਦ
10.8 ਅਭਿਆਸ ਲਈ ਪ੍ਰਸ਼ਨ
10.9 ਉਪਯੋਗੀ ਪੁਸਤਕਾਂ

**10.0 ਉਦੇਸ਼ :**

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਯੋਗ ਹੋਵੋਗੇ ਕਿ :

* ਸਮਾਜਿਕ ਨਿਯੰਤਰਣ ਦਾ ਅਰਥ ਸਮਝਾ ਸਕੋਂ।
* ਸਮਾਜਿਕ ਨਿਯੰਤਰਣ ਦੀ ਮਹੱਤਤਾ ਬਿਆਨ ਕਰ ਸਕੋਂ।
* ਸਮਾਜਿਕ ਨਿਯੰਤਰਣ ਦੀਆਂ ਕਿਸਮਾਂ ਦੀ ਵਿਸਥਾਰਪੂਰਵਕ ਚਰਚਾ ਕਰ ਸਕੋਂ।
* ਸਮਾਜਿਕ ਨਿਯੰਤਰਣ ਦੇ ਪ੍ਰਮੁੱਖ ਸਾਧਨਾਂ ਤੇ ਰੋਸ਼ਨੀ ਪਾ ਸਕੋਂ।

**10.1 ਜਾਣ ਪਛਾਣ :**

ਹਰੇਕ ਸਮਾਜ ਦੀ ਹੋਂਦ ਇਸ ਗੱਲ ਤੇ ਨਿਰਭਰ ਕਰਦੀ ਹੇ ਕਿ ਉਸਦੀ ਵਿਵਸਥਾ ਵਿਕਾਸ ਏਕਤਾ ਅਤੇ ਅਖੰਡਤਾ ਕਾਇਮ ਰਹੇ। ਇਹ ਤਾਂ ਹੀ ਸੰਭਵ ਹੈ ਜੇਕਰ ਉਸ ਦੀਆਂ ਵੱਖ-ਵੱਖ ਇਕਾਈਆਂ ਆਪਣੀ ਭੂਮਿਕਾ ਠੀਕ ਢੰਗ ਨਾਲ ਨਿਭਾ ਰਹੀਆਂ ਹਨ। ਮਨੁੱਖ ਸ਼ੁਰੂ ਤੋਂ ਹੀ ਸਵਾਰਥੀ (Selfish) ਰਿਹਾ ਹੈ। ਉਹ ਆਪਣੇ ਫਾਇਦੇ ਲਈ ਦੂਜਿਆਂ ਦੇ ਨੁਕਸਾਨ ਦੀ ਪਰਵਾਹ ਨਹੀਂ ਕਰਦਾ। ਮਨੁੱਖ ਦੀਆਂ ਅਜਿਹੀਆਂ ਸਵਾਰਥੀ ਰੁਚੀਆਂ ਕਾਰਨ ਸਮਾਜ ਦੀ ਚਾਲ ਵਿਗੜਦੀ ਹੈ। ਮਨੁੱਖ ਦੀਆਂ ਇਨ੍ਹਾਂ ਥਿੜਕਣਾਂ ਕਰਕੇ ਸਮਾਜ ਦੇ ਸੰਤੁਲਨ ਵਿਚ ਵਿਘਨ ਪੈਂਦਾ ਹੈ। ਮਨੁੱਖ ਦੇ ਸਮਾਜਿਕ ਕਰਤਾ ਹੋਣ ਦੇ ਨਾਤੇ ਜੇ ਉਸ ਦੇ ਕੰਮ ਦੂਜੇ ਨੂੰ ਨੁਕਸਾਨ ਪਹੁੰਚਾਉਣ ਵਾਲੇ ਹਨ ਤਾਂ ਅਜਿਹੀਆਂ ਰੁਚੀਆਂ ਤੇ ਨਿਯੰਤਰਣ ਲੱਗਣਾ ਜ਼ਰੂਰੀ ਹੈ। **ਪਾਰਸਨ** ਨੇ ਵੀ ਕਿਹਾ ਸੀ ਕਿ ਥਿਰਕਣ-ਰੁਝਾਨਾਂ ਨੂੰ ਜੰਮਦਿਆਂ ਹੀ ਕੁਚਲ ਦੇਣਾ ਚਾਹੀਦਾ ਹੈ। ਥਿਰਕਣ-ਰੁਝਾਨਾਂ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਇਹ ਕਿਸੇ ਤਣਾਓ ਜਾਂ ਦਬਾਉ ਦਾ ਪ੍ਰਤਿਕਰਮ ਹੁੰਦਾ ਹੈ।

ਸਮਾਜਿਕ ਕਰਤਾ ਦੇ ਜੋ ਕੰਮ ਸਮਾਜ ਲਈ ਜਾਂ ਸਮੂਹ ਲਈ ਲਾਭਦਾਇਕ ਹੁੰਦੇ ਹਨ ਉਨ੍ਹਾਂ ਉਤੇ ਕੋਈ ਰੋਕ ਨਹੀਂ ਲਾਈ ਜਾਂਦੀ, ਸਮਾਜ ਦੁਆਰਾ ਨਿਯੰਤਰਣ ਸਿਰਫ਼ ਅਣਇੱਛਕ ਤੇ ਨੁਕਸਾਨਦਾਇਕ ਕ੍ਰਿਆਵਾਂ ਤੇ ਹੀ ਲੱਗਦਾ ਹੈ। ਸਮਾਜਿਕ ਨਿਯੰਤਰਣ ਕੋਈ ਨਾਕਾਰਾਤਮਕ ਨਹੀਂ, ਇਹ ਮਨੁੱਖ ਦੇ ਸਮਾਜੀਕਰਣ ਵਿਚ ਸਹਾਈ ਹੁੰਦਾ ਹੈ। ਇਸ ਤੋਂ ਵੱਧ ਇਸ ਦੁਆਰਾ ਸਮਾਜ ਆਪਣੇ ਆਪ ਨੂੰ ਚਲਦਾ ਰੱਖਦਾ ਹੈ।

**10.2 ਸਮਾਜਿਕ ਨਿਯੰਤਰਣ ਦੀਆਂ ਪਰਿਭਾਸ਼ਾਵਾਂ :**

**ਮੈਕਾਈਵਰ ਅਤੇ ਪੇਜ** ਅਨੁਸਾਰ, ''ਸਮਾਜਿਕ ਨਿਯੰਤਰਣ ਤੋਂ ਭਾਵ ਉਸ ਵਿਧੀ ਤੋਂ ਹੈ ਜਿਸ ਦੁਆਰਾ ਸਮੁੱਚਾ ਸਮਾਜ ਆਪਦੇ ਆਪ ਨੂੰ ਮਜ਼ਬੂਤ ਕਰਦਾ ਅਤੇ ਕਾਇਮ ਰੱਖਦਾ ਹੈ, ਭਾਵ ਇਹ ਸਮੁੱਚੇ ਰੂਪ ਵਿਚ ਕਿਸ ਤਰ੍ਹਾਂ ਬਦਲਦੇ ਸੰਤੁਲਨ ਦੇ ਤੌਰ ਤੇ ਸੰਚਾਲਿਤ ਹੁੰਦਾ ਹੈ।''

**ਕਾਰਲ ਮਾਰਕਸ** ਅਨੁਸਾਰ, ''ਸਮਾਜਿਕ ਨਿਯੰਤਰਣ ਉਨ੍ਹਾਂ ਢੰਗਾਂ ਦਾ ਜੋੜ ਹੈ ਜਿਨ੍ਹਾਂ ਰਾਹੀਂ ਸਮਾਜ ਵਿਵਸਥਾ ਨੂੰ ਸਥਿਰ ਰੱਖਣ ਲਈ, ਮਨੁੱਖੀ ਵਿਵਹਾਰ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦਾ ਹੈ।''

**ਗਿਲਨ ਅਤੇ ਗਿਲਨ** ਅਨੁਸਾਰ, ''ਸਮਾਜਿਕ ਨਿਯੰਤਰਣ, ਸੁਝਾਅ, ਪ੍ਰੇਰਣਾ, ਪ੍ਰਤਿਰੋਧ, ਦਬਾਅ ਜਿਸ ਵਿਚ ਸਰੀਰਕ ਬਲ ਪ੍ਰਯੋਗ ਹੋਣ ਦੇ ਨਾਲ ਨਾਲ ਸਭ ਸਾਧਨ ਸ਼ਾਮਲ ਹਨ, ਵਰਗੇ ਉਪਾਵਾਂ ਦੀ ਉਹ ਵਿਵਸਥਾ ਹੈ ਜਿਸ ਨਾਲ ਇਕ ਸਮਾਜ ਇਕ ਉਪ ਸਮੂਹ ਨੂੰ ਵਿਵਹਾਰ ਦੇ ਸਵੀਕ੍ਰਿਤ ਪ੍ਰਤਿਮਾਨ ਦੇ ਅਨੁਰੂਪ ਬਣਾਉਂਦਾ ਹੈ ਜਾਂ ਜਿਸ ਨਾਲ ਇਕ ਸਮੂਹ ਆਪਣੇ ਮੈਂਬਰਾਂ ਦੇ ਵਿਵਹਾਰ ਨੂੰ ਆਪਣੇ ਅਨੁਰੂਪ ਢਾਲਦਾ ਹੈ।''

**ਔਗਬਰਨ ਅਤੇ ਨਿਮਕੋਫ** ਅਨੁਸਾਰ, ''ਇਕ ਸਮਾਜਕ ਵਿਵਸਥਾ ਸਥਾਪਿਤ ਕਰਨ ਅਤੇ ਨਿਯਮਾਂ ਨੂੰ ਬਣਾਈ ਰੱਖਣ ਲਈ ਜਿਸ ਦਬਾਅ ਦੇ ਪ੍ਰਤਿਮਾਨ ਨੂੰ ਇਸਤੇਮਾਲ ਕਰਦਾ ਹੈ ਉਹ ਉਸ ਦੇ ਸਮਾਜਿਕ

ਨਿਯੰਤਰਣ ਦੀ ਵਿਵਸਥਾ ਕਹਿਲਾਉਂਦੀ ਹੈ।''

**ਪਾਲ ਅਤੇ ਲੈਂਡਿਸ** ਅਨੁਸਾਰ, ''ਸਮਾਜਿਕ ਨਿਯੰਤਰਣ ਸਮਾਜਿਕ ਪ੍ਰਤਿਕ੍ਰਿਆਵਾਂ ਦਾ ਇਕ ਕ੍ਰਮ ਹੈ ਜਿਸ ਨਾਲ ਵਿਅਕਤੀ ਸਮੂਹ ਦੇ ਪ੍ਰਤਿ ਜ਼ਿੰਮੇਵਾਰ ਬਣਾਇਆ ਜਾਂਦਾ ਹੈ ਜਿਸ ਨਾਲ ਸਮਾਜਿਕ ਸੰਗਠਨ ਬਣਾਇਆ ਜਾਂਦਾ ਹੈ ਅਤੇ ਸਥਿਰ ਰੱਖਿਆ ਜਾਂਦਾ ਹੈ, ਜਿਸ ਨਾਲ ਸਮਾਜੀਕਰਣ ਦੇ ਦੁਆਰਾ ਵਿਅਕਤੀ ਦਾ ਨਿਰਮਾਣ ਕੀਤਾ ਜਾਂਦਾ ਹੈ।''

**ਸੈਮੂਅਲ ਕੋਇਨਿੰਗ** ਅਨੁਸਾਰ, ''ਸਮਾਜਿਕ ਨਿਯੰਤਰਣ ਤੋਂ ਭਾਵ ਉਨ੍ਹਾਂ ਕਾਢਾਂ ਦੀ ਉਹ ਵਿਧੀ ਹੈ ਜਿਸ ਦੁਆਰਾ ਸਮਾਜ ਆਪਣੇ ਮੈਂਬਰਾਂ ਨੂੰ ਉਸ ਵਲੋਂ ਪ੍ਰਵਾਣਿਤ ਮਿਆਰਾਂ ਅਨੁਸਾਰ ਚੱਲਣ ਜਾਂ ਕਾਰਜ ਲਈ ਪ੍ਰੇਰਦਾ ਹੈ।''

ਉਪਰ ਦਿੱਤੀਆਂ ਪਰਿਭਾਸ਼ਾਵਾਂ ਤੋਂ ਸਾਫ਼ ਹੈ ਕਿ ਸਮਾਜ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਜਾਂ ਆਪਣੇ ਆਪ ਨੂੰ ਚਲਾਈ ਰੱਖਣ ਲਈ ਕੁਝ ਸਾਧਨਾਂ ਦਾ ਇਸਤੇਮਾਲ ਕਰਦਾ ਹੈ ਜਿਨ੍ਹਾਂ ਪਿੱਛੇ ਸਮਾਜ ਦੀ ਸ਼ਕਤੀ ਹੁੰਦੀ ਹੈ।

ਸਮਾਜਿਕ ਨਿਯੰਤਰਣ ਇਕ ਪ੍ਰਭਾਵ ਹੈ। ਇਹ ਪ੍ਰਭਾਵ ਸਮਾਜ ਦੁਆਰਾ ਪਾਇਆ ਜਾਂਦਾ ਹੈ ਅਤੇ ਇਸ ਪ੍ਰਭਾਵ ਦੀ ਵਰਤੋਂ ਸਮੁੱਚੇ ਰੂਪ ਵਿਚ ਸਮਾਜ ਭਲਾਈ ਅਤੇ ਉਸਦੇ ਵਿਕਾਸ ਲਈ ਕੀਤੀ ਜਾਂਦੀ ਹੈ।

### 10.3 ਸਮਾਜਿਕ ਨਿਯੰਤਰਣ ਦੀ ਮਹੱਤਤਾ (Significance of Social Control) :

ਸਮਾਜਿਕ ਨਿਯੰਤਰਣ ਸਮਾਜੀਕਰਣ ਦੀ ਇਕ ਪ੍ਰਮੁੱਖ ਏਜੰਸੀ ਹੈ ਜਿਹੜੀ ਕਿ ਵਿਅਕਤੀਆਂ ਦੇ ਵਿਵਹਾਰ ਨੂੰ ਨਿਯਮਿਤ ਕਰਦੀ ਹੈ। ਇਹ ਮਨੁੱਖੀ ਜੀਵਨ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਸਦੀ ਮਹੱਤਤਾ ਨੂੰ ਅਸੀਂ ਇਸ ਤਰ੍ਹਾਂ ਵੇਖ ਸਕਦੇ ਹਾਂ :

**10.3.1 ਪੁਰਾਣੀ ਵਿਵਸਥਾ ਕਾਇਮ ਰੱਖਣਾ** : ਜਿਵੇਂ ਕਿ ਅਸੀਂ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ ਕਿ ਸਮਾਜਿਕ ਨਿਯੰਤਰਣ ਸਮਾਜਿਕ ਵਿਵਸਥਾ ਨੂੰ ਸਥਿਰਤਾ ਪ੍ਰਦਾਨ ਕਰਦਾ ਹੈ। ਇਸਦੇ ਨਾਲ ਨਾਲ ਇਹ ਪੁਰਾਣੀ ਸਮਾਜਿਕ ਵਿਵਸਥਾ ਨੂੰ ਵੀ ਬਣਾਕੇ ਰੱਖਣ ਵਿਚ ਸਹਾਇਕ ਹੁੰਦਾ ਹੈ। ਇਸੇ ਕਰਕੇ ਸਮਾਜ ਦੀ ਨਿਰੰਤਰਤਾ ਕਾਇਮ ਰਹਿੰਦੀ ਹੈ। ਬੇਸ਼ਕ ਮਨੁੱਖੀ ਸਮਾਜ ਪਰਵਰਤਨਸ਼ੀਲ ਹੈ ਪ੍ਰੰਤੂ ਸਾਡੇ ਸਮਾਜ ਦੁਆਰਾ ਹੀ ਪੁਰਾਣੀ ਪ੍ਰੰਪਰਾ, ਆਦਰਸ਼ਾਂ, ਕਦਰਾਂ ਕੀਮਤਾਂ, ਨਿਯਮਾਂ ਨੂੰ ਮੰਨਣ ਲਈ ਨਵੀਂ ਪੀੜ੍ਹੀ ਤੇ ਦਬਾਅ ਪਾਇਆ ਜਾਂਦਾ ਹੈ। ਸਮਾਜਿਕ ਨਿਯੰਤਰਣ ਦੁਆਰਾ ਹੀ ਪੁਰਾਣੇ ਅਤੇ ਨਵੇਂ ਨਿਯਮਾਂ ਵਿਚ ਤਾਲਮੇਲ ਸਥਾਪਿਤ ਹੁੰਦਾ ਹੈ।

**10.3.2 ਸਮਾਜਿਕ ਏਕਤਾ ਬਣਾਈ ਰੱਖਣ ਵਿਚ ਸਹਾਈ** : ਸਮਾਜਿਕ ਨਿਯੰਤਰਣ ਵੱਖ-ਵੱਖ ਮਨੋਬਿਰਤੀਆਂ ਵਾਲੇ ਲੋਕਾਂ ਨੂੰ ਸਮਾਜ ਦੁਆਰਾ ਦੱਸੇ ਨਿਯਮਾਂ ਅਨੁਸਾਰ ਵਿਵਹਾਰ ਕਰਨ ਲਈ ਦਬਾਓ ਪਾਉਂਦਾ ਹੈ। ਜਿਸ ਨਾਲ ਸਮਾਜ ਵਿਚ ਏਕਤਾ ਬਣੀ ਰਹਿੰਦੀ ਹੈ ਕਿਉਂਕਿ ਸਾਰੇ ਵਿਅਕਤੀ ਲਗਭੱਗ ਸਮਰੂਪ ਵਿਵਹਾਰ ਕਰਦੇ ਹਨ। ਇਸ ਲਈ ਸਮਾਜਿਕ ਏਕਤਾ ਬਣਾਈ ਰੱਖਣ ਵਿਚ ਵੀ ਸਮਾਜਿਕ ਨਿਯੰਤਰਣ ਦੀ ਬਹੁਤ ਮਹੱਤਤਾ ਹੈ।

**10.3.3 ਸਮਾਜੀਕਰਨ ਵਿਚ ਸਹਾਇਕ** : ਜਿਵੇਂ ਕਿ ਤੁਹਾਨੂੰ ਪਤਾ ਹੀ ਹੈ ਕਿ ਸਮਾਜੀਕਰਨ ਉਹ ਪ੍ਰਕ੍ਰਿਆ ਹੈ ਜਿਸ ਰਾਹੀਂ ਵਿਅਕਤੀ ਸਮਾਜ ਵਿਚ ਰਹਿਣ ਦੇ ਨਿਯਮ ਸਿੱਖਦਾ ਹੈ ਅਤੇ ਸਮਾਜਿਕ ਵਿਅਕਤੀ ਬਣਦਾ ਹੈ। ਸਮਾਜਿਕ ਨਿਯੰਤਰਣ ਕਈ ਪ੍ਰਕ੍ਰਿਆਵਾਂ ਜਿਵੇਂ ਅਨੁਕਰਨ, ਸੁਝਾਅ, ਦਬਾਅ ਆਦਿ ਰਾਹੀਂ ਵਿਅਕਤੀ ਦੀਆਂ ਪਸ਼ੂਵ੍ਰਿਤੀਆਂ ਨੂੰ ਸਮਾਜਿਕ ਬਣਾਉਂਦਾ ਹੈ। ਇਸ ਲਈ ਸਮਾਜੀਕਰਨ ਦੀ ਪ੍ਰਕ੍ਰਿਆ ਵਿਚ ਵੀ ਸਮਾਜਿਕ ਨਿਯੰਤਰਣ ਦਾ ਬਹੁਤ ਵੱਡਾ ਰੋਲ ਹੈ ਅਤੇ ਅਸੀਂ ਕਹਿ ਸਕਦੇ ਹਾਂ ਕਿ ਸਮਾਜਿਕ ਨਿਯੰਤਰਣ ਤੋਂ ਬਿਨਾਂ ਵਿਅਕਤੀਆਂ ਦਾ ਸਮਾਜੀਕਰਨ ਸੰਭਵ ਹੀ ਨਹੀਂ।

**10.3.4 ਸਹਿਯੋਗ ਦੀ ਭਾਵਨਾ ਪੈਦਾ ਕਰਨਾ** : ਸਮਾਜਿਕ ਨਿਯੰਤਰਣ ਦੀ ਮਹੱਤਤਾ ਇਸ ਲਈ ਵੀ ਹੈ ਕਿ ਇਹ ਵਿਅਕਤੀਆਂ ਵਿਚ ਸਹਿਯੋਗ ਦੀ ਭਾਵਨਾ ਪੈਦਾ ਕਰਦਾ ਹੈ। ਕਿਉਂਕਿ ਸਮਾਜ ਵਿਚ ਰਹਿੰਦੇ ਹੋਏ ਵਿਅਕਤੀਆਂ ਨੂੰ ਆਪਣੀਆਂ ਲੋੜਾਂ ਪੂਰਾ ਕਰਨ ਦੇ ਲਈ ਇਕ ਦੂਜੇ ਦੇ ਸਹਿਯੋਗ ਦੀ ਜ਼ਰੂਰਤ ਪੈਂਦੀ ਹੈ ਜਿਸ ਲਈ ਸਮਾਜਿਕ ਨਿਯੰਤਰਣ ਵਿਅਕਤੀਆਂ ਨੂੰ ਪ੍ਰੇਰਿਤ ਕਰਦਾ ਹੈ ਜਿਸ ਨਾਲ ਉਹ ਦੂਜਿਆਂ ਨਾਲ ਸਹਿਯੋਗ ਕਰਨਾ ਸਿੱਖਦੇ ਹਨ ਜਿਵੇਂ ਕਿ ਕਿਰਤ-ਵੰਡ ਰਾਹੀਂ ਕੰਮ ਕਰਨਾ।

**10.3.5 ਨਿੱਜੀ ਵਿਵਹਾਰ ਨੂੰ ਕਾਬੂ ਕਰਨਾ** : ਕਦੇ ਵੀ ਦੋ ਵਿਅਕਤੀਆਂ ਦੇ ਵਿਵਹਾਰ ਇਕੋ ਜਿਹੇ ਨਹੀਂ ਹੁੰਦੇ। ਹਰੇਕ ਵਿਅਕਤੀ ਦੀਆਂ ਨਿੱਜੀ ਰੁਚੀਆਂ, ਮਨੋ ਭਾਵਨਾਵਾਂ ਜਾਂ ਵਿਚਾਰ ਵੱਖ ਹੁੰਦੇ ਹਨ। ਸਮਾਜਿਕ ਨਿਯੰਤਰਣ ਸਾਰੇ ਵਿਅਕਤੀਆਂ ਦੇ ਨਿਜੀ ਵਿਵਹਾਰ ਨੂੰ ਕਾਬੂ ਵਿਚ ਰੱਖਣ ਲਈ ਯੋਗਦਾਨ ਪਾਉਂਦਾ ਹੈ ਤਾਂਕਿ ਦੋ ਵਿਅਕਤੀਆਂ ਜਾਂ ਸਮੂਹਾਂ ਵਿੱਚ ਸੰਘਰਸ਼ ਦੀ ਸਥਿਤੀ ਟਾਲੀ ਜਾਵੇ ਅਤੇ ਵਿਅਕਤੀਆਂ ਦੇ ਜੰਗਲੀ ਵਿਵਹਾਰ ਤੇ ਕਾਬੂ ਕਰਕੇ ਸਮਾਜ ਵਿਚ ਅਵਿਵਸਥਾ ਫੈਲਣ ਤੋਂ ਰੋਕੀ ਜਾ ਸਕੇ।

**10.3.6 ਸਭਿਆਚਾਰਕ ਕੁਜੋੜ ਨੂੰ ਰੋਕਣਾ (To check Cultural maladjustment) :**

ਆਧੁਨਿਕ ਯੁੱਗ ਵਿਚ ਜਿੱਥੇ ਆਧੁਨਿਕੀਕਰਨ, ਸਨਅਤੀਕਰਣ ਅਤੇ ਸ਼ਹਿਰੀਕਰਨ ਦੀਆਂ ਪ੍ਰਕ੍ਰਿਆਵਾਂ ਤੇਜ਼ੀ ਨਾਲ ਵਾਪਰ ਰਹੀਆਂ ਹਨ ਅਤੇ ਹਰ ਰੋਜ਼ ਨਵੀਆਂ ਖੋਜਾਂ, ਤਕਨੀਕ ਅਤੇ ਨਵੀਂ ਵਿਚਾਰਧਾਰਾ ਜਨਮ ਲੈ ਰਹੀ ਹੈ ਉਸ ਨਾਲ ਸਭਿਆਚਾਰਕ ਕੁਜੋੜ ਵੀ ਵੱਧ ਰਿਹਾ ਹੈ। ਸਮਾਜ ਦੇ ਸਾਰੇ ਮੈਂਬਰ ਇਹਨਾਂ ਪਰਿਵਰਤਨਾਂ ਨਾਲ ਪਰਿਵਰਤਿਤ ਹੋਣ ਲਈ ਤਿਆਰ ਨਹੀਂ ਹੁੰਦੇ। ਕੁਝ ਪਰੰਪਰਾਵਾਦੀ ਬਣੇ ਰਹਿਣਾ ਚਾਹੁੰਦੇ ਹਨ ਅਤੇ ਕੁਝ ਤਰੱਕੀ ਲਈ ਨਵੀਂ ਸੋਚ ਅਪਨਾਉਣਾ ਚਾਹੁੰਦੇ ਹਨ। ਇਹਨਾਂ ਸਭ ਵਿਚ ਸੰਘਰਸ਼ ਦੀ ਸਥਿਤੀ ਨੂੰ ਟਾਲਣ ਲਈ, ਸਮਾਜਿਕ ਮਰਿਆਦਾਵਾਂ ਦੀ ਉਲੰਘਣਾ ਅਤੇ ਅਨੁਸ਼ਾਸਨਹੀਣਤਾ ਦੇ ਪਸਾਰ ਤੋਂ ਬਚਾਅ ਲਈ ਸਮਾਜਿਕ ਨਿਯੰਤਰਣ ਦੀ ਅਹਿਮ ਭੂਮਿਕਾ ਹੁੰਦੀ ਹੈ। ਇਹ ਵਿਅਕਤੀਆਂ ਨੂੰ ਸਮਾਜਿਕ ਮਾਨਤਾ ਪ੍ਰਾਪਤ ਵਿਵਹਾਰ ਕਰਨ ਨੂੰ ਪਾਬੰਦ ਕਰਦਾ ਹੈ।

**10.3.7 ਦਿਸ਼ਾ ਪ੍ਰਦਾਨ ਕਰਨਾ** : ਸਮਾਜਿਕ ਨਿਯੰਤਰਣ ਆਪਣੇ ਨਿਯਮਾਂ, ਕਦਰਾਂ ਕੀਮਤਾਂ, ਆਦਰਸ਼ਾਂ ਆਦਿ ਰਾਹੀਂ ਵਿਅਕਤੀਆਂ ਨੂੰ ਇਕ ਦਿਸ਼ਾ ਪ੍ਰਦਾਨ ਕਰਦਾ ਹੈ ਕਿ ਉਹਨਾਂ ਨੂੰ ਸਮਾਜ ਵਿਚ ਵਿਚਰਨ ਲਈ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ। ਉਹਨਾਂ ਲਈ ਕੀ ਸਹੀ ਅਤੇ ਕੀ ਗਲਤ। ਸਮਾਜਿਕ ਮਾਨਤਾ ਪ੍ਰਾਪਤ ਵਿਵਹਾਰ ਨੂੰ ਅਪਣਾਉਣ ਲਈ ਸਮਾਜਿਕ ਨਿਯੰਤਰਣ ਰਸਤਾ ਦਿਖਾਉਂਦਾ ਹੈ। ਜੇਕਰ ਵਿਅਕਤੀ ਨੂੰ ਸਮਝ ਨਾ ਆਵੇ ਕਿ ਉਹਨਾਂ ਨੇ ਕੀ ਕਰਨਾ ਹੈ, ਉਹਨਾਂ ਲਈ ਕੀ ਸਹੀ ਹੈ ਕੀ ਗਲਤ ਤਾਂ ਸਮਾਜ ਵਿਚ ਅਵਿਵਸਥਾ ਦੀ ਸਥਿਤੀ ਉਤਪੰਨ ਹੋ ਜਾਵੇਗੀ ਅਤੇ ਅਸਥਿਰਤਾ ਆ ਜਾਵੇਗੀ।

ਉਪਰੋਕਤ ਚਰਚਾ ਤੋਂ ਅਸੀਂ ਕਹਿ ਸਕਦੇ ਹਾਂ ਕਿ ਸਮਾਜਿਕ ਨਿਯੰਤਰਣ ਇਕ ਦਬਾਅ ਹੁੰਦਾ ਹੈ ਜਿਸ ਨਾਲ ਲੋਕਾਂ ਦੇ ਵਿਵਹਾਰ, ਆਦਤਾਂ, ਵਿਚਾਰਾਂ ਆਦਿ ਵਿਚ ਇਕਸਾਰਤਾ ਪੈਦਾ ਕੀਤੀ ਜਾਂਦੀ ਹੈ। ਇਹ ਮਨੁੱਖਾਂ ਨੂੰ ਆਪਣੇ ਆਪ ਨੂੰ ਸਮਾਜਿਕ ਪਰਿਵਰਤਨਾਂ ਅਨੁਸਾਰ ਚੱਲਣ ਦਾ ਢੰਗ ਦੱਸਦਾ ਹੈ ਅਤੇ ਵਿਅਕਤੀਆਂ ਲਈ ਦਿਸ਼ਾ ਪ੍ਰਦਾਨ ਕਰਦਾ ਹੈ ਤਾਂ ਕਿ ਉਹ ਸਮਾਜਿਕ ਮਾਨਤਾ ਪ੍ਰਾਪਤ ਵਿਵਹਾਰ ਅਨੁਸਾਰ ਸਮਾਜ ਵਿਚ ਵਿਚਰ ਸਕਣ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਸਮਾਜਿਕ ਨਿਯੰਤਰਣ ਦੀ ਸਾਰੀ ਜ਼ਿੰਦਗੀ ਵਿਚ ਬਹੁਤ ਮਹੱਤਤਾ ਹੈ।

**10.4 ਸਮਾਜਿਕ ਨਿਯੰਤਰਣ ਦੀਆਂ ਕਿਸਮਾਂ (Types of Social Control) :**

ਵੱਖ-ਵੱਖ ਸਮਾਜ ਵਿਗਿਆਨੀਆਂ ਨੇ ਸਮਾਜਿਕ ਨਿਯੰਤਰਣ ਦੀਆਂ ਵੱਖ-ਵੱਖ ਕਿਸਮਾਂ ਦਿੱਤੀਆਂ ਹਨ ਉਹਨਾਂ ਵਿਚੋਂ ਕੁਝ ਕੁ ਦਾ ਅਸੀਂ ਇਥੇ ਵਰਨਣ ਕਰ ਰਹੇ ਹਾਂ।

**10.4.1 ਲੂਬਰ ਬਰਨਾਰਡ (Luber Bernard)** ਨੇ ਸਮਾਜਿਕ ਨਿਯੰਤਰਣ ਦੀਆਂ ਦੋ ਕਿਸਮਾਂ ਦਾ ਜ਼ਿਕਰ ਕੀਤਾ ਹੈ ਉਹ ਹਨ :

(ੳ) ਚੇਤਨ ਸਮਾਜਿਕ ਨਿਯੰਤਰਣ

(ਅ) ਅਚੇਤਨ ਸਮਾਜਿਕ ਨਿਯੰਤਰਣ

**10.4.1.1 ਚੇਤਨ ਸਮਾਜਿਕ ਨਿਯੰਤਰਣ (Conscious Social Control)** : ਜਿਹੜੇ ਨਿਯੰਤਰਣ ਨੂੰ ਵਿਅਕਤੀ ਮਾਨਸਿਕ ਤੌਰ ਤੇ ਮੰਨਣ ਲਈ ਚੇਤੰਨ ਹੁੰਦੇ ਹਨ ਉਸ ਨੂੰ ਚੇਤੰਨ ਸਮਾਜਿਕ ਨਿਯੰਤਰਣ ਕਿਹਾ ਜਾਂਦਾ ਹੈ। ਆਦਮੀ ਸਮਾਜ ਵਿਚ ਰਹਿੰਦੇ ਹੋਏ ਬਹੁਤ ਸਾਰੇ ਕੰਮਾਂ ਤੇ ਗੱਲਾਂ ਪ੍ਰਤੀ ਚੇਤੰਨ ਹੁੰਦਾ ਹੈ ਜਿਵੇਂ ਵੱਡਿਆਂ ਦਾ ਆਦਰ ਕਰਨਾ, ਗਲੀ ਮੁਹੱਲੇ ਵਿਚ ਠੀਕ ਢੰਗ ਨਾਲ ਰਹਿਣਾ, ਚੋਰੀ ਨਾ ਕਰਨਾ ਆਦਿ। ਇਹ ਗੱਲਾਂ ਉਸ ਨੂੰ ਸਮਾਜ ਵਿਚ ਆਦਰ-ਯੋਗ ਸਥਾਨ ਬਣਾਉਣ ਲਈ ਨਜ਼ਰ ਵਿਚ ਰੱਖਣੀਆਂ ਪੈਂਦੀਆਂ ਹਨ।

**10.4.1.2 ਅਚੇਤੰਨ ਸਮਾਜਿਕ ਨਿਯੰਤਰਣ (Unconscious Social Control)** : ਉਹ

ਕੰਮ ਜਾਂ ਵਿਵਹਾਰ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਅਚੇਤੰਨ ਰੂਪ ਵਿਚ ਵਿਚਾਰਦੇ ਹਾਂ ਜਿਵੇਂ ਰੀਤੀ ਰਿਵਾਜ, ਵਿਵਹਾਰਿਕ ਨਿਯਮ ਆਦਿ।

10.4.2 **ਕਾਰਲ ਮੈਨਹੀਮ (Karl M.)** ਨੇ ਸਮਾਜਿਕ ਨਿਯੰਤਰਣ ਨੂੰ ਦੋ ਭਾਗਾਂ ਵਿਚ ਵੰਡਿਆ ਹੈ –

10.4.2.1 **ਪ੍ਰਤੱਖ ਸਮਾਜਿਕ ਨਿਯੰਤਰਣ (Direct Social Control)** : ਸਮਾਜ ਵਿਚ ਰਹਿੰਦੇ ਹੋਏ ਆਦਮੀ ਕੁਝ ਵਿਅਕਤੀਆਂ ਦੇ ਵਧੇਰੇ ਨਜ਼ਦੀਕ ਹੁੰਦਾ ਹੈ। ਜਿਵੇਂ ਪਰਿਵਾਰ ਇਕ ਮੁੱਢਲੀ ਸੰਸਥਾ ਹੈ, ਉਸ ਤੋਂ ਬਾਅਦ ਸਕੂਲ, ਕਾਲਜ ਜਾਂ ਦੋਸਤਾਂ ਦਾ ਘੇਰਾ ਹੈ। ਪਰਿਵਾਰ ਦੇ ਮੈਂਬਰਾਂ, ਅਧਿਆਪਕਾਂ, ਸਹਿਪਾਠੀਆਂ, ਦੋਸਤਾਂ ਅਤੇ ਗੁਆਂਢੀਆਂ ਆਦਿ ਦੇ ਵਿਚਾਰਾਂ ਦਾ ਆਦਮੀ ਤੇ ਬਹੁਤ ਪ੍ਰਭਾਵ ਪੈਂਦਾ ਹੈ। ਉਨ੍ਹਾਂ ਦੇ ਉਸ ਪ੍ਰਤਿ ਵਿਚਾਰ, ਆਲੋਚਨਾ ਆਦਿ ਆਦਮੀ ਦੇ ਵਿਵਹਾਰ ਤੇ ਨਿਯੰਤਰਣ ਰੱਖਦੇ ਹਨ।

10.4.2.2 **ਅਪ੍ਰਤੱਖ ਸਮਾਜਿਕ ਨਿਯੰਤਰਣ (Indirect Social Control)** :- ਜੋ ਸਾਧਨ ਆਦਮੀ ਤੋਂ ਦੂਰ ਹੁੰਦੇ ਹਨ ਉਹ ਵੀ ਉਸ ਤੇ ਨਿਯੰਤਰਣ ਲਾਉਂਦੇ ਹਨ ਜਿਹਨਾਂ ਨੂੰ ਅਪ੍ਰਤੱਖ ਨਿਯੰਤਰਣ ਕਿਹਾ ਜਾਂਦਾ ਹੈ ਜਿਵੇਂ ਰਸਮੋਂ ਰਿਵਾਜ, ਸੰਸਥਾਵਾਂ, ਤਰਕ-ਸੰਗਤ ਵਿਵਹਾਰ, ਹਾਲਤਾਂ ਵਿਚ ਤਬਦੀਲੀ ਅਤੇ ਸਮਾਜਿਕ ਯੰਤਰ ਆਦਿ। ਇਹ ਸਾਧਨ ਅਦਿੱਖ ਹੁੰਦੇ ਹਨ। ਇਸ ਤੋਂ ਇਲਾਵਾ ਕੁਝ ਹੋਰ ਸਾਧਨ ਵੀ ਮਨੁੱਖ ਤੇ ਨਿਯੰਤਰਣ ਲਾਉਂਦੇ ਹਨ ਜਿਵੇਂ ਕਾਨੂੰਨ, ਪ੍ਰਥਾ ਅਤੇ ਜਨਮਤ ਆਦਿ।

10.4.3 **ਕਿੰਬਲ-ਯੰਗ (Kimball Young)** ਨੇ ਵੀ ਸਮਾਜਿਕ ਨਿਯੰਤਰਣ ਨੂੰ ਦੋ ਭਾਗਾਂ ਵਿਚ ਵੰਡਿਆ ਹੈ :-

10.4.3.1 **ਸਕਾਰਾਤਮਕ ਸਮਾਜਿਕ ਨਿਯੰਤਰਣ (Positive Social Control)** :- ਸਮਾਜ ਵਿਚ ਰਹਿੰਦੇ ਹੋਏ ਹਰ ਆਦਮੀ ਚਾਹੁੰਦਾ ਹੈ ਕਿ ਉਸ ਨੂੰ ਇੱਜਤ ਮਾਣ ਮਿਲੇ ਅਤੇ ਉਸ ਦੀ ਵਾਹ ਵਾਹ ਹੋਵੇ। ਉਹ ਮਾਨ ਵਡਿਆਈ ਪ੍ਰਾਪਤ ਕਰਨ ਲਈ ਯਤਨਸ਼ੀਲ ਰਹਿੰਦਾ ਹੈ। ਇਸ ਤੇ ਆਦਮੀ ਦੇ ਗੁਣਾਂ ਨੂੰ ਪਰਖਦੇ ਹੋਏ ਉਸ ਨੂੰ ਪੁਰਸਕਾਰ (Reward) ਦਿੱਤੇ ਜਾਂਦੇ ਹਨ ਤੇ ਉਹ ਉਹਨਾਂ ਨੂੰ ਪ੍ਰਾਪਤ ਕਰਨ ਲਈ ਅਨੁਸ਼ਾਸਨ ਵਿਚ ਰਹਿ ਕੇ ਕੰਮ ਕਰਦਾ ਹੈ, ਜਿਸ ਨਾਲ ਹੋਰ ਕਿਸੇ ਦੀ ਹਾਨੀ ਨਾਂ ਹੋਵੇ।

10.4.3.2 **ਨਾਕਾਰਾਤਮਕ ਸਮਾਜਿਕ ਨਿਯੰਤਰਣ (Negative Social Control)** : ਸਮਾਜ ਵਿਚ ਹਰ ਕਿਸਮ ਦੇ ਮਨੁੱਖ ਹੁੰਦੇ ਹਨ। ਕੁਝ ਆਦਮੀ ਉਹ ਹਨ ਜੋ ਚੰਗੇ ਕੰਮਾਂ ਕਰਕੇ ਪੁਰਸਕਾਰ ਜਾਂ ਮਾਣ-ਵਡਿਆਈ ਹਾਸਲ ਕਰਦੇ ਹਨ। ਇਸ ਤੋਂ ਉਲਟ ਕੁਝ ਇਸ ਤਰ੍ਹਾਂ ਦੇ ਵਿਅਕਤੀ ਹੁੰਦੇ ਹਨ ਜੋ ਮਾੜੇ ਕੰਮਾਂ ਕਰਕੇ ਦੰਡ ਜਾਂ ਸਜ਼ਾ ਦੇ ਭਾਗੀ ਬਣਦੇ ਹਨ। ਇਹ ਦੰਡ ਕਈ ਪ੍ਰਕਾਰ ਦੇ ਹੁੰਦੇ ਹਨ ਜਿਵੇਂ ਸਰੀਰਕ, ਹਲਕਾ ਦੰਡ, ਕਠੋਰ, ਮਾਇਕ ਅਤੇ ਮਾਨਸਿਕ ਆਦਿ ਜਿਨ੍ਹਾਂ ਦੇ ਡਰ ਕਰਕੇ ਉਹ ਨਿਯੰਤਰਣ ਵਿਚ ਰਹਿੰਦਾ ਹੈ।

10.4.4 **ਸਮਾਜਿਕ ਨਿਯੰਤਰਣ ਦੀ ਆਮ ਵੰਡ** :

ਵੱਖ-ਵੱਖ ਸਮਾਜ ਵਿਗਿਆਨੀਆਂ ਦੁਆਰਾ ਦਿੱਤੀਆਂ ਸਮਾਜਿਕ ਨਿਯੰਤਰਣ ਦੀਆਂ ਕਿਸਮਾਂ ਤੋਂ ਇਲਾਵਾ ਆਮ ਤੌਰ ਤੇ ਸਮਾਜਿਕ ਨਿਯੰਤਰਣ ਨੂੰ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ ਉਹ ਹਨ :

(ੳ) ਰਸਮੀ ਸਮਾਜਿਕ ਨਿਯੰਤਰਣ

(ਅ) ਗੈਰ ਰਸਮੀ ਸਮਾਜਿਕ ਨਿਯੰਤਰਣ

10.4.4.1 **ਰਸਮੀ ਸਮਾਜਿਕ ਨਿਯੰਤਰਣ (Formal Social Control)** : ਰਸਮੀ ਨਿਯੰਤਰਣ ਉਹ ਹੁੰਦੇ ਹਨ ਜੋ ਖਾਸ ਤੌਰ ਤੇ ਸਮਾਜਿਕ ਵਿਵਸਥਾ ਨੂੰ ਬਣਾਏ ਰੱਖਣ ਲਈ ਬਣਾਏ ਜਾਂਦੇ ਹਨ ਜਿਵੇਂ ਸਰਕਾਰ, ਕਾਨੂੰਨ, ਪੁਲਸ, ਫੌਜ ਤੇ ਜੇਲ੍ਹ ਆਦਿ।

10.4.4.2 **ਗੈਰ ਰਸਮੀ ਸਮਾਜਿਕ ਨਿਯੰਤਰਣ (Informal Social Control) :** ਇਸ ਸਮਾਜਿਕ ਨਿਯੰਤਰਣ ਸਮਾਜ ਦੀਆਂ ਜ਼ਰੂਰਤਾਂ ਤੇ ਬਦਲਦੀਆਂ ਪਰਿਸਥਿਤੀਆਂ ਮੁਤਾਬਕ ਆਪਣੇ ਆਪ ਵਿਕਸਤ ਹੁੰਦੇ ਹਨ ਜਿਵੇਂ ਆਦੇਸ਼, ਰਸਮ-ਰਿਵਾਜ ਅਤੇ ਰੂੜ੍ਹੀਆਂ ਆਦਿ।

**ਆਪਣਾ ਗਿਆਨ ਪਰਖੋ** :

(ੳ) ਸਮਾਜਿਕ ਨਿਯੰਤਰਣ ਤੋਂ ਕੀ ਭਾਵ ਹੈ?

..........................................................................................................................

.............................................................................................................

.............................................................................................................

(ਅ) ਕਾਰਲ ਮੈਨਹੀਮ ਅਨੁਸਾਰ ਸਮਾਜਿਕ ਨਿਯੰਤਰਣ ਦੀਆਂ ਕਿਸਮਾਂ।

.............................................................................................................

.............................................................................................................

.............................................................................................................

(ੲ) ਕਿੰਬਲ-ਯੰਗ ਨੇ ਸਮਾਜਿਕ ਨਿਯੰਤਰਣ ਨੂੰ ਕਿੰਨੇ ਹਿੱਸਿਆਂ ਵਿਚ ਵੰਡਿਆ ਹੈ ਤੇ ਕਿਹੜੇ।

.............................................................................................................

.............................................................................................................

.............................................................................................................

## 10.5 ਸਮਾਜਿਕ ਨਿਯੰਤਰਣ ਦੇ ਸਾਧਨ (Agencies of Social Control) :

ਸਮਾਜਿਕ ਨਿਯੰਤਰਣ ਦੇ ਬਹੁਤ ਸਾਰੇ ਸਾਧਨ ਜਾਂ ਏਜੰਸੀਆਂ ਹਨ ਜਿਨ੍ਹਾਂ ਦਾ ਪ੍ਰਭਾਵ ਵੱਖ-ਵੱਖ ਸਮਾਜਾਂ ਵਿਚ ਵਿਅਕਤੀਆਂ ਦੇ ਵਿਵਹਾਰ ਉਪਰ ਵੱਖ-ਵੱਖ ਹੁੰਦਾ ਹੈ। ਹਰੇਕ ਸਮਾਜ ਆਪਣੇ ਆਪ ਨੂੰ ਸੰਤੁਲਨ ਵਿਚ ਰੱਖਣ ਲਈ, ਸਮਾਜਿਕ ਕਰਤਾ ਤੇ ਕਈ ਕਿਸਮ ਦੇ ਨਿਯੰਤਰਣ ਲਗਾਉਂਦਾ ਹੈ। ਸਮਾਜ ਦੇ ਪੈਦਾਵਾਰੀ ਸਾਧਨਾਂ ਤੇ ਰਿਸ਼ਤਿਆਂ ਵਿਚ ਵੱਡੀ ਪੱਧਰ ਤੇ ਤਬਦੀਲੀਆਂ ਹੋਈਆਂ ਹਨ। ਕਿਸੇ ਹੱਦ ਤੱਕ ਉਦਯੋਗਿਕ ਵਿਕਾਸ ਵੀ ਹੋਇਆ ਹੈ ਜਿਸ ਨਾਲ ਸਮਾਜਿਕ ਤਾਣਾ ਬਾਣਾ ਕਾਫ਼ੀ ਗੁੰਝਲਦਾਰ ਹੋ ਗਿਆ ਹੈ। ਇਸ ਨੂੰ ਠੀਕ ਦਿਸ਼ਾ ਵਿਚ ਚਲਾਉਣ ਲਈ ਜੋ ਨਿਯੰਤਰਣ ਲਗਾਏ ਜਾਂਦੇ ਹਨ ਉਨ੍ਹਾਂ ਦਾ ਅਸੀਂ ਵਿਸਥਾਰ ਨਾਲ ਵਰਨਣ ਕਰਾਂਗੇ :

**10.5.1 ਪਰਿਵਾਰ (Family) :** ਪਰਿਵਾਰ ਸਮਾਜਿਕ ਨਿਯੰਤਰਣ ਦੀ ਸਭ ਤੋਂ ਪ੍ਰਮੁੱਖ ਅਤੇ ਮਹੱਤਵਪੂਰਨ ਏਜੰਸੀ ਹੈ ਇਹ ਸਮਾਜ ਦੀ ਬਹੁਤ ਹੀ ਮਹੱਤਵਪੂਰਣ ਸੰਸਥਾ ਹੈ ਜਿਸ ਨੂੰ ਸਿੱਖਿਆ ਜਾ ਸਮਾਜੀਕਰਣ ਦਾ ਪਹਿਲਾ ਸਕੂਲ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਉਸ ਦਾ ਪਹਿਲਾ ਅਧਿਆਪਕ ਮਾਂ ਹੁੰਦੀ ਹੈ ਜੋ ਉਸ ਨੂੰ ਮੁੱਢਲੀ ਵਿੱਦਿਆ ਦੇਂਦੀ ਹੈ। ਉਸ ਤੋਂ ਬਾਅਦ ਜਦੋਂ ਬੱਚਾ ਵੱਡਾ ਹੁੰਦਾ ਹੈ ਤਾਂ ਉਹ ਪਰਿਵਾਰ ਦੇ ਦੂਜੇ ਮੈਂਬਰਾਂ ਨੂੰ ਆਪਸ ਵਿਚ ਕਾਰ-ਵਿਹਾਰ ਅਤੇ ਗੱਲਬਾਤ ਕਰਦਾ ਤੱਕਦਾ ਹੈ ਕਿ ਕਿਵੇਂ ਪਰਿਵਾਰ ਦੇ ਮੈਂਬਰ ਪਰਿਵਾਰਕ ਰਸਮਾਂ ਰਿਵਾਜ਼ਾਂ ਨੂੰ ਮੰਨਦੇ ਹਨ। ਉਹ ਵੀ ਪਰਿਵਾਰਕ ਰੀਤੀ-ਰਿਵਾਜਾਂ ਨੂੰ ਮੰਨਣਾ ਸਿੱਖਦਾ ਹੈ। ਉਹ ਕੋਈ ਅਜਿਹਾ ਕੰਮ ਨਹੀਂ ਕਰਦਾ ਜੋ ਪਰਿਵਾਰ ਦੀ ਸ਼ਾਨ ਦੇ ਖਿਲਾਫ ਜਾਂਦਾ ਹੋਵੇ। ਉਹ ਆਪਣਾ ਤੇ ਪਰਿਵਾਰ ਦਾ ਭਲਾ-ਬੁਰਾ, ਚੰਗਾ-ਮੰਦਾ ਸੋਚਦਾ ਹੈ। ਉਹ ਸਿੱਖਦਾ ਹੈ ਕਿਵੇ ਂ ਵੱਡਿਆਂ ਦਾ ਆਦਰ ਕਰਨਾ ਹੈ ਜਾਂ ਛੋਟਿਆਂ ਨੂੰ ਪਿਆਰ ਕਰਨਾ ਹੈ। ਸਮਾਜ ਵਿਚ ਹੋਰ ਫਰਜ਼ਾਂ ਪ੍ਰਤਿ ਜ਼ਿੰਮੇਵਾਰੀਆਂ ਦਾ ਅਹਿਸਾਸ ਵੀ ਉਹ ਕਾਫ਼ੀ ਹੱਦ ਤਕ ਪਰਿਵਾਰ ਵਿਚੋਂ ਹੀ ਗ੍ਰਹਿਣ ਕਰਦਾ ਹੈ। ਮਾਂ-ਬਾਪ ਦਾ ਬੱਚੇ ਤੇ ਕੰਟਰੋਲ ਇਕ ਕਿਸਮ ਦਾ ਸਮਾਜ ਦਾ ਆਦਮੀ ਤੇ ਕੰਟਰੋਲ ਹੁੰਦਾ ਹੈ। ਪਰਿਵਾਰ ਦੇ ਕੁਝ ਆਪਣੇ ਕਾਨੂੰਨ ਹੁੰਦੇ ਹਨ ਜੋ ਹਰ ਮੈਂਬਰ ਨੂੰ ਮੰਨਣੇ ਪੈਂਦੇ ਹਨ। ਆਮ ਤੌਰ ਤੇ ਪਰਿਵਾਰ ਦਾ ਹਰੇਕ ਮੈਂਬਰ ਆਪਣੇ ਆਪ ਪਰਿਵਾਰਕ ਕਾਨੂੰਨ ਮੰਨਣੇ ਸਿੱਖ ਜਾਂਦਾ ਹੈ। ਪਰ ਕਈ ਵਾਰ ਨਾ ਮੰਨਣ ਤੇ ਪਰਿਵਾਰ ਵਲੋਂ ਉਸ ਨੂੰ ਸਜ਼ਾ ਵੀ ਮਿਲਦੀ ਹੈ। ਆਮ ਤੌਰ ਤੇ ਕਿਸੇ ਬੱਚੇ ਦੇ ਚਰਿੱਤਰ ਨੂੰ ਵੇਖ ਕੇ ਹੀ ਉਸ ਦੇ ਪਰਿਵਾਰ ਬਾਰੇ ਰਾਇ ਬਣਾਈ ਜਾ ਸਕਦੀ ਹੈ। ਕੂਲੇ ਵੀ ਮੰਨਦਾ ਹੈ ਕਿ ਪਰਿਵਾਰ ਇਕ ਬਹੁਤ ਹੀ ਵਧੀਆ ਸਮਾਜਿਕ ਨਿਯੰਤਰਣ ਹੈ। ਉਹ ਕਹਿੰਦਾ ਹੈ ਕਿ ਪਰਿਵਾਰ ਥੋਪਿਆ ਨਿਯੰਤਰਣ ਨਹੀਂ ਸਗੋਂ ਆਪਾ-ਨਿਯੰਤਰਣ ਹੈ। ਭਾਵ ਪਰਿਵਾਰ ਦੇ ਮੈਂਬਰ ਆਪਣੇ ਆਪ ਆਪਣੇ ਉਪਰ ਨਿਯੰਤਰਣ ਰੱਖਦੇ ਹਨ। ਪੁਰਾਣੇ ਪਰਿਵਾਰਾਂ ਵਿਚ ਇਹ ਵੱਧ ਸ਼ਕਤੀਸ਼ਾਲੀ ਨਿਯੰਤਰਣ ਦਾ ਸਾਧਨ ਸੀ। ਅਸੀਂ ਜਾਣਦੇ ਹਾਂ ਕਿ ਪੁਰਾਣਿਆਂ ਸਮਿਆਂ ਵਿਚ ਕੋਈ ਪਰਿਵਾਰ ਦਾ ਮੈਂਬਰ, ਪਰਿਵਾਰ ਦੀ ਮਰਜ਼ੀ ਦੇ ਖਿਲਾਫ਼ ਕੋਈ ਵੀ ਕਦਮ ਨਹੀਂ ਸੀ ਪੁੱਟਦਾ।

**10.5.2 ਖੇਡ ਸਮੂਹ** : ਪਰਿਵਾਰ ਤੋਂ ਬਾਅਦ ਸਮਾਜਿਕ ਨਿਯੰਤਰਣ ਦੀ ਦੂਜੀ ਮਹੱਤਵਪੂਰਨ ਏਜੰਸੀ ਹੈ ਖੇਡ ਸਮੂਹ। ਜਦੋਂ ਬੱਚਾ ਥੋੜਾ ਵੱਡਾ ਹੁੰਦਾ ਹੈ ਤਾਂ ਉਹ ਪਰਿਵਾਰ ਤੋਂ ਬਾਹਰ ਨਿਕਲਕੇ ਦੋਸਤਾਂ ਮਿੱਤਰਾਂ ਨਾਲ

ਜ਼ਿਆਦਾ ਸਮਾਂ ਬਿਤਾਉਂਦਾ ਹੈ। ਆਪਣੇ ਦੋਸਤਾਂ ਨਾਲ ਉਹ ਕਾਫ਼ੀ ਸੰਤੁਸ਼ਟ ਨਜ਼ਰ ਆਉਂਦਾ ਹੈ ਕਿਉਂਕਿ ਉਨ੍ਹਾਂ ਦੀਆਂ ਆਦਤਾਂ, ਵਿਚਾਰ ਅਤੇ ਵਿਵਹਾਰ ਕਰਨ ਦੇ ਤਰੀਕੇ ਉਸ ਵਰਗੇ ਹੀ ਹੁੰਦੇ ਹਨ। ਉਹ ਉਹਨਾਂ ਨਾਲ ਖੇਡਦੇ ਸਮੇਂ ਜ਼ਿਆਦਾ ਪ੍ਰਭਾਵਿਤ ਹੁੰਦਾ ਹੈ ਅਤੇ ਉਹਨਾਂ ਦੀਆਂ ਗੱਲਾਂ ਮੰਨਦਾ ਹੈ ਅਤੇ ਅਨੁਸ਼ਾਸਨ ਸਿੱਖਦਾ ਹੈ। ਉਹ ਖੇਡ ਸਮੂਹ ਵਿਚ ਸਮਾਜਿਕ ਕਦਰਾਂ ਕੀਮਤਾਂ, ਕਾਰ-ਵਿਵਹਾਰ ਦੇ ਢੰਗ ਅਤੇ ਦੂਜਿਆਂ ਪ੍ਰਤੀ ਵਤੀਰਾ ਸਿੱਖਦਾ ਹੈ। ਖੇਡਾਂ ਖੇਡਣ ਲਈ ਵੀ ਖੇਡਾਂ ਦੇ ਨਿਯਮਾਂ ਤੋਂ ਗਿਆਤ ਹੋਣਾ ਜ਼ਰੂਰੀ ਹੈ। ਇਸੇ ਲਈ ਖੇਡਾਂ ਦੇ ਨਿਯਮ ਖਿਡਾਰੀ ਨੂੰ ਕੰਟਰੋਲ ਵਿਚ ਰੱਖਦੇ ਹਨ। ਹੇਜ ਅਨੁਸਾਰ, ''ਨਿਗਰਾਨੀ ਕੀਤੇ ਹੋਏ ਖੇਡ ਦੇ ਦੁਆਰਾ ਸਾਰੇ ਅਨੁਭਵ ਨਾਲ ਇਹ ਸਿੱਖਦੇ ਹਨ ਕਿ ਵਹਿਸ਼ੀਪੁਣੇ ਨਾਲੋਂ ਸਭਿਆ ਜੀਵਨ ਸਭ ਲਈ ਖੁਸ਼ੀਆਂ ਭਰਿਆ ਹੈ।'' ਖੇਡਾਂ ਦੁਆਰਾ ਖਿਡਾਰੀ ਨੇਤਾ ਦਾ ਹੁਕਮ ਮੰਨਣਾ ਤੇ ਸਾਥੀਆਂ ਨਾਲ ਮਿਲਕੇ ਚਲਣ ਜਿਹੇ ਗੁਣ ਸਿੱਖਦਾ ਹੈ ਤੇ ਉਸ ਵਿਚ ਸਮੂਹ ਵਿਚ ਰਹਿਣ ਦੀ ਭਾਵਨਾ ਉਤੇਜਿਤ ਹੁੰਦੀ ਹੈ। ਇਸੇ ਤਰ੍ਹਾਂ ਕਲੱਬਾਂ ਵਿਚ, ਪਾਰਕਾਂ ਵਿਚ, ਲੋਕ ਇਕੱਠੇ ਹੁੰਦੇ ਹਨ ਤੇ ਗੱਲਾਂ ਕਰਨ ਤੇ ਅਚਾਰ-ਵਿਵਹਾਰ ਦੇ ਤੌਰ ਤਰੀਕੇ ਸਿੱਖਦੇ ਹਨ।

**10.5.3 ਲੋਕ ਰੀਤਾਂ (Folkways) :** ਲੋਕ ਰੀਤਾਂ ਸਮਾਜ ਦੇ ਵਿਵਹਾਰਕ ਨਿਯਮ ਹਨ। ਹਰ ਸਮਾਜ ਦੀਆਂ ਆਪਣੀਆਂ ਲੋਕ ਰੀਤਾਂ ਹਨ। ਭਾਰਤ ਵਿੱਚ ਵੱਡਿਆਂ ਦੇ ਜਾਂ ਗੁਰੂਆਂ ਦੇ ਪੈਰੀ ਹੱਥ ਲਾਉਣਾ, ਸਤਿ ਸ੍ਰੀ ਅਕਾਲ ਕਹਿਣਾ ਬੱਚਿਆਂ ਨੂੰ ਪਿਆਰ ਦੇਣਾ ਆਦਿ। ਮੁਸਲਿਮ ਦੇਸ਼ਾਂ ਵਿਚ ''ਇਸਲਾਮਾਲੇਕਮ-ਵਾਲੇਕਮ ਇਸਲਾਮ'' ਕਹਿਣਾ। ਇਸ ਤਰ੍ਹਾਂ ਇੰਗਲੈਂਡ ਵਿਚ ਮਿਲਦੇ ਸਮੇਂ ਹੱਥ ਮਿਲਾਉਣਾ ਤੇ ਫਰਾਂਸ ਵਿਚ ਮਿਲਦੇ ਸਮੇਂ ਗਲੇ ਮਿਲਣਾ ਤੇ ਚੁੰਮਣਾ ਆਦਿ ਲੋਕ ਰੀਤਾਂ ਹਨ। ਇਨ੍ਹਾਂ ਪਿੱਛੇ ਕੋਈ ਕਾਨੂੰਨ ਦੰਡ ਸ਼ਕਤੀ ਨਹੀਂ ਹੁੰਦੀ ਪਰ ਸਮਾਜਿਕ ਸਜ਼ਾ ਦਾ ਡਰ ਜ਼ਰੂਰ ਹੁੰਦਾ ਹੈ, ਜਿਸ ਕਰਕੇ ਆਦਮੀ ਇਹਨਾਂ ਨੂੰ ਤੋੜਨ ਦਾ ਹੌਸਲਾ ਨਹੀਂ ਕਰ ਸਕਦਾ। ਸਮਨਰ (W.C. Summner) ਨੇ ਆਪਣੀ ਪੁਸਤਕ ''ਲੋਕ ਰੀਤਾਂ'' (Folkway) ਵਿਚ ਜ਼ਿਕਰ ਕੀਤਾ ਹੈ ਕਿ ਲੋਕ ਰੀਤਾਂ ਉਹ ਨਿਯਮ ਹਨ ਜੋ ਸਮੂਹ ਆਪਣੇ ਹਰ ਰੋਜ਼ ਦੀਆਂ ਲੋੜਾਂ ਦੀ ਪੂਰਤੀ ਲਈ ਅੰਤਰ ਕ੍ਰਿਆਵਾਂ ਜਾਂ ਆਪਣੇ ਵਿਵਹਾਰ ਦੀ ਵਿਵਸਥਾ ਕਰਨ ਲਈ ਅਪਣਾਉਂਦੇ ਹਨ।

**(i) ਰਿਵਾਜ (Customs) :** ਜਦੋਂ ਲੋਕ ਰੀਤਾਂ ਵਧੇਰੇ ਸਥਾਈਤਤਵ ਪ੍ਰਾਪਕ ਕਰ ਲੈਣ ਤਾਂ ਇਹ ਰਿਵਾਜ ਬਣ ਜਾਂਦੇ ਹਨ। ਮੈਕਾਈਵਰ ਐਂਡ ਪੇਜ ਅਨੁਸਾਰ, ''ਸਕਾਜ ਦੀਆਂ ਮਾਨਤਾ ਪ੍ਰਾਪਤ ਕਰਨ ਦੀਆਂ ਵਿਧੀਆਂ ਹੀ ਸਮਾਜ ਦੇ ਰਿਵਾਜ ਹਨ।'' ਬੇਕਨ (Bacon) ਨੇ ਇਨ੍ਹਾਂ ਨੂੰ ਆਦਮੀ ਦੀ ਜ਼ਿੰਦਗੀ ਦੇ ਮੁੱਖ ਜੱਜ ਕਿਹਾ ਹੈ। ਰਿਵਾਜ ਹਰ ਸਮਾਜ ਦੇ ਆਪਣੇ ਹੁੰਦੇ ਹਨ, ਜੋ ਉਥੋਂ ਦੇ ਲੋਕ ਬਿਨ੍ਹਾਂ ਸੋਚੇ ਸਮਝੇ ਸਵੀਕਾਰ ਕਰਦੇ ਹਨ, ਕਿਉਂਕਿ ਉਨ੍ਹਾਂ ਦੇ ਵੱਡੇ ਵਡੇਰੇ ਕਰਦੇ ਹਨ।

**(ii) ਰੂੜ੍ਹੀਆਂ (Mores) :** ਲੋਕ ਰੀਤਾਂ ਤੇ ਰੂੜ੍ਹੀਆਂ ਵਿਚ ਕੋਈ ਬਹੁਤ ਜ਼ਿਆਦਾ ਫਰਕ ਨਹੀਂ ਕੇਵਲ ਅੰਸ਼ਾਂ ਦਾ ਹੀ ਫਰਕ ਹੈ। ਇਹ ਉਹ ਰੀਤਾਂ ਹੁੰਦੀਆਂ ਹਨ ਜੋ ਨਾ ਮੰਨਣ ਤੇ ਵਿਅਕਤੀ ਦੇ ਸਮਾਜ ਵਿਚੋਂ ਛੇਕਣ ਦੀ ਨੌਬਤ ਆ ਜਾਂਦੀ ਹੈ। ਲੋਕ ਉਸ ਦਾ ਸਮਾਜਿਕ ਬਾਈਕਾਟ ਕਰਦੇ ਹਨ, ਉਸ ਦੇ ਪਰਿਵਾਰ ਵਿਚ ਕੋਈ ਵਿਆਹ ਕਰਨ ਨੂੰ ਤਿਆਰ ਨਹੀਂ ਹੁੰਦਾ। ਉਦਾਹਰਣ ਦੇ ਤੌਰ ਤੇ, ਜਿਵੇਂ ਹਿੰਦੂ ਸਮਾਜ ਵਿਚ ਗਊ ਮਾਰਨ ਦੀ ਮਨਾਹੀ ਹੈ। ਇਸੇ ਤਰ੍ਹਾਂ ਮੁਸਲਿਮ ਸਮਾਜ ਵਿਚ ਸੂਰ ਮਾਰਨ ਦੀ ਮਨਾਹੀ ਹੈ। ਸਮਨਰ ਅਨੁਸਾਰ, ਲੋਕ ਰੀਤਾਂ ਦੇ ਨਾਲ ਜਦੋਂ ਸਮੂਹ ਦੇ ਕਲਿਆਣ ਅਤੇ ਉਚਿਤ-ਅਨੁਚਿਤ, ਚੰਗੇ ਬੁਰੇ ਆਦਿ ਮਾਪ ਦੰਡ ਜੁੜ ਜਾਂਦੇ ਹਨ ਤਾਂ ਉਹ ਰੂੜ੍ਹੀਆਂ ਬਣ ਜਾਂਦੀਆਂ ਹਨ।

**(iii) ਨੈਤਿਕ ਆਦਰਸ਼ (Morals) :** ਨੈਤਿਕ-ਆਦਰਸ਼ ਉਚਿਤ-ਅਨੁਚਿਤ ਤੇ ਵਿਵਹਾਰ ਦੇ ਨਿਯਮ ਹਨ। ਇਹਨਾਂ ਪਿੱਛੇ ਚੇਤਨਾ ਇਕ ਬਹੁਤ ਵੱਡੀ ਸ਼ਕਤੀ ਹੁੰਦੀ ਹੈ ਜੋ ਨੈਤਿਕ-ਉਦੇਸ਼ ਮੰਨਣ ਲਈ ਮਜ਼ਬੂਰ ਕਰਦੀ ਹੈ। ਆਦਮੀ ਕੰਮ ਕਰਨ ਤੋਂ ਪਹਿਲਾਂ ਸੋਚਦਾ ਹੈ ਕਿ ਇਹ ਚੰਗਾ ਹੈ ਜਾਂ ਮਾੜਾ ਹੈ। ਮਨੁੱਖ ਸਮਾਜ ਵਿਚ ਰਹਿਣ ਲਈ ਨੈਤਿਕ-ਉਦੇਸ਼ ਅਪਣਾਉਂਦਾ ਹੈ ਕਿਉਂਕਿ ਉਹ ਸਮਝਦਾ ਹੈ ਕਿ ਸਵਸਥ-ਸਮੁਦਾਇਕ ਜੀਵਨ ਲਈ ਇਹ ਜ਼ਰੂਰੀ ਹਨ, ਜਿਵੇਂ ਅਹਿੰਸਾ, ਸੱਚ ਬੋਲਣਾ, ਪਿਆਰ ਕਰਨਾ, ਸਮਾਨਤਾ ਆਦਿ।

**(iv) ਸੰਸਕਾਰ (Rituals) :** ਇਹ ਉਹ ਵਿਵਹਾਰ ਹਨ ਜੋ ਸਮਾਜ ਵਲੋਂ ਇਕ ਫਰਜ਼ ਵਜੋਂ ਅਪਣਾਏ ਜਾਂਦੇ ਹਨ ਤੇ ਇਨ੍ਹਾਂ ਦਾ ਤਿਉਹਾਰਾਂ ਸਮੇਂ ਖਾਸ ਮਹੱਤਵ ਹੁੰਦਾ ਹੈ ਜਿਵੇਂ ਮੀਂਹ ਨਾ ਪੈਣ ਤੇ ਯੱਗ

ਕਰਨਾ, ਜਾਂ ਵਸ ਯੱਗ ਕਰਨਾ ਜਿਸ ਪਿਛੇ ਦੇਵਤਿਆਂ ਨੂੰ ਖੁਸ਼ ਕਰਨ ਦਾ ਖਿਆਲ ਹੁੰਦਾ ਹੈ, ਦੀਵਾਲੀ-ਦੁਸ਼ਹਿਰੇ ਨੂੰ ਦੀਪ ਮਾਲਾ ਕਰਨੀ, ਲੱਛਮੀ ਦੀ ਪੂਜਾ ਕਰਨੀ ਆਦਿ।

**10.5.4 ਧਰਮ (Religion) :** ਸਮਾਜਿਕ ਵਿਵਹਾਰ ਵਿਚ ਧਰਮ ਇਕ ਬਹੁਤ ਵੱਡਾ ਨਿਯੰਤਰਣ ਹੈ। ਧਰਮ ਕੁਝ ਵਿਵਹਾਰ ਦੇ ਨਿਯਮ ਨਿਰਧਾਰਤ ਕਰਦਾ ਹੈ ਜਿਨ੍ਹਾਂ ਨੂੰ ਮੰਨਣਾ ਜ਼ਰੂਰੀ ਸਮਝਿਆ ਜਾਂਦਾ ਹੈ। ਇਨ੍ਹਾਂ ਪਿਛੇ ਦੈਵੀ ਸ਼ਕਤੀਆਂ ਦਾ, ਸਵਰਗ-ਨਰਕ ਦਾ, ਯਮਰਾਜ ਦਾ ਬ੍ਰਹਮ ਦਾ ਡਰ ਜੁੜਿਆ ਹੋਇਆ ਹੈ। ਹਰ ਧਰਮ ਦੇ ਨੈਤਿਕ ਨਿਯਮ ਤੋੜਨਾ ਅਨੈਤਿਕ ਗਿਣਿਆ ਜਾਂਦਾ ਹੈ। ਧਰਮ ਦੀ ਧਾਰਨਾ ਉਦੋਂ ਤੋਂ ਹੀ ਹੋਈ ਜਦੋਂ ਦਾ ਸਮਾਜ ਹੋਂਦ ਵਿਚ ਆਇਆ। ਪ੍ਰਾਚੀਨ-ਧਰਮ ਜਾਦੂ ਟੂਣਿਆਂ, ਜੰਤਰਾਂ-ਮੰਤਰਾਂ ਦੇ ਰੂਪ ਵਿਚ ਸੀ। ਉਸ ਧਰਮ ਦੀਆਂ ਪ੍ਰਛਾਈਆਂ ਅਜੇ ਵੀ ਵੇਖੀਆਂ ਜਾ ਸਕਦੀਆਂ ਹਨ ਜਿਵੇਂ ਦਰਖਤਾਂ ਤੇ ਪੰਛੀਆਂ ਦੀ ਪੂਜਾ ਕਰਨੀ, ਮੂਰਤੀ ਪੂਜਾ ਆਦਿ, ਉਸ ਪਿਛੋਂ ਵੈਦਿਕ ਧਰਮ ਆਉਂਦਾ ਹੈ। ਬਾਅਦ ਵਿਚ ਬੁੱਧ ਧਰਮ, ਜੈਨ ਧਰਮ, ਸਿੱਖ ਧਰਮ, ਇਸਲਾਮ ਧਰਮ ਤੇ ਇਸਾਈ ਧਰਮ ਆਏ ਜਿਨ੍ਹਾਂ ਨੇ ਸ਼ਾਂਤੀ ਦਾ ਪ੍ਰਚਾਰ ਕੀਤਾ, ਸੱਚ ਬੋਲਣਾ ਤੇ ਈਮਾਨਦਾਰ ਹੋਣ ਲਈ ਰਾਹ ਵਿਖਾਇਆ। ਇਸ ਤਰ੍ਹਾਂ ਧਰਮ ਇਕ ਬਹੁਤ ਮਹੱਤਵਪੂਰਨ ਸਮਾਜਿਕ ਨਿਯੰਤਰਣ ਹੈ।

**10.5.5 ਲੋਕ ਮੱਤ (Public Opinion) :** ਲੋਕ ਮੱਤ ਦੀ ਵੀ ਸਮਾਜਿਕ-ਨਿਯੰਤਰਣ ਦੇ ਸਾਧਨ ਵਜੋਂ ਕੋਈ ਘੱਟ ਮਹੱਤਤਾ ਨਹੀਂ। ਬਲਕਿ ਸਮਾਜਿਕ-ਨਿਯੰਤਰਣ ਦੇ ਸਾਧਨਾਂ ਵਜੋਂ ਇਸ ਦੀ ਮਹੱਤਤਾ ਪੁਰਾਤਨ ਸਮਿਆਂ ਤੋਂ ਲੈ ਕੇ ਹੁਣ ਤੱਕ ਹੈ। ਪੁਰਾਣੇ ਸਮਿਆਂ ਵਿਚ ਰਾਜੇ ਲੋਕ-ਮੱਤ ਜਾਣਨ ਲਈ ਭੇਸ ਬਦਲ ਕੇ ਲੋਕਾਂ ਦੀਆਂ ਮਹਿਫ਼ਲਾਂ ਵਿਚ ਜਾ ਬਹਿੰਦੇ । ਅੱਜ ਦੇ ਲੋਕਤੰਤਰ ਵਿਚ ਤਾਂ ਇਸ ਦੀ ਬਹੁਤ ਮਹੱਤਤਾ ਹੈ। ਇਹ ਸਰਕਾਰ ਨੂੰ ਕੰਟਰੋਲ ਕਰਦਾ ਹੈ। ਜੇ ਲੋਕਮੱਤ ਸਰਕਾਰ ਦੇ ਉਲਟ ਹੋ ਜਾਵੇ ਤਾਂ ਸਰਕਾਰ ਨੂੰ ਕੁਰਸੀ ਛੱਡਣੀ ਪੈਂਦੀ ਹੈ। ਇਹ ਲੋਕ ਮੱਤ ਹੀ ਸੀ ਜਿਸ ਨੇ 1977 ਦੀਆਂ ਚੋਣਾਂ ਵਿਚ ਕਾਂਗਰਸ ਨੂੰ ਹਰਾ ਕੇ ਜਨਤਾ ਪਾਰਟੀ ਨੂੰ ਸੱਤਾ ਵਿਚ ਲਿਆਂਦਾ ਸੀ। ਸਰਕਾਰ ਨੂੰ ਆਪਣੇ ਆਪ ਨੂੰ ਚਲਾਈ ਰੱਖਣ ਲਈ ਜਨਮਤ ਦਾ ਖਿਆਲ ਰੱਖਣਾ ਪੈਂਦਾ ਹੈ। ਸਿਆਣੇ ਰਾਜ-ਕਰਤਾ ਕੋਈ ਕਾਨੂੰਨ ਪਾਸ ਕਰਨ ਤੋਂ ਪਹਿਲਾਂ ਲੋਕ-ਰਾਇ ਜ਼ਰੂਰ ਲੈਂਦੇ ਹਨ। ਜੇ ਲੋਕ-ਮੱਤ ਤੋਂ ਬਿਨਾਂ ਕਾਨੂੰਨ ਪਾਸ ਕਰ ਦਿੱਤਾ ਜਾਵੇ ਤਾਂ ਉਸ ਨੂੰ ਲਾਗੂ ਕਰਨਾ ਮੁਸ਼ਕਿਲ ਹੁੰਦਾ ਹੈ। ਇਥੋਂ ਤਕ ਕਿ ਵੱਡੀਆਂ ਕੰਪਨੀਆਂ, ਫੈਕਟਰੀਆਂ ਵੀ ਆਪਣੀ ਉਪਜ ਲੋਕ-ਰਾਏ ਨੂੰ ਖਿਆਲ ਵਿਚ ਰੱਖਦੇ ਹੋਏ ਹੀ ਕਰਦੀਆਂ ਹਨ ਤੇ ਲੋਕ-ਮੱਤ ਆਪਣੇ ਵੱਲ ਕਰਨ ਲਈ ਹੀ ਉਹ ਇਸ਼ਤਿਹਾਰ-ਬਾਜ਼ੀ ਕਰਦੇ ਹਨ। ਲੋਕ-ਮੱਤ ਕਈ ਢੰਗਾਂ ਰਾਹੀਂ ਜਾਣਿਆ ਜਾਂਦਾ ਹੈ ਜਿਵੇਂ Propaganda, Newspaper, Cinema, Radio ਆਦਿ। ਲੋਕ-ਮੱਤ ਆਦਮੀ ਦੇ ਆਚਾਰ-ਵਿਹਾਰ, ਰਹਿਣ-ਸਹਿਣ ਨੂੰ ਨਿਯੰਤਰਣ ਵਿਚ ਰੱਖਦਾ ਹੈ।

**10.5.6 ਵਿਸ਼ਵਾਸ (Beliefs)** : ਵਿਸ਼ਵਾਸ ਪਿੱਛੇ ਸਮਾਜਿਕ ਮਾਨਤਾ ਦੀ ਸ਼ਕਤੀ ਕੰਮ ਕਰਦੀ ਹੈ ਜਿਵੇਂ ਕਰਮ-ਫਲ ਦਾ ਵਿਸ਼ਵਾਸ ਭਾਵ ਜੇ ਚੰਗਾ ਕੰਮ ਕਰਾਂਗੇ ਤਾਂ ਚੰਗੀ ਜੂਨ ਵਿਚ ਪਵਾਂਗੇ ਜਾਂ ਸਵਰਗਾਂ ਵਿਚ ਜਾਵਾਂਗੇ ਅਤੇ ਜੇ ਮਾੜਾ ਕੰਮ ਕਰਾਂਗੇ ਤਾਂ ਨਰਕਾਂ ਵਿਚ ਜਾਵਾਂਗੇ। ਬਿੱਲੀ ਦੁਆਰਾ ਰਸਤਾ ਕੱਟਿਆ ਜਾਣਾ, ਤੇ ਜਾਂਦੇ ਸਮੇਂ ਛਿੱਕ ਮਾੜੀ ਗਿਣੀ ਜਾਂਦੇ ਹਨ, ਕਾਂ ਦਾ ਬੋਲਣਾ ਕਿਸੇ ਪ੍ਰਹੁਣੇ ਦੇ ਆਉਣ ਦਾ ਸੰਦੇਸ਼ ਮੰਨਿਆ ਜਾਂਦਾ ਹੈ, ਡਰਾਈਵਰ ਦੀ ਬੱਸ ਚਲਾਉਂਦੇ ਸਮੇਂ ਆਪਣੇ ਇਸ਼ਟ ਦੀ ਅਰਾਧਨਾ ਕਰਨੀ, ਖਾਣਾ ਖਾਣ ਤੋਂ ਪਹਿਲਾਂ ਪਹਿਲੀ ਗਰਾਹੀ ਕਾਂ ਜਾਂ ਕੁੱਤੇ ਨੂੰ ਪਾਉਣੀ ਆਦਿ ਵਿਸ਼ਵਾਸ ਲੋਕਾਂ ਵਿਚ ਪ੍ਰਚਲਤ ਹਨ ਜਿਨ੍ਹਾਂ ਪਿੱਛੋਂ ਆਮ ਤੌਰ ਤੇ ਧਰਮ ਦੀ ਭਾਵਨਾ ਕੰਮ ਕਰਦੀ ਹੈ। ਔਗਬਰਨ **(Ogburn)** ਅਨੁਸਾਰ ਵਿਸ਼ਵਾਸ ਉਹ ਮਨੁੱਖੀ ਵਿਚਾਰ ਹੁੰਦੇ ਹਨ ਜੋ ਕਿ ਕਲਪਨਾਵਾਂ ਦੇ ਚਾਰੇ ਪਾਸੇ ਕੇਂਦ੍ਰਿਤ ਹੁੰਦੇ ਹਨ ਅਤੇ ਮਨੁੱਖਾਂ ਦੀਆਂ ਇੱਛਾਵਾਂ, ਡਰ ਅਤੇ ਹੋਰ ਉਦੇਸ਼ਾਂ ਤੋਂ ਉਤਪੰਨ ਹੁੰਦੇ ਹਨ। ਗਿਲਿਨ ਨੇ ਇਨ੍ਹਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ : (ੳ) ਅਲੌਕਿਕ ਸ਼ਕਤੀ ਦੀ ਹੋਂਦ ਵਿਚ ਵਿਸ਼ਵਾਸ (ਅ) ਪੁਨਰ-ਜਨਮ ਵਿਚ ਵਿਸ਼ਵਾਸ
(ੲ) ਦੰਡ ਦੀ ਦੇਵੀ ਵਿਚ ਵਿਸ਼ਵਾਸ (ਸ) ਸਵਰਗ-ਨਰਕ ਵਿਚ ਵਿਸ਼ਵਾਸ ਅਤੇ (ਹ) ਆਤਮਾ ਦੀ ਅਮਰਤਾ ਵਿਚ ਵਿਸ਼ਵਾਸ।

**10.5.7 ਸਮਾਜਕ ਸੁਝਾਓ (Social Suggestions)** ਕੁਈ ਵੀ ਸਮਾਜਿਕ ਕਰਤਾ ਕਿਸੇ ਕੰਮ ਤੋਂ ਪਹਿਲਾਂ ਆਪਣੇ ਨਜ਼ਦੀਕੀ ਸਾਥੀਆਂ ਪਾਸੋਂ ਉਸ ਕੰਮ ਬਾਰੇ ਸੁਝਾਓ ਜ਼ਰੂਰ ਮੰਗਦਾ ਹੈ। ਕਿਉਂਕਿ ਉਹ ਵਿਸ਼ਵਾਸ ਕਰਦਾ ਹੈ ਕਿ ਉਸ ਦੇ ਦੁਸਤ ਜੁ ਸੁਝਾਓ ਦੇਣਗੇ ਉਹ ਉਸ ਦੇ ਭਲੇ ਲਈ ਹੀ ਹੋਣਗੇ ਤੇ ਉਹ ਉਹਨਾਂ ਨੂੰ ਸਵੀਕਾਰ ਕਰਦਾ ਹੈ। ਰੋਸ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਉਸ ਅਨੁਸਾਰ, ਸਮਾਜਿਕ ਸੁਝਾਓ ਅਜਿਹੇ ਸਾਧਨਾਂ ਜਿਵੇਂ ਪਰੰਪਰਾ, ਮਰਿਆਦਾ, ਨਿਜੀ ਪ੍ਰਭਾਵ ਆਦਿ ਦੁਆਰਾ ਲਾਗੂ ਕੀਤਾ ਜਾਂਦਾ ਹੇ। ਸੁਝਾਉ ਦਾ ਅਰਥ ਹੈ ਕੋਈ ਵੀ ਗੱਲ ਜੋ ਚੰਗਿਆਈ ਜਾਂ ਬੁਰਾਈ ਨੂੰ ਸਮਝੇ ਬਗੈਰ ਸਵੀਕਾਰ ਕਰ ਲਈ

ਜਾਂਦੀ ਹੈ। ਕੁਝ ਸੁਝਾਓ ਪ੍ਰਤੱਖ ਹੁੰਦੇ ਹਨ ਅਤੇ ਕੁਝ ਅਪ੍ਰਤੱਖ। ਕੁਝ ਸੰਕੇਤ ਸਾਕਾਰਾਤਮਕ ਹੁੰਦੇ ਹਨ ਅਤੇ ਕੁਝ ਨਾਕਾਰਾਤਮਕ। ਕਈ ਵਾਰ ਵਿਰੋਧੀ ਧਿਰ ਗਲਤ ਪਾਸੇ ਲਾਉਣ ਲਈ ਗਲਤ ਸੁਝਾਓ ਦੇ ਜਾਂ ਦਵਾ ਸਕਦੀ ਹੇ ਜਾਂ ਦੂਜੇ ਪਾਸੇ ਤੁਹਾਡੇ ਮਿੱਤਰ ਤੁਹਾਡੇ ਕੰਮ ਨੂੰ ਜੋ ਉਹ ਗਲਤ ਸਮਝਣ ਤਾਂ ਉਹ ਬੰਦ ਕਰਨ ਲਈ ਵੀ ਸੁਝਾਓ ਦੇ ਸਕਦੇ ਹਨ, ਉਪਰੋਕਤ ਦੋਹਾਂ ਨੂੰ ਨਾਕਾਰਾਤਮਕ ਸੁਝਾਓ ਕਹਾਂਗੇ ਕਿਉਂਕਿ ਇਹ ਸਾਨੂੰ ਕਿਸੇ ਕਾਰਜ ਕਰਨ ਤੋਂ ਰੋਕਦਾ ਹੈ। ਦੂਜੇ ਪਾਸੇ ਸਾਰੇ ਸੁਝਾਓ ਜੋ ਕੰਮ ਕਰਨ ਦ ੀ

ਪ੍ਰੇਰਨਾ ਜਾਂ ਕੰਮ ਨੂੰ ਚਲਦੇ ਰੱਖਣ, ਲਈ ਦਿੱਤੇ ਜਾਂਦੇ ਹਨ ਉਹ ਸਾਕਾਰਾਤਮਕ ਸਮਾਜਿਕ ਸੁਝਾਓ ਕਹਿਲਾਉਂਦੇ ਹਨ।

**10.5.8 ਨੇਤਾਗਿਰੀ (Leadership)** :- ਨੇਤਾ ਵੀ ਸਮਾਜ ਨੂੰ ਚੱਲਣ ਲਈ ਰਸਤਾ ਵਿਖਾਉਂਦੇ ਹਨ। ਇਹ ਨਾਂ ਕੇਵਲ ਰਾਜਨੈਤਿਕ ਖੇਤਰ ਵਿਚ ਵੀ ਹੋ ਸਕਦੇ ਹਨ, ਧਾਰਮਿਕ ਜਾਂ ਸਮਾਜਕ ਖੇਤਰ ਵਿਚ ਵੀ ਹੋ ਸਕਦੇ ਹਨ। ਨੇਤਾ ਬਣਨ ਦੇ ਕੁਝ ਆਪਣੇ ਗੁਣ ਹੁੰਦੇ ਹਨ ਜਿਵੇਂ ਸ਼ਖਸੀਅਤ, ਗਿਆਨਵਾਨ ਤੇ ਵਧੀਆ ਬੁਲਾਰਾ ਹੋਣਾ। ਉਦਾਹਰਣ ਸਾਡੇ ਸਾਹਮਣੇ ਹਨ ਜਿਵੇਂ ਕਾਰਲ-ਮਾਰਕਸ ਨੇ ਲੱਖਾਂ ਲੋਕਾਂ ਦੀ ਵਿਚਾਰਧਾਰਾ ਹੀ ਬਦਲ ਦਿੱਤੀ। ਸ਼ਹੀਦ ਭਗਤ ਸਿੰਘ ਨੇ ਕਿਵੇਂ ਭਾਰਤੀ ਜਵਾਨੀ ਨੂੰ ਪ੍ਰਭਾਵਿਤ ਕੀਤਾ, ਧਰਮ ਦੇ ਖੇਤਰ ਵਿਚ ਗੁਰੂ ਨਾਨਕ ਦੇਵ ਜੀ ਨੇ ਇਕ ਨਵੀਂ ਕ੍ਰਾਂਤੀ ਲਿਆਂਦੀ। ਹੋਰ ਕਿੰਨੇ ਸਮਾਜ-ਸੁਧਾਰਕ ਹੋਏ ਜਿਵੇਂ ਮਹਾਤਮਾ ਗਾਂਧੀ, ਵਿਨੋਬਾ ਭਾਵੇ, ਜੈ ਪ੍ਰਕਾਸ਼ ਨਰਾਇਣ ਆਦਿ।

**10.5.9 ਕਲਾ (Art)** : ਇਹ ਵੀ ਆਦਮੀ ਦੇ ਵਿਵਹਾਰ ਨੂੰ ਨਿਯੰਤਰਣ ਵਿਚ ਰੱਖਦੀ ਹੈ। ਇਹ ਇਕ ਬਹੁਤ ਵਧੀਆ ਨਿਯੰਤਰਣ ਹੈ ਜੋ ਸੰਸਾਰ ਦੇ ਹਰ ਕੋਨੇ ਵਿਚ ਵਿਚਰਦਾ ਹੈ। ਕਵਿਤਾ, ਲੋਕ-ਗੀਤ, ਭਾਸ਼ਣ, ਚਿਤਰਕਲਾ, ਮੂਰਤੀਕਲਾ, ਸੰਗੀਤ, ਨਾਚ ਆਦਿ ਆਦਮੀ ਦੀਆਂ ਭਾਵਨਾਵਾਂ ਤੇ ਵਿਵਹਾਰ ਨੂੰ ਪ੍ਰਭਾਵਿਤ ਕਰਦੇ ਹਨ। ਇਹ ਆਦਮੀ ਦਾ ਸੁਭਾਅ ਕੋਮਲ ਬਣਾਉਂਦੇ ਹਨ। ਕਲਾ ਪ੍ਰੇਮੀ ਦੂਜਿਆਂ ਨੂੰ ਦੁੱਖ ਨਹੀਂ ਪਹੁੰਚਾ ਸਕਦਾ। ਲੋਕ ਗੀਤ ਹਰ ਸਮਾਜ ਵਿਚ ਪ੍ਰਚੱਲਤ ਹਨ। ਸਮੂਹਿਕ-ਗੀਤਾਂ ਦੁਆਰਾ ਏਕਤਾ ਦੀ ਭਾਵਨਾ ਵਧਦੀ ਹੈ। ਵੀਰ-ਗਾਥਾਵਾਂ ਦੁਆਰਾ ਲੋਕ ਆਪਣਾ ਵਿਰਸਾ ਯਾਦ ਕਰਦੇ ਹਨ। ਨਾਚ ਦੀ ਆਪਣੀ ਸਮਾਜਿਕ ਮਹੱਤਤਾ ਹੈ। ਇਹ ਆਪਣੀ ਸੰਸਕ੍ਰਿਤੀ ਦੀ ਯਾਦ ਦਿਵਾਉਂਦਾ ਹੈ ਤੇ ਏਕਤਾ ਦੀ ਭਾਵਨਾ ਪੈਦਾ ਕਰਦਾ ਹੈ।

**10.5.10 ਫੈਸ਼ਨ (Fashion)** : ਅੱਜ ਕੱਲ ਫੈਸ਼ਨ ਵੀ ਸਮਾਜਿਕ ਨਿਯੰਤਰਣ ਦਾ ਸਾਧਨ ਬਣ ਗਿਆ ਹੈ। ਸਭਿਅ ਸਮਾਜ ਵਿਚ ਵਿਚਾਰ, ਵਿਵਹਾਰ, ਪੁਸ਼ਾਕ, ਲੋਕ ਰਾਏ, ਗਹਿਣੇ, ਘਰ ਬਣਾਉਣਾ, ਗੱਲਬਾਤ ਦਾ ਢੰਗ, ਲਿਟਰੇਚਰ, ਸੰਗੀਤ, ਕਲਾ ਭਾਵ ਜੀਵਨ ਦਾ ਹਰ ਖੇਤਰ ਫੈਸ਼ਨ ਤੋਂ ਪ੍ਰਭਾਵਿਤ ਹੈ। ਆਵਾਜਾਈ ਦੇ ਸਾਧਨਾਂ ਦੇ ਵੱਧਣ ਨਾਲ ਫੈਸ਼ਨ ਦਾ ਪ੍ਰਭਾਵ ਬਹੁਤ ਫੈਲ ਗਿਆ ਹੈ। ਇਹ ਲਗਾਤਾਰ ਬਦਲ ਰਿਹਾ ਹੈ ਤੇ ਲੋਕ ਵੀ ਇਸ ਨਾਲ ਬਦਲ ਰਹੇ ਹਨ।

**10.5.11 ਕਾਨੂੰਨ (Law)** : ਰਾਜ, ਸਮਾਜ ਨੂੰ ਸਹੀ ਦਿਸ਼ਾਂ ਵੱਲ ਚਲਦੇ ਰੱਖਣ ਲਈ ਕੁਝ ਨਿਯਮ ਬਣਾਉਂਦਾ ਹੈ ਜਿਨ੍ਹਾਂ ਨੂੰ ਕਾਨੂੰਨ ਕਿਹਾ ਜਾਂਦਾ ਹੈ, ਇਹ ਸਮਾਜਿਕ ਨਿਯੰਤਰਣ ਦਾ ਬਹੁਤ ਹੀ ਕਾਰਗਰ ਸਾਧਨ ਹੈ। ਜੇ ਆਦਮੀ ਇਨ੍ਹਾਂ ਕਾਨੂੰਨਾ ਨੂੰ ਤੋੜਦੇ ਹਨ ਉਹ ਸਜ਼ਾ ਦੇ ਭਾਗੀਦਾਰ ਬਣਦੇ ਹਨ। ਸਰਕਾਰ ਦੇ ਤਿੰਨ ਮੁੱਖ ਅੰਗ ਹੁੰਦੇ ਹਨ ਜਿਵੇ :- ਵਿਧਾਨ ਪਾਲਿਕਾ, ਕਾਰਜ ਪਾਲਿਕਾ ਤੇ ਨਿਆ ਪਾਲਿਕਾ। ਵਿਧਾਨ ਪਾਲਿਕਾ ਕਾਨੂੰਨ ਬਣਾਉਂਦੀ ਹੈ। ਕਾਰਜ ਪਾਲਿਕਾ ਲਾਗੂ ਕਰਦੀ ਹੈ ਤੇ ਨਿਆਂ ਪਾਲਿਕਾ ਉਨ੍ਹਾਂ ਦੀ ਰਾਖੀ ਕਰਦੀ ਹੈ। ਕਾਨੂੰਨ ਇਕ ਅਜਿਹਾ ਨਿਯੰਤਰਣ ਹੈ ਜਿਸ ਪਿੱਛੇ ਡਰ ਛੁਪਿਆ ਹੁੰਦਾ ਹੈ। ਉਸ ਡਰ ਕਰਕੇ ਕੋਈ ਅਜਿਹਾ ਵਿਅਕਤੀ ਸਮਾਜ ਦੇ ਉਲਟ ਕਰਮ ਕਰਨ ਤੋਂ ਪਹਿਲਾਂ ਬਹੁਤ ਵਾਰ ਸੋਚਦਾ ਹੈ ਕਿਉਂਕਿ ਕਾਨੂੰਨ ਤੋੜਨ ਦੀ ਹਾਲਤ ਵਿਚ ਉਸ ਨੂੰ ਕਰੜੇ ਤੋਂ ਕਰੜਾ ਦੰਡ ਵੀ ਮਿਲ ਸਕਦਾ ਹੈ ਜਿਵੇਂ ਜੇਲ੍ਹ, ਜੁਰਮਾਨਾ ਆਦਿ। ਜੇ ਕਾਨੂੰਨ ਵਰਗੀ ਸ਼ੈਅ ਸਮਾਜ ਵਿਚ ਨਾ ਹੋਵੇ ਤਾਂ ਸਮਾਜ ਵਿਚ ਕਮਜ਼ੋਰ ਆਦਮੀ ਦਾ ਰਹਿਣਾ ਮੁਸ਼ਕਲ ਹੋ ਸਕਦਾ ਹੈ। ਪਰ ਇਸ ਦੇ ਨਾਲ ਨਾਲ ਸਮਾਜ ਤੇ ਸਰਕਾਰ ਦਾ ਇਹ ਫਰਜ਼ ਹੈ ਕਿ ਉਹ ਵੇਖੇ ਕਿ ਕਾਨੂੰਨ ਦੇ ਜਾਲ ਵਿਚ ਕੋਈ ਬੇਕਸੂਰ ਨਾ ਫਸ ਜਾਵੇ। ਰੋਸ ਅਨੁਸਾਰ, ''ਕਾਨੂੰਨ ਸਮਾਜ ਦੁਆਰਾ ਲਗਾਇਆ ਗਿਆ ਸਮਾਜਿਕ ਨਿਯੰਤਰਣ ਦਾ ਸਭ ਤੋਂ ਵਿਸ਼ੇਸ਼ ਅਤੇ ਮਹੱਤਵਪੂਰਨ ਸਾਧਨ ਹੈ।'' ਕਾਨੂੰਨ ਸਮਾਜ ਦੇ ਮੈਂਬਰਾਂ ਨੂੰ ਕੁਝ ਵਿਸ਼ੇਸ਼ ਪ੍ਰਕਾਰ ਦੇ ਕੰਮ ਕਰਨ ਤੋਂ ਰੋਕਦਾ ਹੈ ਅਤੇ ਦੂਸਰੇ ਵਿਵਹਾਰ ਕਰਨ ਲਈ ਮਜ਼ਬੂਰ ਕਰਦਾ ਹੈ। ਅਸਲ ਵਿਚ ਕਾਨੂੰਨ ਉਨ੍ਹਾਂ ਲਈ ਹੈ ਜੋ ਦੂਜਿਆਂ ਲਈ ਖਤਰਾ ਹਨ।

## 10.6 ਸਾਰ :

ਉਪਰੋਕਤ ਚਰਚਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਵਿਅਕਤੀਆਂ ਉਪਰ ਸਮਾਜ ਵਲੋਂ ਲਾਏ ਨਿਯੰਤਰਣ ਜਾਂ ਬੰਦਿਸ਼ਾਂ ਨੂੰ ਸਮਾਜਿਕ ਨਿਯੰਤਰਣ ਆਖਦੇ ਹਨ ਤਾਂ ਕਿ ਸਮੂਹ ਜਾਂ ਸਮਾਜ ਵਿਅਕਤੀ ਦੇ ਵਿਵਹਾਰ ਨੂੰ ਆਪਣੇ ਅਨੁਕੂਲ ਢਾਲ ਸਕੇ। ਵਿਅਕਤੀ ਨੂੰ ਸਮੂਹ ਦੇ ਪ੍ਰਤਿ ਜ਼ਿੰਮੇਵਾਰ ਬਣਾਇਆ ਜਾਂਦਾ ਹੈ। ਇਸ ਨਾਲ ਹੀ ਸਮਾਜ ਦੇ ਅਤੇ ਸਮਾਜਿਕ ਸੰਗਠਨਾਂ ਵਿਚ ਸਥਿਰਤਾ ਕਾਇਮ

ਰੱਖੀ ਜਾ ਸਕਦੀ ਹੈ। ਸਮਾਜ ਆਪਣੇ ਮੈਂਬਰਾਂ ਨੂੰ ਪ੍ਰਮਾਣਿਤ ਮਿਆਰਾਂ ਅਨੁਸਾਰ ਕਾਰਜ ਕਰਨ ਲਈ ਪ੍ਰੇਰਦਾ ਹੈ। ਇਹ ਨਿਯੰਤਰਣ ਪ੍ਰਤੱਖ ਜਾਂ ਅਪ੍ਰਤੱਖ, ਸਾਕਾਰਾਤਮਕ ਜਾਂ ਨਾਕਾਰਤਮਕ, ਰਸਮੀ ਜਾਂ ਗੈਰ-ਰਸਮੀ, ਚੇਤਨ ਜਾਂ ਅਚੇਤਨ ਕਿਸੇ ਵੀ ਤਰ੍ਹਾਂ ਦਾ ਹੋ ਸਕਦਾ ਹੈ। ਸਾਡਾ ਪਰਿਵਾਰ, ਸਿੱਖਿਆ, ਕਾਨੂੰਨ, ਲੋਕਰੀਤਾਂ, ਧਰਮ ਸਮਾਜਿਕ ਆਦਰਸ਼, ਕਲਾ ਨੇਤਾਗਿਰੀ, ਫੈਸ਼ਨ, ਲੋਕਮੱਤ, ਵਿਸ਼ਵਾਸ ਆਦਿ ਸਭ ਚੀਜ਼ਾਂ ਵਿਅਕਤੀ ਦੇ ਵਿਅਕਤੀਤਵ ਨੂੰ ਸਮਾਜ ਵਲੋਂ ਪ੍ਰਵਾਣਿਤ ਵਿਵਹਾਰ ਅਨੁਸਾਰ ਢਾਲਣ ਦੇ ਜ਼ਰੀਏ ਜਾਂ ਸਾਧਨ ਹਨ। ਇਹ ਸਭ ਮਿਲਕੇ ਵਿਅਕਤੀ ਨੂੰ ਸਮਾਜਿਕ ਸੰਤੁਲਨ ਬਣਾਈ ਰੱਖਣ ਲਈ ਅਤੇ ਸਹੀ ਦਿਸ਼ਾ ਵਿਚ ਕਾਰਜ ਕਰਨ ਲਈ ਪ੍ਰੇਰਦੇ ਹਨ।

## 10.7 ਮੁੱਖ ਸ਼ਬਦ :

**ਸਮਾਜਿਕ ਨਿਯੰਤਰਣ** : ਸਮਾਜ ਦਾ ਵਿਅਕਤੀ ਤੇ ਕੰਟਰੋਲ ਭਾਵ ਸਮਾਜ ਆਪਣੇ ਮੈਂਬਰਾਂ ਨੂੰ ਪ੍ਰਵਾਣਿਤ ਮਿਆਰਾਂ ਅਨੁਸਾਰ ਚਲਣ ਲਈ ਪ੍ਰੇਰਦਾ ਹੈ।

**ਲੋਕ ਰੀਤਾਂ** : ਸਮਾਜ ਦੇ ਵਿਵਹਾਰਕ ਨਿਯਮ ਜਿਨ੍ਹਾਂ ਪਿਛੇ ਕੋਈ ਕਾਨੂੰਨੀ ਦੰਡ ਸ਼ਕਤੀ ਨਹੀਂ ਹੁੰਦੀ ਪਰ ਸਮਾਜਿਕ ਸਜਾ ਦਾ ਡਰ ਜਰੂਰ ਹੁੰਦਾ ਹੈ ਜਿਵੇਂ ਵੱਡਿਆਂ ਦਾ ਆਦਰ ਕਰਨਾ।

**ਰਿਵਾਜ** : ਸਮਾਜ ਦੀਆਂ ਮਾਨਤਾ ਪ੍ਰਾਪਤ ਵਿਧੀਆਂ ਹੀ ਰਿਵਾਜ ਹਨ। ਜਿਹੜੀਆਂ ਲੋਕ ਰੀਤਾਂ ਬਹੁਤ ਸਥਾਈਤਤਵ ਪ੍ਰਾਪਤ ਕਰ ਲੈਣ ਉਹ ਰਿਵਾਜ ਬਣ ਜਾਂਦੇ ਹਨ।

**ਰੂੜੀਆਂ** : ਲੋਕ ਰੀਤਾਂ ਦੇ ਨਾਲ ਜਦੋਂ ਲੋਕਾਂ ਦਾ ਕਲਿਆਣ, ਚੰਗਾ-ਬੁਰਾ, ਉਚਿਤ-ਅਨੁਚਿਤ ਜਿਹੇ ਮਾਪਦੰਡ ਜੁੜ ਜਾਂਦੇ ਹਨ ਤਾਂ ਉਹ ਰੂੜ੍ਹੀਆਂ ਬਣ ਜਾਂਦੇ ਹਨ।

**ਨੈਤਿਕ ਆਦਰਸ਼** : ਇਹ ਉਚਿੱਤ ਅਨੁੱਚਿਤ ਚੇਤੰਨ ਵਿਵਹਾਰ ਦੇ ਨਿਯਮ ਹਨ।

**ਸੰਸਕਾਰ** : ਸਮਾਜ ਵਲੋਂ ਇਕ ਫ਼ਰਜ ਸਮਝ ਕੇ ਕੀਤਾ ਜਾਣ ਵਾਲਾ ਵਿਵਹਾਰ।

## 10.8 ਅਭਿਆਸ ਲਈ ਪ੍ਰਸ਼ਨ :

1. ਸਮਾਜਿਕ ਨਿਯੰਤਰਣ ਕਿਸਨੂੰ ਆਖਦੇ ਹਨ ? ਇਹ ਕਿੰਨੀ ਕਿਸਮ ਦਾ ਹੁੰਦਾ ਹੈ ?
2. ਸਮਾਜਿਕ ਨਿਯੰਤਰਣ ਤੋਂ ਤੁਹਾਡਾ ਕੀ ਭਾਵ ਹੈ? ਸਾਡੇ ਜੀਵਨ ਵਿਚ ਇਸ ਦੀ ਕੀ ਮਹੱਤਤਾ ਹੈ ਬਿਆਨ ਕਰੋ?
3. ਸਮਾਜਿਕ ਨਿਯੰਤਰਣ ਕਿਸਨੂੰ ਆਖਦੇ ਹਨ ? ਸਮਾਜਿਕ ਨਿਯੰਤਰਣ ਦੇ ਕਿਹੜੇ ਸਾਧਨ ਹਨ? ਵਿਸਥਾਰ ਪੂਰਵਕ ਲਿਖੋ।
4. ਸਮਾਜਿਕ ਨਿਯੰਤਰਣ ਨੂੰ ਪਰਿਭਾਸ਼ਿਤ ਕਰਦੇ ਹੋਏ ਪਰਿਵਾਰ, ਸਿੱਖਿਆ ਅਤੇ ਕਾਨੂੰਨ ਕਿਵੇਂ ਸਮਾਜਿਕ ਨਿਯੰਤਰਣ ਲਗਾਉਂਦੇ ਹਨ ਬਿਆਨ ਕਰੋ ?

### ਸੰਖੇਪ ਸਵਾਲ

(ੳ) ਸਮਾਜਿਕ ਨਿਯੰਤਰਣ

(ਅ) ਰਸਮੀ ਸਮਾਜਿਕ ਨਿਯੰਤਰਣ

(ੲ) ਗੈਰ-ਰਸਮੀ ਸਮਾਜਿਕ ਨਿਯੰਤਰਣ

(ਸ) ਰੂੜ੍ਹੀਆਂ

(ਹ) ਨੈਤਿਕ ਆਦਰਸ਼

## 10.9 ਉਪਯੋਗੀ ਪੁਸਤਕਾਂ


| | | |
|---|---|---|
| E.A. | : | Social Control |
| Samuel Koening | : | Sociology |
| Giddens | : | Sociology |
| Gisbert | : | Sociology |
| Vidyabhushan Sachdeva | : | Introduction to Sociology |
| Sawinderjeet Kaur | : | Samaj Vigyan De Mool Sankalp |

ਪਾਠ ਨੰ : 2.7 ਲੇਖਕ : ਡਾ. ਹਰਿੰਦਰ ਕੌਰ

# ਸਮਾਜਿਕ ਵਿਚਲਨ
# (SOCIAL DEVIANCE)

**ਬਣਤਰ**

11.0 ਉਦੇਸ਼
11.1 ਜਾਣ-ਪਛਾਣ
11.2 ਪਰਿਭਾਸ਼ਾਵਾਂ
11.3 ਵਿਚਲਨ ਦੀਆਂ ਵਿਸ਼ੇਸ਼ਤਾਈਆਂ
11.3.1 ਹਰੇਕ ਵਿਚਲਿਤ ਵਿਵਹਾਰ ਨਾਕਾਰਾਤਮਕ ਨਹੀਂ ਹੁੰਦਾ
11.3.2 ਵਿਚਲਿਤ ਵਿਵਹਾਰ ਨਿੱਜੀ ਅਤੇ ਸਮਾਜਿਕ ਹੁੰਦਾ ਹੈ
11.3.3 ਵਿਚਲਿਤ ਵਿਵਹਾਰ ਇੱਕ ਸਾਪੇਖ ਸੰਕਲਪ ਹੈ
11.3.4 ਸਮਾਜਿਕ ਵਿਘਟਨ ਦਾ ਪ੍ਰਤੀਕ
11.3.5 ਵਿਚਲਿਤ ਵਿਵਹਾਰ ਪੂਰਣ ਨਿਯਮਹੀਣਤਾ ਨਹੀਂ ਹੁੰਦਾ
11.3.6 ਵਿਚਲਿਤ ਵਿਵਹਾਰ ਸਥਿਰ ਨਹੀਂ ਹੁੰਦਾ।
11.4 ਵਿਚਲਨ ਦੇ ਸਰੂਪ
11.4.1 ਨਵਾਂਚਾਰ
11.4.2 ਕਰਮਕਾਂਡ
11.4.3 ਵਾਪਸੀਵਾਦ
11.4.4 ਬਗਾਵਤ
11.5 ਵਿਚਲਨ ਦੇ ਕਾਰਕ
11.5.1 ਪਰਿਵਾਰ
11.5.2 ਨੁਕਸਾਨਦਾਰ ਸਮਾਜੀਕਰਣ
11.5.3 ਆਦੇਸ਼ਾਂ ਦੀ ਘਾਟ
11.5.4 ਸਮਾਜਿਕ ਨਿਯਮਾਂ ਦੀ ਅਸ਼ਪਸ਼ਟਤਾ
11.5.5 ਸਮਾਜਿਕ ਏਜੰਸੀਆਂ ਦੀ ਕਮਜ਼ੋਰੀ
11.5.6 ਕੁਰਾਹੇ ਪੈਣਾ
11.5.7 ਚਲਚਿੱਤਰ ਜਾਂ ਫਿਲਮਾਂ
11.5.8 ਅਨੋਮੀ
11.5.9 ਮਾਨਸਿਕ ਰੋਗੀ
11.5.10 ਅਪਰਾਧੀ ਨਾਲ ਸਹਿਯੋਗ
11.5.11 ਪੁਲਿਸ ਦੀ ਧੱਕੇਸ਼ਾਹੀ
11.5.12 ਕਾਨੂੰਨ ਦੀ ਢਿੱਲ
11.6 ਸਾਰ

11.7 ਮੁੱਖ ਸ਼ਬਦ

11.8 ਅਭਿਆਸ ਲਈ ਪ੍ਰਸ਼ਨ

11.9 ਉਪਯੋਗੀ ਪੁਸਤਕਾਂ

**11.0 ਉਦੇਸ਼**

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਯੋਗ ਹੋਵੋਗੇ ਕਿ :

(ੳ) ਸਮਾਜਿਕ ਵਿਚਲਨ ਦਾ ਅਰਥ ਸਮਝਾ ਸਕੋਂ।

(ਅ) ਵਿਚਲਨ ਦੀਆਂ ਵਿਸ਼ੇਸ਼ਤਾਈਆਂ ਤੇ ਰੌਸ਼ਨੀ ਪਾ ਸਕੋ।

(ੲ) ਸਮਾਜਿਕ ਵਿਚਲਨ ਦੇ ਸਰੂਪਾਂ ਦੀ ਵਿਆਖਿਆ ਕਰ ਸਕੋਂ।

(ਸ) ਸਮਾਜਿਕ ਵਿਚਲਨ ਦੇ ਕਾਰਕਾਂ ਦੀ ਵਿਸਥਾਰ ਪੂਰਵਕ ਚਰਚਾ ਕਰ ਸਕੋਂ।

**11.1 ਜਾਣ ਪਛਾਣ**

ਕਿਸੇ ਵਿਅਕਤੀ ਜਾਂ ਸਮੂਹ ਦੇ ਕਾਰਜਾਂ ਦੀ ਸਰਲਤਾ ਅਤੇ ਇਕਸਾਰਤਾ ਕਿਸੇ ਹੱਦ ਤੱਕ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਉਹ ਦੂਜਿਆਂ ਦੇ ਕਾਰਜਾਂ ਬਾਰੇ ਕਿੰਨੇ ਕੁ ਸੁਚੇਤ ਹਨ ਅਤੇ ਉਨ੍ਹਾਂ ਦਾ ਦੂਜਿਆਂ ਦੇ ਕਾਰਜਾਂ ਬਾਰੇ ਗਿਆਨ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਵਿਚ ਕਿਹੋ ਜਿਹੇ ਪ੍ਰਤਿਮਾਨ ਪ੍ਰਚੱਲਤ ਹਨ ਜਿਨ੍ਹਾ ਨੂੰ ਉਹ ਅਪਣਾਉਂਦੇ ਹਨ। ਜੇ ਕੋਈ ਵਿਅਕਤੀ ਦੂਜਿਆਂ ਦੇ ਕਾਰਜਾਂ ਪ੍ਰਤਿ, ਦੂਜਿਆਂ ਦੀ ਆਜ਼ਾਦੀ ਪ੍ਰਤਿ ਅਤੇ ਪ੍ਰਚੱਲਿਤ ਪ੍ਰਤਿਮਾਨਾਂ ਨੂੰ ਅੱਖੋਂ ਉਹਲੇ ਕਰਕੇ ਜਾਂ ਉਹਨਾਂ ਦੇ ਉਲਟ ਕਾਰਜ ਕਰਦਾ ਹੈ ਜਿਸ ਨਾਲ ਦੂਜਿਆਂ ਨੂੰ ਨੁਕਸਾਨ ਪਹੁੰਚਦਾ ਹੋਵੇ ਤਾਂ ਇਹ ਸਮਾਜਕ ਵਿਚਲਨ ਕਹਿਲਾਵੇਗਾ। ਇਹ ਜ਼ਰੂਰੀ ਨਹੀਂ ਕਿ ਵਿਅਕਤੀ ਪ੍ਰਤਿਮਾਨਾਂ ਤੋਂ ਲਾਂਭੇ ਹੱਟ ਜਾਂਦਾ ਹੈ। ਕਈ ਵਾਰ ਉਹ ਪ੍ਰਤਿਮਾਨਾਂ ਨਾਲ ਚਲਣਾ ਚਾਹੁੰਦਾ ਹੋਇਆ ਵੀ ਨਹੀਂ ਚੱਲ ਸਕਦਾ ਕਿਉਂਕਿ ਉਸ ਉਪਰ ਅੰਦਰਲੇ ਅਤੇ ਬਾਹਰਲੇ ਦਬਾਅ ਪੈ ਰਹੇ ਹੁੰਦੇ ਹਨ ਤਾਂ ਉਥੇ ਕੁਝ ਅਜਿਹੇ ਵਿਅਕਤੀ ਵੀ ਹੋਣਗੇ ਜੋ ਉਨ੍ਹਾਂ ਨਾਲ ਚੰਗੇ ਮਨੁੱਖਾਂ ਵਾਲਾ ਸਲੂਕ ਕਰਨਾ ਪਸੰਦ ਕਰਦੇ ਹੋਣ ਪਰ ਆਪਣੇ ਹੋਰ ਸਾਥੀਆਂ ਦੇ ਡਰੋਂ ਉਹ ਅਜਿਹਾ ਕਰਨੋਂ ਅਸਮਰਥ ਹੋ ਸਕਦੇ ਹਨ। ਇਸੇ ਤਰ੍ਹਾਂ ਭਾਰਤ ਵਿਚ ਪਿੱਛੇ ਜੋ ਅਯੁੱਧਿਆ ਕਾਂਡ ਹੋਇਆ ਜਿਸ ਵਿਚ ਬਾਬਰੀ ਮਸਜਿਦ ਨੂੰ ਢਾਹ ਦਿੱਤਾ ਗਿਆ, ਸਾਰੇ ਹਿੰਦੂ ਅਜਿਹਾ ਕਰਨਾ ਨਹੀਂ ਚਾਹੁੰਦੇ ਹੋਣਗੇ ਪਰ ਆਪਣੀ ਕਮਿਊਨਿਟੀ ਦੀ ਭੀੜ ਦੇ ਡਰੋਂ ਉਹਨਾਂ ਵੀ ਅਜਿਹਾ ਕੀਤਾ, ਜੋ ਦੂਜਿਆਂ ਨੇ ਕੀਤਾ। ਆਦਮੀਆਂ ਦੀਆਂ ਵਿਚਲਤ ਪ੍ਰਵਿਰਤੀਆਂ ਦਾ ਜ਼ਿਆਦਾ ਨੁਕਸਾਨ ਉਸ ਸਮੂਹ ਜਾਂ ਸਮਾਜ ਨੂੰ ਹੁੰਦਾ ਹੈ ਜਿਸ ਦਾ ਉਹ ਵਿਚਲਤ ਵਿਅਕਤੀ ਮੈਂਬਰ ਹੁੰਦਾ ਹੈ। ਇਹ ਵਿਚਲਨ ਸਾਕਾਰਾਤਮਕ, ਨਾਕਾਰਾਤਮਕ ਅਤੇ ਅਪਸਾਧਾਰਣ ਵਿਵਹਾਰਾਂ ਵਾਲਾ ਵੀ ਹੋ ਸਕਦਾ ਹੈ। ਜੇ ਕੋਈ ਵਿਅਕਤੀ ਸਮੂਹ ਵਿਚ ਪ੍ਰਚੱਲਿਤ ਪ੍ਰਤਿਮਾਨਾਂ ਦੇ ਉਲਟ ਪਰ ਅਗਾਂਹਵਧੂ ਕੰਮ ਕਰਦਾ ਹੈ, ਇਹ ਸਕਾਰਾਤਮਕ ਵਿਵਹਾਰਾਂ ਵਾਲਾ ਵਿਚਲਨ ਹੈ। ਜੇ ਕੋਈ ਵਿਅਕਤੀ ਸਮੂਹ ਜਾਂ ਸਮਾਜ ਵਿਚ ਪ੍ਰਚੱਲਿਤ ਪ੍ਰਤਿਮਾਨਾਂ ਜਾਂ ਕਦਰਾਂ ਕੀਮਤਾਂ ਦੇ ਉਲਟ ਪਿਛਾਂਹਖਿੱਚੂ ਕੰਮ ਕਰਦਾ ਹੈ ਤਾਂ ਇਹ ਨਾਕਾਰਾਤਮਕ ਵਿਵਹਾਰਾਂ ਵਾਲਾ ਵਿਚਲਨ ਹੈ। ਇਸੇ ਤਰ੍ਹਾਂ ਜੇ ਕੋਈ ਵਿਅਕਤੀ ਅਜਿਹਾ ਕੰਮ ਕਰਦਾ ਹੈ, ਜੋ ਪ੍ਰਤਿਮਾਨਾਂ ਦੇ ਉਲਟ ਤਾਂ ਹੁੰਦਾ ਹੈ ਪਰ ਉਸ ਦੇ ਕੰਮ ਸਮਾਜ ਵਿਚ ਨੂੰ ਨਾਂ ਤਾਂ ਬੁਰਾ ਕਿਹਾ ਜਾਂਦਾ ਹੈ ਅਤੇ ਨਾ ਉਸ ਨੂੰ ਕੋਈ ਦੰਡ ਦਿੱਤਾ ਜਾਂਦਾ ਹੈ ਨਾ ਹੀ ਸਜ਼ਾ ਤਾਂ ਅਜਿਹਾ ਵਿਚਲਨ ਅਪਸਾਧਾਰਣ ਕਹਿਲਾਉਂਦਾ ਹੈ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਮਾਜ ਵਿਚ ਸਮਾਨਯ ਲੋੜਾਂ ਨੂੰ ਪੂਰਾ ਕਰਨ ਲਈ ਸਮਾਜ ਦੁਆਰਾ ਨਿਰਧਾਰਿਤ ਕੁਝ ਨਿਸ਼ਚਿਤ ਤਰੀਕੇ ਅਤੇ ਨਿਯਮ ਹੁੰਦੇ ਹਨ ਜੇ ਕੋਈ ਵਿਅਕਤੀ ਆਪਣੀਆਂ ਸਮਾਨਯ ਲੋੜਾਂ ਦੀ ਪੂਰਤੀ ਲਈ ਇਹਨਾਂ ਨਿਰਧਾਰਿਤ ਤਰੀਕਿਆਂ ਅਤੇ ਨਿਯਮਾਂ ਅਨੁਸਾਰ ਕੰਮ ਨਹੀਂ ਕਰਦਾ

ਭਾਵ ਆਪਣੇ ਸਹੀ ਰਾਹ ਤੋਂ ਭਟਕ ਜਾਂਦਾ ਹੈ ਜਿਸ ਨਾਲ ਦੂਜਿਆਂ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਅਜਿਹੇ ਵਿਵਹਾਰ ਨੂੰ ਸਮਾਜਕ ਵਿਚਲਨ ਕਿਹਾ ਜਾਂਦਾ ਹੈ।

**11.2 ਪਰਿਭਾਸ਼ਾਵਾਂ**

**ਮੈਕਾਈਵਰ** ਅਨੁਸਾਰ, ''ਸਮਾਜਿਕ ਵਿਚਲਨ ਅਜਿਹੀ ਸਥਿਤੀ ਹੈ ਜਿਸ ਵਿਚ ਸਮਾਜਿਕ ਮੇਲ-ਜੋਲ ਦੀ ਭਾਵਨਾ ਜੋ ਉਸ ਦੇ ਨੈਤਿਕ ਪੱਧਰ ਦਾ ਮੁੱਖ ਸਰੋਤ ਹੁੰਦਾ ਹੈ ਜਾਂ ਤਾਂ ਟੁੱਟ ਜਾਂਦੀ ਹੈ ਜਾਂ ਬੁਰੀ ਤਰ੍ਹਾਂ ਕਮਜ਼ੋਰ ਹੋ ਜਾਂਦੀ ਹੈ।

**ਰੌਬਰਟ ਕੇ ਮਰਟਨ** ਅਨੁਸਾਰ, ''ਇਹ ਸੋਚਣਾ ਗਲਤ ਹੋਏਗਾ ਕਿ ਵਿਚਲਨ ਉਨ੍ਹਾਂ ਵਿਵਹਾਰਾਂ ਤੱਕ ਸੀਮਿਤ ਹੈ ਜਿਨ੍ਹਾਂ ਨੂੰ ਅਸੀਂ ਸਮਾਜ ਵਿਰੋਧੀ ਜਾਂ ਪੱਧ-ਭ੍ਰਸ਼ਟ ਜਾਂ ਅਪਰਾਧੀ ਜਾਂ ਵਿਚਲਿਤ ਮੰਨਦੇ ਹਾਂ। ਵਿਚਲਨ ਨੂੰ ਇਹ ਅਰਥ ਦੇਣ ਦਾ ਕਾਰਨ ਇਹ ਹੈ ਕਿ ਸਮਾਜ ਵਿਗਿਆਨ ਦੇ ਦ੍ਰਿਸ਼ਟੀਕੋਣ ਤੋਂ ਨਿਯੰਤਰਣਾਤਮਕ ਪਰਿਮਾਪਾਂ ਤੋਂ ਦੂਰ ਹੱਟ ਜਾਣ ਵਾਲੇ ਵਿਵਹਾਰ ਦੇ ਹੋਰ ਅਨੇਕ ਸਰੂਪ ਦਾ ਬਹੁਤ ਘੱਟ ਜਾਂ ਕੋਈ ਵੀ ਸੰਬੰਧ ਦੇਸ਼ ਦੇ ਸਥਾਪਤ ਕਾਨੂੰਨਾਂ ਦੀ ਉਲੰਘਣਾ ਨਾਲ ਨਹੀਂ ਹੁੰਦਾ।

**ਸਿਮਨਜ** ਅਨੁਸਾਰ ''ਜੇਕਰ ਤੁਸੀ ਔਸਤ ਦੇ ਲਗਭਗ ਨੇੜੇ ਹੋ ਤਾਂ ਤੁਸੀਂ ਠੀਕ ਹੋ, ਪਰ ਜੇਕਰ ਤੁਸੀਂ ਔਸਤ ਤੋਂ ਜ਼ਿਆਦਾ ਦੂਰ ਹੋ ਤਾਂ ਤੁਸੀਂ ਨਿਸ਼ਚੇ ਹੀ ਠੀਕ ਨਹੀਂ ਹੈ। ਇਹ ਹੀ ਵਿਚਲਨ ਦੀ ਸਥਿਤੀ ਹੈ।''

**ਏਲੇਕਸ ਇੰਕਲਸ** ਅਨੁਸਾਰ, ''ਵਿਚਲਨ ਆਵੱਸ਼ਕ ਤੌਰ ਤੇ ਸਮਾਨਯ ਰੂਪ ਵਿਚ ਸਵੀਕ੍ਰਿਤ ਪੱਧਰ ਤੋਂ ਲਾਂਭੇ ਹੋ ਜਾਣ ਜਾਂ ਅਲਪ ਗਿਣਤੀ ਦੇ ਲੋਕਾਂ ਦੇ ਵਿਚਾਰ ਨੂੰ ਅਪਨਾਉਣਾ ਨਹੀਂ ਹੈ। ਇਹ ਤਾਂ ਸੰਖਿਆਲੀ ਪੱਥ ਵਿਚਲਨ ਹੈ, ਨਾ ਕਿ ਸਮਾਜਿਕ ਵਿਚਲਨ। ਸਮਾਜਿਕ ਵਿਚਲਨ ਦੀ ਸਥਿਤੀ ਤਾਂ ਪੈਦਾ ਹੁੰਦੀ ਹੈ ਜਦੋਂ ਸਵੀਕ੍ਰਿਤ ਆਦਰਸ਼ ਨਿਯਮਾਂ ਤੋਂ ਦੂਰ ਹੱਟ ਜਾਣ। ਅਜਿਹੀ ਸਥਿਤੀ ਜਿਸ ਨੂੰ ਸਮੁਦਾਇ ਗੰਭੀਰਤਾ ਨਾਲ ਮਹਿਸੂਸ ਕਰਦੀ ਹੈ। ਇੰਨੀ ਗੰਭੀਰਤਾ ਨਾਲ ਕਿ ਉਸ ਵਿਚਲਤ ਵਿਵਹਾਰ ਨੂੰ ਨਿਯੰਤਰਿਤ ਕਰਨ ਜਾਂ ਰੋਕਣ ਦੇ ਲਈ ਕਈ ਉਪਾਵਾਂ ਨੂੰ ਅਪਣਾਉਂਦੀ ਹੈ।

**ਰਾਬਰਟ ਆਰ. ਬੈਲ** ਨੇ ਆਪਣੀ ਕਿਤਾਬ ''ਸਮਾਜਿਕ ਵਿਚਲਨ'' ਵਿਚ ਲਿਖਿਆ ਹੈ ਕਿ ਵਿਚਲਨ ਦੀ ਸਭ ਤੋਂ ਸਾਧਾਰਣ ਵਿਆਖਿਆ ਅੰਕੜਿਆਂ ਸੰਬੰਧੀ ਹੈ। ਭਾਵ ਕਿਸੇ ਵੀ ਇਹੋ ਜਿਹੀ ਵਸਤੂ ਨੂੰ ਵਿਚਲਿਤ ਕਹਿਕੇ ਪ੍ਰਕਾਸ਼ਿਤ ਕੀਤਾ ਜਾ ਸਕਦਾ ਹੈ ਜੋ ਕਿ ਸਮਾਜ ਵਿਚ ਪ੍ਰਚਲਿਤ ਔਸਤ ਤੋਂ ਬਹੁਤ ਜ਼ਿਆਦਾ ਭਿੰਨ ਜਾਂ ਪ੍ਰਤਿਕੂਲ ਹੋਵੇ।

**ਆਲਬਰਟ ਕੇ ਕੋਹਨ** ਅਨੁਸਾਰ, ''ਅਸੀਂ ਵਿਚਲਨ ਵਿਵਹਾਰ ਨੂੰ ਇਕ ਅਜਿਹੇ ਵਿਵਹਾਰ ਦੇ ਰੂਪ ਵਿਚ ਪ੍ਰਕਾਸ਼ਿਤ ਕਰਦੇ ਹਾਂ ਜੋ ਕਿ ਸੰਸਥਾਗਤ ਆਸ਼ਾਵਾਂ ਦੀ ਉਲੰਘਣਾ ਕਰਦਾ ਹੈ ਭਾਵ ਅਜਿਹੀਆਂ ਭਾਸ਼ਾਵਾਂ ਜਿਨ੍ਹਾਂ ਨੂੰ ਸਮਾਜਿਕ ਵਿਵਸਥਾ ਦੇ ਅੰਤਰਗਤ ਵੱਧ ਜਾਂ ਨਿਆਂਸੰਗਤ ਮਾਨਤਾ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਵਿਚ ਅੰਸ਼ ਗ੍ਰਹਿਣ ਕੀਤਾ ਜਾਂਦਾ ਹੈ।''

ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਵਿਚਲਿਤ ਵਿਵਹਾਰ ਵਿਚ ਉਹ ਪ੍ਰਤੀਮਾਨ ਸ਼ਾਮਲ ਹੁੰਦੇ ਹਨ ਜੋ ਸਮਾਜ ਦੁਆਰਾ ਨਿਰਧਾਰਿਤ ਵਿਵਹਾਰਾਂ ਅਤੇ ਪ੍ਰਤੀਮਾਨਾਂ ਅਨੁਸਾਰ ਮੇਲ ਨਹੀਂ ਖਾਂਦੇ ਇਸੇ ਲਈ ਉਨ੍ਹਾਂ ਨੂੰ ਪ੍ਰਮਾਣਿਤ ਨਹੀਂ ਕੀਤਾ ਜਾਂਦਾ। ਸਮਾਜ ਵਿਚ ਰਹਿੰਦੇ ਵਿਅਕਤੀਆਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੇ ਵਿਵਹਾਰ ਨੂੰ ਸਮਾਜ ਦੁਆਰਾ ਨਿਸ਼ਚਿਤ, ਸਥਾਪਿਤ ਤੇ ਮੰਨੇ ਹੋਏ ਵਿਵਹਾਰ ਪ੍ਰਤੀਮਾਨ ਦੇ ਅਨੁਸਾਰ ਢਾਲਣ ਪਰ ਜੇ ਕਿਸੇ ਵਿਅਕਤੀ ਦਾ ਵਿਵਹਾਰ ਇਹਨਾਂ ਸਥਾਪਿਤ ਉਮੀਦਾਂ ਦੇ ਉਲਟ ਵਿਵਹਾਰ ਕਰਦਾ ਹੈ ਤਾਂ ਉਸਨੂੰ ਵਿਚਲਨ ਕਿਹਾ ਜਾਂਦਾ ਹੈ।

**11.3 ਵਿਚਲਣ ਦੀਆਂ ਵਿਸ਼ੇਸ਼ਤਾਈਆਂ** :

ਜਿਵੇਂ ਕਿ ਉਪਰ ਦੱਸਿਆ ਜਾ ਚੁੱਕਾ ਹੈ ਕਿ ਸਮਾਜ ਦੁਆਰਾ ਪ੍ਰਵਾਨਿਤ ਵਿਵਹਾਰ ਦੇ ਉਲਟ ਅਪਣਾਏ ਗਏ ਵਿਅਕਤੀ ਜਾਂ ਸਮੂੰਹ ਦੇ ਵਿਵਹਾਰ ਨੂੰ ਸਮਾਜਿਕ ਵਿਚਲਨ ਕਿਹਾ ਜਾਂਦਾ ਹੈ।

ਆਓ ਹੁਣ ਸਮਾਜਿਕ ਵਿਚਲਨ ਦੀਆਂ ਵਿਸ਼ੇਸ਼ਤਾਈਆਂ ਤੇ ਝਾਤ ਮਾਰੀਏ।

11.3.1 **ਹਰੇਕ ਵਿਚਲਿਤ ਵਿਵਹਾਰ ਨਾਕਾਰਾਤਮਕ ਨਹੀਂ ਹੁੰਦਾ** : ਹਰੇਕ ਵਿਚਲਿਤ ਵਿਵਹਾਰ ਬੁਰਾ ਨਹੀਂ ਹੁੰਦਾ ਬਲਕਿ ਕਈ ਵਾਰ ਇਹ ਸਮਾਜ ਅਤੇ ਵਿਅਕਤੀਆਂ ਦੇ ਫਾਇਦੇ ਲਈ ਹੁੰਦਾ ਹੈ। ਜਿਵੇਂ ਬਦਲਦੇ ਸਮੇਂ ਨਾਲ ਅਸੀਂ ਬਹੁਤ ਸਾਰੀਆਂ ਕਦਰਾਂ ਕੀਮਤਾਂ ਨੂੰ ਮੰਨਣੋਂ ਇਨਕਾਰੀ ਹੋ ਜਾਂਦੇ ਹਾਂ ਜਾਂ ਸਮਾਜਿਕ ਨਿਯਮਾਂ ਦੀ ਉਲੰਘਣਾ ਵੀ ਕਰਦੇ ਹਾਂ ਜਾਂ ਫਿਰ ਆਪਣੀ ਸਹੂਲਤ ਲਈ ਨਿਯਮਾਂ ਵਿਚ ਕੁਝ ਹੇਰ ਫੇਰ ਕਰ ਲੈਂਦੇ ਹਾਂ। ਇਸ ਲਈ ਇਸ ਤਰ੍ਹਾਂ ਦਾ ਵਿਚਲਿਤ ਵਿਵਹਾਰ ਸਮਾਜ ਲਈ ਨਾਕਾਰਾਤਮਕ ਨਹੀਂ ਹੁੰਦਾ ਕਿਉਂਕਿ ਸਮਾਜਿਕ ਪਰਿਵਰਤਨ ਦੇ ਨਾਲ ਨਾਲ ਸਾਇੰਸ ਅਤੇ ਟੈਕਨੋਲੋਜੀ ਦੇ ਵਿਕਾਸ ਨਾਲ ਸਮਾਜਿਕ ਨਿਯਮਾਂ ਅਤੇ ਕਦਰਾਂ ਕੀਮਤਾਂ ਵਿਚ ਬਦਲਾਓ ਅਤੇ ਲੋਕਾਂ ਦਾ ਉਹਨਾਂ ਨੂੰ ਨਾ ਮੰਨਣਾ ਦੂਜੀ ਪੀੜ੍ਹੀ ਲਈ ਉਹ ਨਿਯਮ ਬਣ ਸਕਦਾ ਹੈ।

11.3.2 **ਵਿਚਲਿਤ ਵਿਵਹਾਰ ਨਿੱਜੀ ਅਤੇ ਸਮਾਜਿਕ ਹੁੰਦਾ ਹੈ** : ਵਿਚਲਿਤ ਵਿਵਹਾਰ ਕਿਸੇ ਇਕ ਵਿਅਕਤੀ ਨਾਲ ਸੰਬੰਧਿਤ ਹੋ ਸਕਦਾ ਹੈ ਜਿਸਨੂੰ ਅਸੀਂ ਨਿੱਜੀ ਵਿਚਲਿਤ ਵਿਵਹਾਰ ਕਹਿੰਦੇ ਹਾਂ ਜਿਵੇਂ ਕਿਸੇ ਪਰਿਵਾਰ ਵਿਚ ਇਕ ਬੱਚੇ ਦਾ ਕੁਰਾਹੇ ਪੈ ਜਾਣਾ ਪ੍ਰੰਤੂ ਜਦੋਂ ਇਹ ਵਿਵਹਾਰ ਕਿਸੇ ਸਮੂਹ ਦਾ ਵਿਵਹਾਰ ਬਣ ਜਾਂਦਾ ਹੈ ਤਾਂ ਇਹ ਸਮਾਜਿਕ ਅਖਵਾਉਂਦਾ ਹੈ। ਜਿਵੇਂ ਅੱਜਕੱਲ ਦੇ ਸਮੇਂ ਵਿਚ ਕਈ ਡਾਕੂ, ਸਮਗਲਰ ਜਾਂ ਅੰਤਕਵਾਦੀ ਜਥੇਬੰਦੀਆਂ ਆਦਿ ਹਨ। ਜਦੋਂ ਇਹ ਨਿੱਜੀ ਹੁੰਦਾ ਹੈ ਤਾਂ ਇਹ ਕੇਵਲ ਕਰਤਾ ਦੀ ਸ਼ਖਸੀਅਤ ਨੂੰ ਪ੍ਰਭਾਵਿਤ ਕਰਦਾ ਹੈ ਪ੍ਰੰਤੂ ਜਦੋਂ ਇਹ ਸਮੂਹਿਕ ਹੁੰਦਾ ਹੈ ਤਾਂ ਸਮਾਜ ਲਈ ਖਤਰਾ ਹੁੰਦਾ ਹੈ।

11.3.3 **ਵਿਚਲਿਤ ਵਿਵਹਾਰ ਇਕ ਸਾਪੇਖ ਸੰਕਲਪ ਹੈ (relative concept) :** ਸਮਾਜ ਵਿਚ ਵੱਖ-ਵੱਖ ਸੰਸਕ੍ਰਿਤੀਆਂ ਦੇ ਲੋਕ ਰਹਿੰਦੇ ਹਨ। ਵਿਚਲਨ ਦਾ ਸੰਬੰਧ ਵੀ ਸੰਸਕ੍ਰਿਤੀ ਨਾਲ ਹੀ ਹੁੰਦਾ ਹੈ। ਕੋਈ ਵੀ ਵਿਵਹਾਰ ਕਿਸ ਸਮੇਂ ਵਿਚ ਕਿਸ ਹਾਲਾਤ ਵਿਚ ਵਿਚਲਿਤ ਕਿਹਾ ਜਾਵੇਗਾ। ਇਸ ਦੀ ਪਰਿਭਾਸ਼ਾ ਹਰੇਕ ਸਮਾਜ ਵਿਚ ਅਲੱਗ ਅਲੱਗ ਮਿਲੇਗੀ ਕਿਉਂਕਿ ਕਿਸੇ ਸਮਾਜ ਵਿਚ ਜੋ ਚੀਜ਼ ਵਿਚਲਿਤ ਵਿਵਹਾਰ ਮੰਨੀ ਜਾ ਰਹੀ ਹੈ ਉਹ ਦੂਸਰੇ ਸਮਾਜ ਵਿਚ ਸੁਭਾਵਿਕ ਵਿਵਹਾਰ ਹੋ ਸਕਦੀ ਹੈ। ਇਸ ਲਈ ਇਹ ਇਕ ਸਾਪੇਖ ਸੰਕਲਪ ਹੈ।

11.3.4 **ਸਮਾਜਿਕ ਵਿਘਟਨ ਦਾ ਪ੍ਰਤੀਕ** : ਵਿਚਲਣ ਦੀ ਮੁੱਖ ਵਿਸ਼ੇਸ਼ਤਾ ਹੈ ਕਿ ਇਹ ਕੁਝ ਬੁਰੇ ਪਰਿਣਾਮਾਂ ਨੂੰ ਪੈਦਾ ਕਰਦਾ ਹੈ। ਸਮਾਜ ਇਸਨੂੰ ਗੰਭੀਰਤਾ ਨਾਲ ਵੇਖਦਾ ਹੈ ਕਿਉਂਕਿ ਇਸ ਨਾਲ ਸਮਾਜ ਵਿਚ ਵਿਘਟਨ (Disintegration) ਦੀ ਸਥਿਤੀ ਪੈਦਾ ਹੋ ਜਾਂਦੀ ਹੈ।

11.3.5 **ਵਿਚਲਿਤ ਵਿਵਹਾਰ ਪੂਰਨ ਨਿਯਮਹੀਣਤਾ ਨਹੀਂ ਹੁੰਦਾ** : ਸਮਾਜ ਵਿਚ ਕਿਸੇ ਵੀ ਸਮੇਂ ਪੂਰਨ ਨਿਯਮਹੀਣਤਾ ਨਹੀਂ ਪਾਈ ਜਾਂਦੀ। ਜੇਕਰ ਕਿਸੇ ਇਕ ਪਹਿਲੂ ਵਿੱਚ ਨਿਯਮਹੀਣਤਾ ਹੁੰਦੀ ਹੈ ਤਾਂ ਬਾਕੀ ਦੇ ਪਹਿਲੂਆਂ ਵਿਚ ਨਿਯਮਬੱਧਤਾ ਹੁੰਦੀ ਹੈ। ਇਸੇ ਕਰਕੇ ਸਮਾਜ ਵਿਵਸਥਿਤ ਰਹਿੰਦਾ ਹੈ। ਇਸੇ ਤਰ੍ਹਾਂ ਹੀ ਜੋ ਵਿਵਹਾਰ ਕਿਸੇ ਸਮੇਂ ਵਿਚ ਨਿਯਮਹੀਣਤਾ ਸਮਝਿਆ ਜਾਂਦਾ ਹੈ। ਉਹ ਦੂਜੇ ਸਮੇਂ ਵਿਚ ਸਮਾਜਿਕ ਮੰਨਿਆ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਨਾਨਕ ਜਾਂ ਸੁਕਰਾਤ ਦਾ ਵਿਵਹਾਰ ਉਸ ਸਮੇਂ ਸਮਾਜ ਵਿਰੋਧੀ ਮੰਨਿਆ ਗਿਆ ਪ੍ਰੰਤੂ ਬਾਅਦ

ਵਿਚ ਉਹ ਬੁੱਧੀ ਜੀਵੀ ਹੋ ਗਿਆ।

11.3.6 **ਵਿਚਲਿਤ ਵਿਵਹਾਰ ਸਥਿਰ ਨਹੀਂ ਹੁੰਦਾ** : ਮਨੁੱਖੀ ਵਿਵਹਾਰ ਪਰਿਵਰਤਸ਼ੀਲ ਹੈ। ਇਹ ਸਮੇਂ ਸਮੇਂ ਵੱਖ-ਵੱਖ ਹਾਲਾਤ ਵਿਚ ਬਦਲਦਾ ਰਹਿੰਦਾ ਹੈ। ਇਸੇ ਲਈ ਵਿਚਲਿਤ ਵਿਵਹਾਰ ਵੀ ਸਥਾਈ ਨਹੀਂ ਰਹਿੰਦਾ। ਸਮੇਂ ਨਾਲ ਸਮਾਜ ਦੀਆਂ ਪਰੰਪਰਾਵਾਂ, ਆਦਰਸ਼ਾਂ ਵਿਚ ਵੀ ਪਰਿਵਰਤਨ ਆਉਂਦਾ ਹੈ ਅਤੇ ਕਿਸੇ ਸਮੇਂ ਦਾ ਵਿਅਕਤੀ ਦਾ ਵਿਚਲਿਤ ਵਿਵਹਾਰ ਦੂਜੇ ਸਮੇਂ ਵਿਚ ਨਿਯਮ ਬਣ ਜਾਂਦਾ ਹੈ।

ਇਹਨਾਂ ਵਿਸ਼ੇਸ਼ਤਾਈਆਂ ਤੋਂ ਪਤਾ ਚੱਲਦਾ ਹੈ ਕਿ ਵਿਚਲਿਤ ਵਿਵਹਾਰ ਹਮੇਸ਼ਾ ਹੀ ਬੁਰਾ ਜਾਂ ਨਾਕਾਰਾਤਮਕ ਨਹੀਂ ਹੁੰਦਾ ਬਲਕਿ ਕਈ ਵਾਰ ਇਹ ਵਿਅਕਤੀਆਂ ਜਾਂ ਸਮਾਜ ਦੇ ਵਿਕਾਸ ਲਈ ਚੰਗਾ ਹੁੰਦਾ ਹੈ। ਇਹ ਸਮੂਹਿਕ ਵੀ ਹੈ ਅਤੇ ਵਿਅਕਤੀਗਤ ਵੀ। ਇਹ ਸਥਿਰ ਨਹੀਂ ਹੁੰਦਾ ਅਤੇ ਨਾਹੀ ਇਸ ਵਿਚ ਹਮੇਸ਼ਾ ਨਿਯਮਹੀਣਤਾ ਹੁੰਦੀ ਹੈ।

**11.4 ਵਿਚਲਨ ਦੇ ਸਰੂਪ** :

ਆਮ ਤੌਰ ਤੇ ਵਿਚਲਨ ਦੋ ਕਿਸਮ ਦਾ ਹੁੰਦਾ ਹੈ। ਇਕ ਉਹ ਜਿਸਨੂੰ ਵਿਸ਼ੇਸ਼ ਸਥਿਤੀ ਵਿਚ ਬੁਰਾ ਮੰਨਿਆ ਜਾਂਦਾ ਹੈ ਜਿਵੇਂ ਛੂਆਛੂਤ ਅਤੇ ਦੂਜਾ ਉਹ ਜੋ ਹਰੇਕ ਸਥਿਤੀ ਵਿਚ ਬੁਰਾ ਮੰਨਿਆ ਜਾਂਦਾ ਹੈ ਜਿਵੇਂ ਚੋਰੀ ਡਕੈਤੀ ਆਦਿ। ਪ੍ਰੰਤੂ ਵਿਚਲਨ ਦੇ ਸੰਕਲਪ ਦੇ ਵਿਸਤ੍ਰਿਤ ਅਰਥ ਦੇਣ ਵਾਲੇ ਸਮਾਜ ਸਾਸਤਰੀ **ਰਾਬਰਟ ਮਰਟਨ** ਨੇ ਇਸਦੀਆਂ ਚਾਰ ਕਿਸਮਾਂ ਦਾ ਜ਼ਿਕਰ ਕੀਤਾ ਹੈ। ਉਹ ਹਨ :

(i) ਨਵਾਂਚਾਰ (Innovation)

(ii) ਕਰਮਕਾਂਡ ਜਾਂ ਸੰਸਕਾਰਵਾਦ (Ritualism)

(iii) ਅਪਸਰਣ ਜਾਂ ਵਾਪਸੀਵਾਦ (Retreatism)

(iv) ਬਗਾਵਤ (Rebellion)

11.4.1 **ਨਵਾਂਚਾਰ (Innovation) :** ਜਦੋਂ ਵਿਅਕਤੀ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਸਮਾਜ ਦੁਆਰਾ ਪ੍ਰਵਾਨਿਤ ਸਾਧਨਾਂ ਨੂੰ ਨਹੀਂ ਅਪਣਾਉਂਦਾ ਸਗੋਂ ਨਵੇਂ ਸਾਧਨਾਂ ਦੁਆਰਾ ਉਹਨਾਂ ਦੀ ਪੂਰਤੀ ਦਾ ਯਤਨ ਕਰਦਾ ਹੈ। ਜਿਵੇਂ ਮਾਨਵ ਵਿਗਿਆਨੀ ਹਰਸਕੋਵਿਸ (Herskovits) ਦਾ ਮੰਨਣਾ ਹੈ ਕਿ.............. ਦੇ ਅੰਦਰ ਪੁਰਾਣੇ ਕੰਮਾਂ ਨੂੰ ਨਵੇਂ ਤਰੀਕੇ ਨਾਲ ਕਰਨ ਲਈ ਨਵੇਂ ਤਰੀਕਿਆਂ ਨੂੰ ਮੰਨਜ਼ੂਰੀ ਦੇਣਾ ਜਾਂ ਪੁਰਾਣੇ ਤਰੀਕਿਆਂ ਵਿਚ ਬਦਲਾਓ ਕਰਨ ਨੂੰ ਮੰਨਣਾ ਸ਼ਾਮਲ ਹੈ। ਇਸ ਤਰ੍ਹਾਂ ਪੁਰਾਣੀਆਂ ਵਿਵਹਾਰ ਦੇ ਤਰੀਕੇ ਛੱਡਕੇ ਨਵੇਂ ਤਰੀਕਿਆਂ ਨੂੰ ਅਪਣਾ ਲਿਆ ਜਾਂਦਾ ਹੈ। ਮਰਟਨ ਕਹਿੰਦਾ ਹੈ ਕਿ ਜਦੋਂ ਵਿਅਕਤੀ ਸਮਾਜ ਦੁਆਰਾ ਪ੍ਰਵਾਨਿਤ ਤਰੀਕੇ ਛੱਡ ਕੇ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਨਵੇਂ ਤਰੀਕੇ ਅਪਣਾਉਂਦਾ ਹੈ ਤਾਂ ਉਸਦਾ ਵਿਵਹਾਰ ਵਿਚਲਿਤ ਕਹਿਲਾਉਂਦਾ ਹੈ। ਮਰਟਨ ਕਹਿੰਦਾ ਹੈ ਕਿ ਵਿਚਲਿਤ ਵਿਵਹਾਰ ਨੂੰ ਕੇਵਲ ਅਪਰਾਧ ਸਮਝਣਾ ਗਲਤ ਹੈ।

11.4.2 **ਕਰਮਕਾਂਡ (Ritualism) :** ਇਸ ਕਿਸਮ ਦੇ ਵਿਚਲਨ ਜਾਂ ਸੰਸਕਾਰਵਾਦ ਵਿਚ ਵਿਅਕਤੀ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਸਮਾਜ ਪ੍ਰਵਾਨਿਤ ਸਾਧਨਾਂ ਦੀ ਵਰਤੋਂ ਤਾਂ ਕਰਦੇ ਹਨ ਪਰ ਜ਼ਰੂਰੀ ਨਹੀਂ ਉਹ ਉਦੇਸ਼ਾਂ ਨੂੰ ਪੂਰਾ ਕਰਨ ਵਿਚ ਸਫ਼ਲ ਹੋਣਾ। ਸਿਰਫ ਉਹ ਇਸ ਗੱਲ ਤੋਂ ਸੰਤੁਸ਼ਟ ਹੁੰਦੇ ਹਨ ਕਿ ਉਹਨਾਂ ਨੇ ਸਮਾਜ ਪ੍ਰਵਾਨਿਤ ਸਾਧਨਾਂ ਦੀ ਵਰਤੋਂ ਕੀਤੀ ਹੈ। ਇਥੇ ਵਿਅਕਤੀ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਚਿੰਤਾ ਨਹੀਂ ਕਰਦਾ ਇਹ ਵਿਚਲਨ ਦੀ ਸਥਿਤੀ ਹੈ ਜਿਸਨੂੰ ਮਰਟਨ ਸੰਸਕਾਰਵਾਦ ਜਾਂ ਕਰਮਕਾਂਡ ਦਾ ਨਾਂ ਦਿੰਦਾ ਹੈ। ਮਰਟਨ ਨੇ ਵਿਚਲਨ ਦੀ ਇਸ ਕਿਸਮ ਨੂੰ ਸਪਸ਼ਟ ਕਰਦੇ ਹੋਏ ਲਿਖਿਆ ਹੈ ਕਿ ''ਕਰਮਕਾਂਡ ਇਕ

ਅਜਿਹੇ ਮੋਜਵੇਂ ਵਿਵਹਾਰ ਤੇ ਪ੍ਰਤੀਮਾਨ ਵੱਲ ਸੰਕੇਤ ਕਰਦਾ ਹੈ ਜਿਸ ਵਿਚ ਸੰਸਕ੍ਰਿਤਕ ਤੌਰ ਤੇ ਪਰਿਭਾਸ਼ਤ ਇੱਛਾਵਾਂ ਨੂੰ ਤਾਂ ਤਿਆਗ ਦਿੱਤਾ ਜਾਂਦਾ ਹੈ, ਪਰ ਵਿਅਕਤੀ ਲਾਜ਼ਮੀ ਰੂਪ ਨਾਲ ਸੰਸਥਾਗਤ ਨਿਯਮਾਂ ਦੁਆਰਾ ਵਚਨਬੱਧ ਰਹਿੰਦਾ ਹੈ।'' ਅਸਲ ਵਿਚ ਵਿਅਕਤੀ ਕਰਮਕਾਂਡੀ ਸੰਸਥਾਗਤ ਨਿਯਮਾਂ ਉਤੇ ਇੰਨਾ ਜ਼ਿਆਦਾ ਜ਼ੋਰ ਦੇਣ ਲਗ ਜਾਂਦਾ ਹੈ ਕਿ ਉਸਦਾ ਵਿਵਹਾਰ ਸਾਧਾਰਨ ਪ੍ਰਤੀਮਾਨਾਂ ਤੇ ਵਿਵਹਾਰ ਤੋਂ ਵੱਖ ਲਗਣ ਲੱਗ ਜਾਂਦਾ ਹੈ ਅਤੇ ਇਸਨੂੰ ਵਿਚਲਿਤ ਵਿਵਹਾਰ ਸਮਝ ਲਿਆ ਜਾਂਦਾ ਹੈ।

11.4.3 **ਅਪਸਰਣ ਜਾਂ ਵਾਪਸੀਵਾਦ (Retreatism) :** ਇਸ ਕਿਸਮ ਦੇ ਵਿਚਲਨ ਵਿਚ ਵਿਅਕਤੀ ਉਦੇਸ਼ਾਂ ਤੇ ਸਾਧਨਾਂ ਦੋਹਾਂ ਪ੍ਰਤੀ ਹੀ ਉਦਾਸੀਨ ਰਵਈਆ ਰਖਦੇ ਹਨ। ਉਹ ਕਿਸੇ ਵਿਵਸਥਾ ਦਾ ਅੰਗ ਹੋ ਕੇ ਵੀ ਇਸ ਦੀਆਂ ਕਦਰਾਂ-ਕੀਮਤਾਂ ਅਤੇ ਸਮਾਜਿਕ ਅਨੁਕੂਲਨ ਪ੍ਰਤੀ ਕੋਈ ਰੁਚੀ ਨਹੀਂ ਕਮਾਉਂਦੇ। ਉਹ ਵਿਵਸਥਾ ਵਿਚ ਹੁੰਦੇ ਹਨ ਪ੍ਰੰਤੂ ਵਿਵਸਥਾ ਲਈ ਨਹੀਂ ਹੁੰਦੇ । ਮਰਟਨ ਨੇ ਇਸਨੂੰ ਅਪਸਰਣ ਦਾ ਨਾਂ ਦਿੱਤਾ ਹੈ। **ਮਰਟਨ** ਅਨੁਸਾਰ, ''ਵਿਚਲਨ ਦਾ ਉਹ ਰੂਪ ਜਿਸ ਵਿਚ ਇਕ ਪ੍ਰਕਾਰ ਦੇ ਵਿਵਹਾਰ ਪ੍ਰਤੀਮਾਨ ਵਿਚ ਕਈ ਸਨਮਾਨੇ ਜਾਣ ਵਾਲੇ ਸੰਸਕ੍ਰਿਤਕ ਲੱਖਸ਼ ਜਾਂ ਇਨ੍ਹਾਂ ਲਖਸ਼ਾਂ ਦੇ ਪ੍ਰਤੀ ਨਿਰਦੇਸ਼ਤ ਸੰਸਥਾਗਤ ਕਾਰਜ ਪ੍ਰਣਾਲੀਆਂ ਦੋਹਾਂ ਨੂੰ ਹੀ ਕਾਫ਼ੀ ਹੱਦ ਤਕ ਤਿਆਗ ਦਿੱਤਾ ਜਾਂਦਾ ਹੈ।'' ਸਮੱਸਿਆਗ੍ਰਸਤ ਪਰਿਵਾਰਾਂ ਦੇ ਮੈਂਬਰਾਂ ਦਾ ਵਿਵਹਾਰ ਪ੍ਰਤੀਮਾਨ ਉਨ੍ਹਾਂ ਦੇ ਸਮਾਜਿਕ ਵਾਤਾਵਰਨ ਵਿਚ ਪਾਈਆਂ ਜਾਣ ਵਾਲੀਆਂ ਆਦਰਸ਼ਾਤਮਕ ਅਭਿਲਾਸ਼ਾਵਾਂ ਦੇ ਅਨੁਰੂਪ ਨਹੀਂ ਹੁੰਦਾ ਇਸੇ ਕਰਕੇ ਇਸਨੂੰ ਵਿਚਲਨ ਮੰਨਿਆ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਜਦੋਂ ਕਿਸੇ ਅਮੀਰ ਪਰਿਵਾਰ ਨੂੰ ਕੋਈ ਆਰਥਿਕ ਘਾਟਾ ਪੈ ਜਾਂਦਾ ਹੈ ਤੇ ਉਸ ਕੋਲ ਪੈਸਾ ਨਹੀਂ ਰਹਿੰਦਾ ਹੈ ਤਾਂ ਜ਼ਰੂਰੀ ਹੈ ਕਿ ਉਹ ਆਪਣੀਆਂ ਆਰਥਿਕ ਜ਼ਰੂਰਤਾਂ ਨੂੰ ਘੱਟ ਕਰੇ ਅਤੇ ਆਪਣੇ ਆਪ ਨੂੰ ਨਵੀਆਂ ਹਾਲਤਾਂ ਅਨੁਸਾਰ ਢਾਲੇ ਪ੍ਰੰਤੂ ਕਈ ਵਾਰ ਉਹ ਅਜਿਹਾ ਨਹੀਂ ਕਰ ਪਾਉਂਦਾ ਜੋ ਵਿਚਲਤ ਵਿਵਹਾਰ ਬਣ ਜਾਂਦਾ ਹੈ ਅਤੇ ਮਜ਼ਬੂਰੀ ਵੱਸ ਉਸਨੂੰ ਆਤਮਹੱਤਿਆ ਕਰਨੀ ਪੈਂਦੀ ਹੈ।

11.4.4 **ਬਗਾਵਤ (Rebellion) :** ਮਰਟਨ ਅਨੁਸਾਰ ਬਗਾਵਤ ਵਿਚਲਨ ਦਾ ਚੌਥਾ ਰੂਪ ਹੈ। ਬਗਾਵਤ ਤੋਂ ਭਾਵ ਉਸ ਵਿਵਹਾਰ ਤੋਂ ਹੈ ਜਦੋਂ ਕੋਈ ਸਮੂਹ ਸਮਾਜ ਦੁਆਰਾ ਪ੍ਰਵਾਣਿਤ ਕਦਰਾਂ, ਕੀਮਤਾਂ, ਆਦਰਸ਼ਾਂ ਨਿਯਮਾਂ ਨੂੰ ਨਾ ਮੰਨ ਕੇ ਆਪੇ ਆਪਣੇ ਲਈ ਨਵੀਆਂ ਕੀਮਤਾਂ, ਨਿਯਮ ਤੇ ਮਾਨਤਾਵਾਂ ਵਿਕਸਤ ਕਰਦਾ ਹੈ। ਉਸ ਸਮਾਜ ਦੁਆਰਾ ਪ੍ਰਵਾਨਿਤ ਵਿਵਹਾਰ ਦੀ ਜਾਣ ਬੁੱਝ ਕੇ ਉਲੰਘਣਾ ਕਰਦਾ ਹੈ। ਇਸ ਦੀਆਂ ਉਦਾਹਰਣਾਂ ਯੁਵਾ ਅੰਦੋਲਨ ਅਤੇ ਰਾਜਨੈਤਿਕ ਪਲਟੇ ਆਦਿ ਹਨ। ਜਦੋਂ ਵਰਤਮਾਨ ਪਰਸਿਥਤੀਆਂ ਵਿਚ ਕਿਸੇ ਸਮੂੰਹ ਨੂੰ ਕਿਸੇ ਦੂਸਰੇ ਵਿਅਕਤੀ ਜਾਂ ਸਮੂਹ ਦੇ ਕਾਰਨ ਉਹ ਚੀਜਾਂ ਪ੍ਰਾਪਤ ਨਹੀਂ ਹੁੰਦੀਆਂ ਜਿਵੇਂ ਉਹ ਚਾਹੁੰਦਾ ਹੈ ਤਾਂ ਉਹ ਵਿਦਰੋਹੀ ਜਾਂ ਅੰਦੋਲਨਕਾਰੀ ਬਣ ਜਾਂਦਾ ਹੈ ਜਿਵੇਂ ਨਾਅਰੇਬਾਜੀ, ਜਲੂਸ ਕਢਣਾ, ਅਪਹਰਣ, ਹੜਤਾਲ ਆਦਿ।

ਇਸੇ ਤਰ੍ਹਾਂ ਹੈਰਾਲੈਮਬਸ ਨੇ ਸਮਾਜਿਕ ਵਿਚਲਨ ਦੀਆਂ ਤਿੰਨ ਕਿਸਮਾਂ ਦਾ ਵਰਣਨ ਕੀਤਾ ਹੈ। ਉਹ ਹਨ :

(i) ਸਾਕਾਰਾਤਮਕ ਵਿਚਲਨ (Positive Deviance)

(ii) ਨਾਕਾਰਾਤਮਕ ਵਿਚਲਨ (Negative Deviance)

(iii) ਅਸਾਧਾਰਣ ਵਿਚਲਨ (Abnormal Deviance)

ਉਪਰੋਕਤ ਚਰਚਾ ਤੋਂ ਪਤਾ ਚੱਲਦਾ ਹੈ ਕਿ ਵਿਚਲਿਤ ਵਿਵਹਾਰ ਜਾਂ ਤਾਂ ਨਵਾਂਚਾਰ ਭਾਵ ਪੁਰਾਣੀਆਂ ਵਿਵਹਾਰਕ ਪ੍ਰਣਾਲੀਆਂ ਨੂੰ ਤਿਆਗ ਕੇ ਨਵੇਂ ਸੰਸੋਧਿਤ ਤਰੀਕੇ ਅਪਨਾਉਣਾ ਹੈ ਜਾਂ

ਕਰਮਕਾਂਡ ਭਾਵ ਵਿਅਕਤੀ ਲਾਜ਼ਮੀ ਰੂਪ ਨਾਲ ਸੰਸਥਾਗਤ ਨਿਯਮਾਂ ਪ੍ਰਤੀ ਵਚਨਬੱਧ ਰਹਿੰਦਾ ਹੈ ਭਾਵੇਂ ਉਹ ਆਪਣੇ ਉਦੇਸ਼ਾਂ ਨੂੰ ਪੂਰਾ ਨਹੀਂ ਵੀ ਕਰ ਸਕਦਾ ਉਹ ਕਰਮਕਾਂਡੀ ਨਿਯਮਾਂ ਤੇ ਜ਼ਿਆਦਾ ਜ਼ੋਰ ਦਿੰਦਾ ਹੈ। ਇਸੇ ਤਰ੍ਹਾਂ ਅਪਸਰਨ ਦੀ ਸਥਿਤੀ ਵਿਚ ਵਿਅਕਤੀ ਨਿਯਮਾਪ੍ਰਤੀ ਵੀ ਅਤੇ ਆਪਣੇ ਲਖਸ਼ਾਂ ਪ੍ਰਤੀ ਵੀ ਉਦਾਸੀਨ ਹੁੰਦਾ ਹੈ ਉਹ ਦੋਵਾਂ ਦੀ ਪ੍ਰਵਾਹ ਨਹੀਂ ਕਰਦਾ ਅਤੇ ਬਗਾਵਤ ਵਾਲੇ ਵਿਚਲਤ ਵਿਹਾਰ ਵਿਚ ਵਿਅਕਤੀ ਜਾਂ ਸਮੂਹ ਜਾਣ ਬੁੱਧ ਕੇ ਭਾਵ ਸੁਚੇਤ ਹੋ ਕੇ ਸਮਾਜ ਦੁਆਰਾ ਪ੍ਰਵਾਨਿਤ ਨਿਯਮਾਂ ਦੀ ਉਲੰਘਣਾ ਕਰਦਾ ਹੋਇਆ ਆਪਣੇ ਨਿਯਮ ਘੜ੍ਹ ਕੇ ਦੂਜੇ ਸਮੂਹ ਜਾਂ ਵਿਅਕਤੀ ਦੇ ਵਿਰੋਧ ਵਿਚ ਅੰਦੋਲਨ ਕਰਦਾ ਹੈ ਅਤੇ ਵਿਦਰੋਹੀ ਬਣ ਜਾਂਦਾ ਹੈ।

**ਆਪਣਾ ਗਿਆਨ ਪਰਖੋ** :

ਸਮਾਜਿਕ ਵਿਚਲਨ ਤੋਂ ਤੁਹਾਡਾ ਕੀ ਭਾਵ ਹੈ?

................................................................................................................................................

................................................................................................................................................

................................................................................................................................................

ਕੀ ਬਗਾਵਤ ਵੀ ਵਿਚਲਨ ਦਾ ਹੀ ਰੂਪ ਹੈ? ਜੇਕਰ ਹਾਂ ਤਾਂ ਕਿਵੇਂ?

................................................................................................................................................

................................................................................................................................................

................................................................................................................................................

ਸਮਾਜੀਕਰਣ ਅਤੇ ਸਮਾਜਿਕ ਵਿਚਲਣ ਦਾ ਕੀ ਆਪਸੀ ਸੰਬੰਧ ਹੈ?

................................................................................................................................................

................................................................................................................................................

................................................................................................................................................

ਅਨੋਮੀ ਤੋਂ ਕੀ ਭਾਵ ਹੈ?

................................................................................................................................................

................................................................................................................................................

................................................................................................................................................

## 11.5 ਵਿਚਲਨ ਦੇ ਕਾਰਕ

ਜਿਵੇਂ ਕਿ ਅਸੀਂ ਉੱਪਰ ਦੱਸ ਚੁੱਕੇ ਹਾਂ ਕਿ ਵਿਚਲਤ ਵਿਵਹਾਰ ਦਾ ਅਰਥ ਇਹ ਨਹੀਂ

ਕਿ ਕੋਈ ਵਿਅਕਤੀ ਜਾਂ ਸਮੂਹ ਸਮਾਜ ਦੁਆਰਾ ਬਣਾਏ ਸਾਰੇ ਹੀ ਵਿਅਕਤੀ ਜਾਂ ਸਮੂਹ ਸਮਾਜ ਦੁਆਰਾ ਬਣਾਏ ਸਾਰੇ ਹੀ ਨਿਯਮਾਂ ਦੀ ਉਲੰਘਣਾ ਕਰੇ। ਉਹ ਕਿਸੇ ਇਕ ਜਾਂ ਦੋ ਨਿਯਮਾਂ ਨੂੰ ਮੰਨਣੋ ਇਨਕਾਰੀ ਹੁੰਦਾ ਹੈ ਉਸੇ ਨੂੰ ਹੀ ਉਸ ਦਾ ਵਿਚਲਿਤ ਵਿਵਹਾਰ ਮੰਨ ਲਿਆ ਜਾਂਦਾ ਹੈ ਅਤੇ ਇਹ ਵਿਚਲਿਤ ਵਿਵਹਾਰ ਚਿਰ ਸਥਾਈ ਵੀ ਨਹੀਂ ਹੁੰਦਾ ਅਤੇ ਕਈ ਵਾਰ ਇਹ ਨਵੀਂ ਪੀੜ੍ਹੀ ਲਈ ਇਹ ਨਿਯਮ ਵੀ ਬਣ ਜਾਂਦੇ ਹਨ। ਇਸ ਵਿਚਲਿਤ ਵਿਵਹਾਰ ਲਈ ਕਦੇ ਵੀ ਕੋਈ ਇਕ ਕਾਰਕ ਜ਼ਿੰਮੇਵਾਰ ਨਹੀਂ ਹੁੰਦਾ। ਬਲਕਿ ਬਹੁਤ ਸਾਰੇ ਕਾਰਕ ਮਿਲਕੇ ਇਸ ਲਈ ਜ਼ਿੰਮੇਵਾਰ ਹੁੰਦੇ ਹਨ। ਇਸ ਲਈ ਕਈ ਤਰ੍ਹਾਂ ਦੇ ਮਾਨਸਿਕ, ਸਮਾਜਿਕ ਅਤੇ ਆਰਥਿਕ ਕਾਰਕ ਜ਼ਿੰਮੇਵਾਰ ਸਮਝੇ ਜਾਂਦੇ ਹਨ। ਆਉ ਇਹਨਾਂ ਵਿਚੋਂ ਕੁਝ ਕੁ ਪ੍ਰਮੁੱਖ ਕਾਰਕਾਂ ਤੇ ਰੋਸ਼ਨੀ ਪਾਈਏ।

### 11.5.1 ਪਰਿਵਾਰ

ਪਰਿਵਾਰ ਸਮਾਜੀਕਰਨ ਦੀ ਪਹਿਲੀ ਪਾਠਸ਼ਾਲਾ ਹੈ। ਜਿਸ ਵਿਚ ਬੱਚਾ ਪਰਿਵਾਰ ਦੀ ਸੰਸਕ੍ਰਿਤੀ, ਰਸਮੋ-ਰਿਵਾਜ, ਕਦਰਾਂ-ਕੀਮਤਾਂ, ਵੱਡਿਆਂ ਦਾ ਸਤਿਕਾਰ ਕਰਨਾ, ਛੋਟਿਆਂ ਨੂੰ ਪਿਆਰ ਕਰਨਾ, ਬਰਾਬਰ ਦਿਆਂ ਨਾਲ ਮਿਲਵਰਤਨ ਕਰਨਾ ਸਿੱਖਦਾ ਹੈ। ਜਿਨ੍ਹਾਂ ਘਰਾਂ ਵਿਚ ਨਿਤ ਕਲੇਸ਼ ਰਹਿੰਦਾ ਹੋਵੇ, ਜਿਨ੍ਹਾਂ ਦੇ ਘਰਾਂ ਦੇ ਵੱਡੇ ਚੋਰ, ਡਾਕੂ-ਲੁਟੇਰੇ ਜਾਂ ਝੂਠ ਬੋਲਣ ਵਾਲੇ ਹੋਣ ਉਨ੍ਹਾਂ ਦੇ ਬੱਚਿਆਂ 'ਤੇ ਕੀ ਪ੍ਰਭਾਵ ਪਵੇਗਾ। ਉਨ੍ਹਾਂ ਦੇ ਬੱਚੇ ਬਹੁਤ ਜਲਦੀ ਕੁਰਾਹੇ ਪੈ ਜਾਣਗੇ। ਉਸ ਪਰਿਵਾਰ ਵਿਚ ਬਾਲ-ਅਪਰਾਧ ਦੀਆਂ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਹਨ।

### 11.5.2 ਨੁਕਸਦਾਰ ਸਮਾਜੀਕਰਣ

ਸਮਾਜੀਕਰਣ ਦੀ ਪ੍ਰਕ੍ਰਿਆ ਨਾਲ ਹੀ ਕਿਸੇ ਵਿਅਕਤੀ ਨੂੰ ਸਮਾਜ ਦਾ ਹਿੱਸਾ ਬਣਾਇਆ ਜਾਂਦਾ ਹੈ। ਉਹ ਸਮਾਜ ਦੁਆਰਾ ਬਣਾਏ ਕਾਇਦੇ ਕਾਨੂੰਨਾਂ ਤੇ ਰਸਮੋਂ ਰਿਵਾਜਾਂ ਨੂੰ ਮੰਨ ਕੇ ਉਹਨਾਂ ਅਨੁਸਾਰ ਚਲਦਾ ਤੇ ਸਮਾਜ ਵਿਚ ਵਿਚਰਦਾ ਹੈ। ਜੇਕਰ ਸਮਾਜੀਕਰਣ ਹੀ ਨੁਕਸਦਾਰ ਹੋਵੇਗਾ ਤਾਂ ਵਿਅਕਤੀ ਦੀ ਸ਼ਖਸੀਅਤ ਵਿਚ ਅਨੇਕਾਂ ਪ੍ਰਕਾਰ ਦੀਆਂ ਕਮੀਆਂ ਦਾ ਹੋਣਾ ਲਾਜ਼ਮੀ ਹੈ। ਉਹ ਗਲਤ ਪ੍ਰਤੀਮਾਨਾਂ ਨੂੰ ਸਿੱਖ ਕੇ ਸਮਾਜ ਲਈ ਇਕ ਜ਼ਿੰਮੇਵਾਰ ਵਿਅਕਤੀ ਨਹੀਂ ਬਣ ਸਕਦਾ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਨੁਕਸਦਾਰ ਸਮਾਜੀਕਰਣ ਵੀ ਸਮਾਜਿਕ ਵਿਚਲਣ ਲਈ ਜ਼ਿੰਮੇਵਾਰ ਹੁੰਦਾ ਹੈ।

### 11.5.3 ਆਦੇਸ਼ਾ ਦੀ ਘਾਟ

ਜਦੋਂ ਸਮਾਜ ਵਿਚ ਅਨੁਸਾਰਤਾ ਲਈ ਸਾਕਾਰਾਤਮਕ ਆਦੇਸ਼ ਨਾ ਹੋਣ ਅਤੇ ਇਸੇ ਤਰ੍ਹਾਂ ਵਿਚਲਨ ਲਈ ਨਾਕਾਰਤਮਕ ਆਦੇਸ਼ਾ ਦੀ ਘਾਟ ਹੋਵੇ ਤਾਂ ਵੀ ਸਮਾਜ ਵਿਚ ਵਿਚਲਨ ਦੀ ਸਥਿਤੀ ਜਨਮ ਲੈਂਦੀ ਹੈ। ਕਿਉਂਕਿ ਲੋਕਾਂ ਨੂੰ ਪ੍ਰਤਿਮਾਨਾਂ ਦੇ ਉਲਟ ਕੰਮ ਕਰਨ ਬਦਲੇ ਸਜ਼ਾ ਬਾਰੇ ਜਾਣਕਾਰੀ ਨਹੀਂ ਹੁੰਦੀ ਜਾਂ ਸਜ਼ਾ ਮਿਲਣ ਦਾ ਡਰ ਨਹੀਂ ਹੁੰਦਾ।

ਨੁਕਸਦਾਰ ਸਮਾਜੀਕਰਣ ਵੀ ਸਮਾਜਿਕ ਵਿਚਲਨ ਲਈ ਜ਼ਿੰਮੇਵਾਰ ਹੁੰਦਾ ਹੈ। ਇਹ ਸਥਿਤੀ ਉਹ ਹੁੰਦੀ ਹੈ ਜਦੋਂ ਅਜਿਹੇ ਪ੍ਰਤਿਮਾਨਾਂ ਨੂੰ ਮੰਨਿਆ ਜਾਂਦਾ ਹੈ ਜੋ ਉਨ੍ਹਾਂ ਮੰਨਣ ਵਾਲਿਆਂ ਦੇ ਹਿੱਤ ਵਿਚ ਨਹੀਂ ਹੁੰਦੇ। ਜਿਵੇਂ ਕਿ ਨੀਵੀ ਜਮਾਤ ਦੇ ਆਦਮੀ ਭਾਵੇਂ ਅਪਰਾਧੀ ਨਹੀਂ ਹੁੰਦੇ ਪਰ ਉਹ ਪ੍ਰਤਿਮਾਨਾਂ ਪ੍ਰਤਿ ਦੋਚਿਤੀ ਵਿਚ ਹੁੰਦੇ ਹਨ ਜੋ ਉਪਰਲੀ ਜਮਾਤ ਦੇ ਹੀ ਹਿੱਤ ਪੂਰਦੇ ਹਨ। ਅਜਿਹੀਆਂ ਹਾਲਤਾਂ ਵਿਚ ਉਨ੍ਹਾਂ ਦਾ ਵਤੀਰਾ ਘਰ ਵਿਚ ਬੱਚਿਆਂ ਪ੍ਰਤਿ ਅਤੇ ਸਮਾਜ ਵਿਚ ਦੂਜਿਆਂ ਪ੍ਰਤੀ ਅਸੀਂ ਅੰਦਾਜ਼ਾ ਲਾ ਸਕਦੇ ਹਾਂ।

### 11.5.4 ਸਮਾਜਿਕ ਨਿਯਮਾਂ ਦੀ ਅਸ਼ਪਸਟਤਾ

ਜਦੋਂ ਸਮਾਜ ਵਿਚ ਸਾਡੇ ਸਮਾਜਕ ਨਿਯਮ ਜਾਂ ਪ੍ਰਤਿਮਾਨ ਲੋਕਾਂ ਵਿਚ ਠੀਕ ਢੰਗ ਨਾਲ ਸਪੱਸ਼ਟ ਰੂਪ ਵਿਚ ਨਾਂ ਰੱਖੇ ਜਾਂਣ ਤਾਂ ਵੀ ਅਸਪਸ਼ਟਤਾ ਕਾਰਨ ਲੋਕਾਂ ਵਿਚ ਸਮਾਜਿਕ ਵਿਚਲਨ ਵਿਵਹਾਰ ਦੀ ਸੰਭਾਵਨਾ ਵੱਧ ਜਾਂਦੀ ਹੈ। ਉਦਾਹਰਣ ਦੇ ਤੌਰ ਤੇ, ਲੋਕਤੰਤਰ ਵਿਚ ਆਜ਼ਾਦੀ ਅਤੇ ਦੇਸ਼ ਭਗਤੀ ਦਾ ਘੇਰਾ ਕੀ ਹੈ ? ਭਾਵ ਇਸ ਵਿਚ ਕੀ ਕੀ

ਆਉਂਦਾ ਹੈ ? ਇਸ ਅਸਪਸ਼ਟਤਾ ਕਰਕੇ ਹੀ ਲੋਕ ਆਜ਼ਾਦੀ ਦੇ ਗਲਤ ਮਤਲਬ ਕੱਢ ਲੈਂਦੇ ਹਨ ਜਿਸ ਨਾਲ ਉਹ ਦੂਜਿਆਂ ਦੀਆਂ ਆਜ਼ਾਦੀਆਂ ਨੂੰ ਲਿਤਾੜਦੇ ਫਿਰਦੇ ਹਨ।

### 11.5.5 ਸਮਾਜਿਕ ਏਜੰਸੀਆਂ ਦੀ ਕਮਜ਼ੋਰੀ

ਜਦੋਂ ਸਮਾਜ ਵਿਚ ਸਮਾਜਕ ਨਿਯੰਤਰਣ ਦੀਆਂ ਏਜੰਸੀਆਂ ਕਮਜ਼ੋਰ ਪੈ ਜਾਣ ਤਾਂ ਵੀ ਸਮਾਜਕ ਵਿਚਲਨ ਵਿਚ ਵਾਧਾ ਹੁੰਦਾ ਹੈ। ਉਦਾਹਰਣ ਲਈ, ਪਰਿਵਾਰ ਸਿਰਫ਼ ਸਮਾਜੀਕਰਨ ਦੀ ਸੰਸਥਾ ਹੀ ਨਹੀਂ, ਇਹ ਸਮਾਜਿਕ ਨਿਯੰਤਰਣ ਦੀ ਏਜੰਸੀ ਵੀ ਹੈ ਜਿਸ ਵਿਚ ਪਰਿਵਾਰ ਦਾ ਮੈਂਬਰ ਡਰਦਾ ਹੋਇਆ ਕੋਈ ਅਜਿਹਾ ਕੰਮ ਨਹੀਂ ਕਰਦਾ ਜਿਸ ਨਾਲ ਪਰਿਵਾਰ ਦੀ ਹੇਠੀ ਹੋਵੇ । ਪਰਿਵਾਰ ਵਿਚ ਛੋਟੇ ਮੈਂਬਰ ਪਰਿਵਾਰ ਦੇ ਡਰੋਂ ਵੱਡਿਆਂ ਦੀ ਇੱਜ਼ਤ ਕਰਦੇ ਹਨ ਤਾਂ ਕਿ ਪਰਿਵਾਰ ਦਾ ਨਾਮ ਉੱਚਾ ਹੋਵੇ। ਪਰ ਸ਼ਹਿਰੀਕਰਣ ਅਤੇ ਉਦਯੋਗੀਕਰਣ ਦੀ ਪ੍ਰਕ੍ਰਿਆ ਨੇ ਸੰਯੁਕਤ ਪਰਿਵਾਰ ਦੀ ਬਣਤਰ ਅਤੇ ਭਾਵਨਾ ਨੂੰ ਕਾਫੀ ਸੱਟ ਮਾਰੀ ਹੈ ਜਿਸ ਦੇ ਸਿੱਟੇ ਵਜੋਂ ਲੋਕ ਸਾਂਝੇ ਪਰਿਵਾਰ ਨੂੰ ਛੱਡ ਕੇ ਸ਼ਹਿਰਾਂ ਵਿਚ ਜਾ ਵਸੇ ਹਨ ਅਤੇ ਕਈ ਵਾਰ ਉਹ ਨਸ਼ਿਆਂ ਕਰਕੇ ਜਾਂ ਚੋਰੀ ਕਾਰਨ ਜ਼ੁਲਮ ਦੀ ਕਤਾਰ ਵਿਚ ਖੜ੍ਹੇ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਉਪਰ ਪਰਿਵਾਰ ਦਾ ਕੋਈ ਨਿਯੰਤਰਣ ਨਹੀਂ ਰਹਿੰਦਾ।

### 11.5.6 ਕੁਰਾਹੇ ਪੈਣਾ

ਕਈ ਵਾਰ ਸਮਾਜ ਵਿਚ ਕੋਈ ਵੀ ਸ਼ਰੀਫ ਆਦਮੀ ਸਮਗਲਰਾਂ ਜਾਂ ਅੱਤਵਾਦੀਆਂ ਜਾਂ ਹੋਰ ਜ਼ੁਲਮ ਕਰਨ ਵਾਲੇ ਸਮੂਹਾਂ ਦਾ ਮੈਂਬਰ ਬਣ ਜਾਂਦਾ ਹੈ ਜੋ ਉਸ ਤੋਂ ਗਲਤ ਕੰਮ ਕਰਵਾਉਣਾ ਚਾਹੁੰਦੇ ਹਨ। ਜਦੋਂ ਉਸ ਨੂੰ ਉਨ੍ਹਾਂ ਦੀ ਅਸਲੀਅਤ ਦਾ ਪਤਾ ਲੱਗਦਾ ਹੈ ਤਾਂ ਉਹ ਉਹਨਾਂ ਦਾ ਸਾਥ ਛੱਡਣਾ ਚਾਹੁੰਦਾ ਹੈ ਪਰ ਜੇ ਉਹ ਛੱਡਦਾ ਹੈ ਤਾਂ ਗੈਂਗ ਉਸਨੂੰ ਜਾਨੋ ਮਾਰਨ ਦੀ ਧਮਕੀ ਦਿੰਦੇ ਹਨ ਜਿਸ ਦੇ ਸਿੱਟੇ ਵਜੋਂ ਨਾ ਚਾਹੁੰਦਾ ਹੋਇਆ ਵੀ ਉਹ ਉਹਨਾਂ ਨਾਲ ਜੁੜਿਆ ਰਹਿੰਦਾ ਹੈ ਅਤੇ ਕੰਮ ਕਰਦਾ ਹੈ।

### 11.5.7 ਚਲਚਿੱਤਰ ਜਾਂ ਫਿਲਮਾਂ

ਡਾ. ਸਵਿੰਦਰਜੀਤ ਕੌਰ ਨੇ ਆਪਣੀ ਪੁਸਤਕ ''ਸਮਾਜ ਵਿਗਿਆਨ ਦੇ ਮੂਲ ਸੰਕਲਪ'' ਵਿਚ ਬਲੂਮਰ ਅਤੇ ਹੋਜ਼ਰ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ ਕਿ ਚਲਚਿੱਤਰ ਨੇ ਵਿਵਹਾਰਾਂ ਨੂੰ ਕਈ ਤਰੀਕਿਆਂ ਰਾਹੀਂ ਪ੍ਰਭਾਵਿਤ ਕੀਤਾ ਹੈ। ਅਪਰਾਧਾਂ ਦੀਆਂ ਵਿਧੀਆਂ ਅਤੇ ਕਿਸਮਾਂ ਨੂੰ ਵਿਖਾਕੇ ਐਸ਼ੋ-ਆਰਾਮ ਅਤੇ ਧੰਨ ਦੀ ਪ੍ਰਾਪਤੀ ਦੀ ਇੱਛਾ ਨੂੰ ਵਧਾ ਕੇ ਉਨ੍ਹਾਂ ਦੀ ਪ੍ਰਾਪਤੀ ਦੇ ਸਾਧਨਾਂ ਅਤੇ ਵਿਧੀਆਂ ਨੂੰ ਦਰਸਾ ਕੇ ਬਹਾਦਰੀ, ਸਖ਼ਤੀ ਅਤੇ ਸਹਾਸਪੂਰਣ ਕਾਰਜਾਂ ਦੀ ਭਾਵਨਾ ਨੂੰ ਜਗਾ ਕੇ, ਗਹਿਰੀ ਯੌਨ ਇੱਛਾ ਨੂੰ ਭੜਕਾ ਕੇ, ਚਲਚਿੱਤਰ ਜਾਂ ਫਿਲਮਾਂ ਵਿਚਲਨ ਨੂੰ ਪ੍ਰੋਤਸਾਹਿਤ ਕਰਦੇ ਹਨ।

### 11.5.8 ਅਨੋਮੀ

ਕਈ ਵਾਰ ਸਮਾਜ ਵਿਚ ਸਾਰੇ ਲੋਕ ਇਕੋ ਜਿਹੀਆਂ ਪਦਾਰਥਕ ਸਹੂਲਤਾਂ ਦੀ ਇੱਛਾ ਕਰਦੇ ਹਨ ਜਦੋਂ ਕਿ ਉਹ ਸਹੂਲਤਾਂ ਕੁਝ ਲੋਕਾਂ ਨੂੰ ਹੀ ਹਾਸਿਲ ਹੁੰਦੀਆਂ ਹਨ ਕਿਉਂਕਿ ਸਾਧਨ ਘੱਟ ਹੁੰਦੇ ਹਨ, ਮੰਗ ਜ਼ਿਆਦਾ ਹੁੰਦੀ ਹੈ। ਜਿਸ ਦੇ ਸਿੱਟੇ ਵਜੋਂ ''ਅਨੋਮੀ'' ਦੀ ਹਾਲਤ ਪੈਦਾ ਹੋ ਜਾਂਦੀ ਹੈ। **ਅਨੋਮੀ ਤੋਂ ਭਾਵ ਹੈ ਜਦੋਂ ਸਮਾਜ ਵਿਚ ਸਮਾਜਕ ਕਾਇਦੇ-ਕਾਨੂੰਨਾਂ ਦੀ ਪਕੜ ਢਿੱਲੀ ਪੈ ਜਾਂਦੀ ਹੈ। ਲੋਕਾਂ ਨੂੰ ਸਹੀ-ਗਲਤ ਦੀ ਪਹਿਚਾਣ ਨਹੀਂ ਰਹਿੰਦੀ ਅਤੇ ਉਹ ਲੋਕ ਸਮਾਜਕ ਨਿਯਮਾਂ ਨਾਲ ਮਿਲ ਕੇ ਨਹੀਂ ਚਲਦੇ ਜਿਸ ਨਾਲ ਸਮਾਜ ਅੰਦਰ ਖਲਾਅ ਪੈਦਾ ਹੋ ਜਾਂਦਾ ਹੈ ਜਿਸਨੂੰ ਅਨੋਮੀ ਆਖਦੇ ਹਨ।**

### 11.5.9 ਮਾਨਸਿਕ ਰੋਗੀ

ਮਾਨਸਿਕ ਰੋਗ ਵੀ ਸਮਾਜਿਕ ਵਿਚਲਨ ਵਿਚ ਵਾਧਾ ਕਰਦੇ ਹਨ। ਜਿਵੇਂ ਹੰਕਾਰੀ ਜਾਂ ਅਭਿਮਾਨੀ ਵਿਅਕਤੀ ਆਪਣੇ ਅਸੂਲਾਂ ਤੋਂ ਥਿੜਕ ਜਾਂਦਾ ਹੈ ਇਸੇ ਤਰ੍ਹਾਂ ਮਾਨਸਿਕ ਰੋਗੀ ਵਿਚ ਕਈ ਤਰ੍ਹਾਂ ਦੀਆਂ ਹੀਣਤਾਵਾਂ ਆ ਜਾਂਦੀਆਂ ਹਨ ਜਿਨ੍ਹਾਂ ਦੀ ਵਜ੍ਹਾ ਕਰਕੇ ਉਹ ਆਮ ਆਦਮੀ ਵਾਂਗ ਵਿਵਹਾਰ ਨਹੀਂ ਕਰਦਾ ਜਿਸ ਕਰਕੇ ਉਸ ਦੇ ਵਿਚਾਰ ਵਿਚ ਵਿਚਲਨ ਆ ਜਾਂਦਾ ਹੈ। ਇਨ੍ਹਾਂ ਮਾਨਸਿਕ ਰੋਗਾਂ ਦੇ ਜੁਰਮ ਸਾਡੇ ਵੰਸ਼ ਵਿਚ, ਵਾਤਾਵਰਣ ਵਿਚ, ਸਮਾਜਕ ਦਬਾਉ ਵਿਚ ਜਾਂ ਸੰਸਕ੍ਰਿਤਕ ਦਬਾਉ ਵਿਚ ਜਾਂ ਸੰਸਕ੍ਰਿਤੀ ਆਦਿ ਵਿਚ ਵੇਖੇ ਜਾ ਸਕਦੇ ਹਨ ਜਿਨ੍ਹਾਂ ਦਾ ਸਾਰੇ ਕਾਰਣਾਂ ਨੂੰ ਵੇਖਦੇ ਹੋਏ ਇਲਾਜ ਕੀਤਾ ਜਾ ਸਕਦਾ ਹੈ।

### 11.5.10 ਅਪਰਾਧੀ ਨਾਲ ਸਹਿਯੋਗ

ਅਪਰਾਧੀ ਨਾਲ ਸਹਿਯੋਗ ਜਾਂ ਹਮਦਰਦੀ ਵੀ ਸਮਾਜ ਵਿਚ ਸਮਾਜਿਕ ਵਿਚਲਨ ਦੀ ਹਾਲਤ ਨੂੰ ਹੋਰ ਉਜਾਗਰ ਕਰਦੀ ਹੈ। ਜਦੋਂ ਕਿਸੇ ਖਾਸ ਜਾਤ ਜਾਂ ਧਰਮ ਦੇ ਕੁਝ ਆਦਮੀ ਰਾਹ ਤੋਂ ਥਿੜਕ ਜਾਂਦੇ ਹਨ ਭਾਵ ਬਾਗੀ ਹੋ ਜਾਂਦੇ ਹਨ ਤਾਂ ਉਸ ਜਾਤ ਜਾਂ ਧਰਮ ਦੇ ਬਾਕੀ ਲੋਕ ਧਰਮ ਜਾਂ ਜਾਤ ਦੀ ਭਾਵਨਾ ਕਰਕੇ ਜੋ ਉਸ ਬਾਗੀ ਨਾਲ ਹਮਦਰਦੀ ਰੱਖਦੇ ਹਨ ਜਾਂ ਉਸ ਨਾਲ ਸਹਿਯੋਗ ਕਰਦੇ ਹਨ ਤਾਂ ਵੀ ਵਿਚਲਨ ਪ੍ਰਕ੍ਰਿਆ ਵਿਚ ਵਾਧਾ ਹੁੰਦਾ ਹੈ।

### 11.5.11 ਪੁਲਿਸ ਦੀ ਧੱਕੇਸ਼ਾਹੀ

ਇਹ ਵੀ ਨੋਟ ਕੀਤਾ ਗਿਆ ਹੈ ਕਿ ਪੁਲਿਸ ਦੀ ਧੱਕੇਸ਼ਾਹੀ ਜਾਂ ਸਮਾਜ ਵਿਚ ਤਕੜੇ ਲੋਕਾਂ ਦੀ ਧੱਕੇਸ਼ਾਹੀ ਵੀ ਪ੍ਰਚੱਲਿਤ ਨਿਯਮਾਂ ਅਤੇ ਕਾਨੂੰਨਾਂ ਪ੍ਰਤਿ ਲੋਕਾਂ ਦੀ ਹਮਦਰਦੀ ਜਾਂ ਭਾਵਨਾ ਨੂੰ ਠੇਸ ਪਹੁੰਚਾਉਂਦੀ ਹੈ। ਜਿਵੇਂ ਪੰਜਾਬ ਵਿਚ ਪੁਲਿਸ ਵਲੋਂ ਨਿਰਦੋਸ਼ ਲੋਕਾਂ ਨਾਲ ਕੀਤੀ ਧੱਕੇਸ਼ਾਹੀ ਨੇ ਵੀ ਅੱਤਵਾਦ ਨੂੰ ਵਧਾਉਣ ਵਿਚ ਆਪਣੀ ਭੂਮਿਕਾ ਨਿਭਾਈ। ਜਦੋਂ ਪੁਲਿਸ ਕਿਸੇ ਬੇਗੁਨਾਹ ਵਿਅਕਤੀ ਨੂੰ ਤੰਗ ਕਰਦੀ ਹੈ ਤਾਂ ਉਹ ਅੱਕ ਕੇ ਅੱਤਵਾਦੀ ਬਣ ਜਾਂਦਾ ਹੈ ਭਾਵ ਘਰੋਂ ਭਗੋੜਾ ਹੋ ਜਾਂਦਾ ਹੈ ਜੋ ਫਿਰ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਉਂਦਾ ਹੈ। ਇਸੇ ਤਰ੍ਹਾਂ ਅਮੀਰ ਤਬਕੇ ਵਲੋਂ ਗਰੀਬਾਂ ਵਿਰੁੱਧ ਕੀਤੀ ਧੱਕੇਸ਼ਾਹੀ ਜਾਂ ਸ਼ੋਸ਼ਣ ਵੀ ਉਨ੍ਹਾਂ ਨੂੰ ਅਮੀਰਾਂ ਵਿਰੁੱਧ ਬਗਾਵਤ ਕਰਨ ਲਈ ਪ੍ਰੇਰਿਤ ਕਰਦਾ ਹੈ। ਇਕ ਅਜਿਹੀ ਹੀ ਉਦਾਹਰਣ ਅਮਰੀਕਾ ਵਿਚ ਨੀਗਰੋ ਵਸੋਂ ਵਾਲੇ ਖੇਤਰਾਂ ਵਿਚ ਆਈ ਹੈ ਜਿਥੇ ਕੋਈ ਵੀ ਨੀਗਰੋ ਪੁਲਿਸ ਦਾ ਕਰਿੰਦਾ ਨਹੀਂ। ਅਮਰੀਕਨ ਪੁਲਸੀਏ ਨੀਗਰੋ ਵਲੋਂ ਨੀਗਰੋ ਦੇ ਖਿਲਾਫ ਜ਼ੁਲਮ ਨੂੰ ਨਹੀਂ ਰੋਕਦਾ। ਜਿਸ ਕਾਰਨ ਉਨ੍ਹਾਂ ਇਲਾਕਿਆਂ ਵਿਚ ਜ਼ੁਲਮ ਦੀ ਦਰ ਵੱਧ ਹੈ।

### 11.5.12 ਕਾਨੂੰਨ ਦੀ ਢਿੱਲ

ਜਦੋਂ ਸਮਾਜ ਵਿਚ ਸਾਰੇ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਨਹੀਂ ਕੀਤਾ ਜਾਂਦਾ ਤਾਂ ਸਮਾਜ ਵਿਚ ਵਿਚਲਨ ਦੀ ਸਥਿਤੀ ਦੀ ਵਧੇਰੇ ਸੰਭਾਵਨਾ ਬਣੀ ਰਹਿੰਦੀ ਹੈ। ਕਿਉਂਕਿ ਵੱਡੇ ਲੋਕਾਂ ਨੂੰ ਪਤਾ ਹੁੰਦਾ ਹੇ ਕਿ ਉਹ ਕੋਈ ਵੀ ਅਪਰਾਧ ਜਾਂ ਗਲਤ ਕੰਮ ਕਰ ਲੈਣ ਉਹ ਕਾਨੂੰਨ ਦੇ ਸ਼ਿਕੰਜੇ ਵਿਚੋਂ ਆਸਾਨੀ ਨਾਲ ਨਿਕਲ ਜਾਣਗੇ ਕਿਉਂਕਿ ਉਹ ਕਾਨੂੰਨ ਦੀਆਂ ਚੋਰ-ਮੋਰੀਆਂ ਤੋਂ ਭਲੀ ਭਾਂਤ ਵਾਕਫ਼ ਹੁੰਦੇ ਹਨ। ਉਹ ਕਾਨੂੰਨ ਦੇ ਰਖਵਾਲਿਆਂ ਨੂੰ ਦੇ ਲੈ ਕੇ ਨਿਕਲ ਜਾਂਦੇ ਹਨ ਜਦੋਂ ਕਿ ਉਨ੍ਹਾਂ ਦੇ ਅਪਰਾਧ ਲਈ ਸਜ਼ਾ ਹੋਰ ਭੁਗਤਦੇ ਹਨ।

### 11.6 ਸਾਰ

ਉਪਰੋਕਤ ਵਰਨਣ ਤੋਂ ਸਪਸ਼ਟ ਹੈ ਕਿ ਸਮਾਜਿਕ ਵਿਚਲਨ ਉਹ ਹੈ ਜਦੋਂ ਸਮਾਜ ਵਿਚ ਵਿਅਕਤੀ ਸਮਾਜ ਦੁਆਰਾ ਸਵੀਕਾਰੇ ਆਦਰਸ਼, ਨਿਯਮਾਂ ਤੋਂ ਪਾਸੇ ਚਲੇ ਜਾਂਦੇ ਹਨ ਜਾਂ ਜਦੋਂ ਉਹ ਔਸਤ ਤੋਂ ਜ਼ਿਆਦਾ ਦੂਰ ਹੁੰਦਾ ਚਲਾ ਜਾਂਦਾ ਹੈ। ਇਸ ਵਿਚਲਨ ਲਈ ਬਹੁਤ ਸਾਰੇ ਕਾਰਕ ਜ਼ਿੰਮੇਵਾਰ ਹਨ ਜਿਨ੍ਹਾਂ ਵਿਚ ਸਮਾਜਿਕ ਤੇ ਗੈਰ-ਸਮਾਜੀ ਕਾਰਕ ਵੀ ਹਨ ਜਿਨ੍ਹਾਂ ਦਾ ਵਿਸਥਾਰ ਵਿਚ ਵਰਨਣ ਉਪਰ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਾਰਕਾਂ ਬਾਰੇ ਗੰਭੀਰ ਵਿਚਾਰ ਕਰਨ ਉਪਰੰਤ ਹੀ ਅਸੀਂ ਵਿਚਲਨ ਦੀ ਸਥਿਤੀ ਨੂੰ ਸਮਝ ਸਕਦੇ ਹਾਂ ਅਤੇ ਇਸ ਦਾ ਕੋਈ ਉਪਾਅ ਕਰ ਸਕਦੇ ਹਾਂ।

## 11.7 ਮੁੱਖ ਸ਼ਬਦ

**ਸਮਾਜਿਕ ਵਿਚਲਨ** : ਸਮਾਜ ਦੁਆਰਾ ਨਿਰਧਾਰਿਤ ਨਿਸ਼ਚਿਤ ਤਰੀਕੇ ਤੇ ਨਿਯਮ ਅਨੁਸਾਰ ਜੇਕਰ ਕੋਈ ਵਿਅਕਤੀ ਵਿਵਹਾਰ ਨਹੀਂ ਕਰਦਾ ਤਾਂ ਉਹ ਸਮਾਜਿਕ ਵਿਚਲਨ ਦੀ ਸਥਿਤੀ ਹੁੰਦੀ ਹੈ।

**ਸਮਾਜੀਕਰਨ** : ਕਿਸੇ ਵਿਅਕਤੀ ਨੂੰ ਸਮਾਜਕ੍ਰਿਤ ਕਰਨ ਦੀ ਪ੍ਰਕ੍ਰਿਆ ਭਾਵ ਸਮਾਜ ਦਾ ਹਿੱਸਾ ਬਣਾਉਣ ਦੀ ਪ੍ਰਕ੍ਰਿਆ।

**ਪ੍ਰਤਿਮਾਨ** : ਇਕ ਪਰਿਸਤਾਵਿਤ ਦਾਇਰੇ ਅੰਦਰ ਵਿਵਹਾਰ ਕਰਨ ਲਈ ਸਮਾਜ ਵਲੋਂ ਬਣਾਏ ਨਿਯਮ।

**ਸਮਾਜਿਕ ਨਿਯੰਤਰਣ** : ਵਿਅਕਤੀਆਂ ਉਪਰ ਸਮਾਜ ਦਾ ਕੰਟਰੋਲ ਭਾਵ ਉਸਦੇ ਬਣਦੇ ਨਿਯਮਾਂ ਅਨੁਸਾਰ ਚਲਣਾ।

**ਅਨੋਮੀ** : ਜਦੋਂ ਸਮਾਜ ਵਿਚ ਸਮਾਜਿਕ ਕਦਰਾਂ-ਕੀਮਤਾਂ ਦੀ ਪਕੜ ਢਿੱਲੀ ਪੈ ਜਾਂਦੀ ਹੈ ਤੇ ਲੋਕ ਸਹੀ ਹਾਲਤ 'ਚ ਫ਼ਰਕ ਨਹੀਂ ਕਰ ਪਾਉਂਦੇ ਤਾਂ ਜੋ ਖਲਾਅ ਪੈਦਾ ਹੁੰਦਾ ਹੈ ਉਸਨੂੰ ਅਨੋਮੀ ਕਿਹਾ ਜਾਂਦਾ ਹੈ।

## 11.8 ਅਭਿਆਸ ਲਈ ਪ੍ਰਸ਼ਨ

1. ਸਮਾਜਿਕ ਵਿਚਲਨ ਕਿਸਨੂੰ ਆਖਦੇ ਹਨ ? ਵਿਚਲਿਤ ਵਿਵਹਾਰ ਦਾ ਅਰਥ ਸਪਸ਼ਟ ਕਰੋ।
2. ਵਿਚਲਿਤ ਵਿਵਹਾਰ ਕੇਵਲ ਵਿਘਟਨਕਾਰੀ ਹੈ ਜਾਂ ਸਮਾਜਿਕ ਵਿਕਾਸ ਲਈ ਸਹਾਇਕ, ਇਨ੍ਹਾਂ ਦੋਵਾਂ ਦ੍ਰਿਸ਼ਟੀਕੋਣਾਂ ਦਾ ਵਰਣਨ ਕਰੋ।
3. ਸਮਾਜਿਕ ਵਿਚਲਨ ਤੋਂ ਕੀ ਭਾਵ ਹੈ ? ਇਸ ਲਈ ਜ਼ਿੰਮੇਵਾਰ ਕਾਰਕਾਂ ਤੇ ਰੋਸ਼ਨੀ ਪਾਉ।

**ਸੰਖੇਪ ਸਵਾਲ**

(ੳ) ਆਪਣੇ ਸ਼ਬਦਾਂ ਵਿਚ ਸਮਾਜਿਕ ਵਿਚਲਨ ਨੂੰ ਬਿਆਨ ਕਰੋ।
(ਅ) ਸਮਾਜਿਕ ਵਿਚਲਨ ਦੀਆਂ ਕੀ ਵਿਸ਼ੇਸ਼ਤਾਈਆਂ ਹਨ ?
(ੲ) ਸਮਾਜਿਕ ਵਿਚਲਨ ਦੇ ਚਾਰ ਕਾਰਕ ਲਿਖੋ।

## 11.9 ਪੁਸਤਕ ਸੂਚੀ


Younge. K. : An Introduction of Sociology.
Ogburn and Nimkoff : A Hand Book of Sociology.
Lapier : Theory of Social Control.
Gillian and Gillian : Cultural Sociology.
http://en.wikipedia.org. : Wikipedia, the free encyclopedia.